Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
916-320-9444

Vol. 19, Issue- 898, 19 to 25 Mar., 2026, Ph: 916-320-9444, E-mail: punjabmailusa@yahoo.com, Web: punjabmailusa.com

## 2 ਲੱਖ ਟਰੱਕ ਡਰਾਈਵਰ ਗੁਆਉਣਗੇ ਆਪਣਾ ਕਮਰਸ਼ੀਅਲ ਲਾਇਸੈਂਸ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ 'ਚ ਟਰੱਕਿੰਗ ਉਦਯੋਗ ਨਾਲ ਜੁੜੀ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਰਿਪੋਰਟਾਂ ਅਨੁਸਾਰ, ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਕੀਤੇ ਜਾ ਰਹੇ ਨਵੇਂ ਨਿਯਮਾਂ ਦੇ ਤਹਿਤ ਕਈ ਪ੍ਰਵਾਸੀ ਟਰੱਕ ਚਾਲਕਾਂ ਦੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ (CDL) ਪ੍ਰਭਾਵਿਤ ਹੋ ਸਕਦੇ ਹਨ। ਇਹ ਨਿਯਮ ਸੋਮਵਾਰ ਤੋਂ ਲਾਗੂ ਹੋਣ ਦੀ ਗੱਲ ਕਹੀ ਜਾ ਰਹੀ ਹੈ ਅਤੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਲਗਭਗ ਦੋ ਲੱਖ ਪ੍ਰਵਾਸੀ ਟਰੱਕ ਡਰਾਈਵਰਾਂ ਦੇ ਲਾਇਸੈਂਸ ਦੀ ਮਿਆਦ ਖਤਮ ਹੋਣ ਜਾਂ ਨਵੀਆਂ ਪਾਬੰਦੀਆਂ ਕਾਰਨ ਉਨ੍ਹਾਂ ਦੀ ਨਵੀਨੀਕਰਨ ਪ੍ਰਕਿਰਿਆ ਮੁਸ਼ਕਿਲ ਹੋ ਸਕਦੀ ਹੈ।



**■ ਨਵੀਆਂ ਪਾਬੰਦੀਆਂ ਕਾਰਨ ਨਵੀਨੀਕਰਨ ਪ੍ਰਕਿਰਿਆ ਹੋ ਸਕਦੀ ਹੈ ਮੁਸ਼ਕਿਲ**

ਜਾਣਕਾਰੀ ਮੁਤਾਬਕ, ਨਵੇਂ ਨਿਯਮਾਂ ਦੇ ਅਧੀਨ ਉਹ ਪ੍ਰਵਾਸੀ ਜੋ ਸ਼ਰਨ ਮੰਗਣ ਵਾਲੇ (Asylum Seekers), ਸ਼ਰਨਾਰਥੀ (ਰਫਿਊਜ਼ੀ) ਜਾਂ DACA (Deferred Action for Childhood Arrivals) ਦੇ ਤਹਿਤ ਅਮਰੀਕਾ ਵਿਚ ਰਹਿ ਰਹੇ ਹਨ, ਉਨ੍ਹਾਂ ਲਈ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨਾ ਜਾਂ ਨਵੀਨੀਕਰਨ ਕਰਵਾਉਣਾ ਹੋਰ ਕੜੀਆਂ ਸ਼ਰਤਾਂ ਦੇ ਅਧੀਨ ਕੀਤਾ ਜਾ ਸਕਦਾ ਹੈ।

ਇਹ ਫੈਸਲਾ ਉਸ ਸਮੇਂ ਆਇਆ ਹੈ, ਜਦੋਂ ਪਿਛਲੇ ਕੁਝ ਸਮੇਂ ਦੌਰਾਨ ਕੁਝ ਹਾਈ-ਪ੍ਰੋਫਾਈਲ ਟਰੱਕ ਹਾਦਸਿਆਂ ਤੋਂ ਬਾਅਦ ਟਰੱਕਿੰਗ ਉਦਯੋਗ ਵਿਚ ਸੁਰੱਖਿਆ ਮਾਪਦੰਡਾਂ ਨੂੰ ਹੋਰ ਸਖ਼ਤ ਕਰਨ ਦੀ ਮੰਗ ਵੱਧ ਰਹੀ ਸੀ। ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਡਰਾਈਵਿੰਗ ਮਿਆਰਾਂ ਨੂੰ ਮਜ਼ਬੂਤ ਕਰਨ ਲਈ ਲਿਆ ਗਿਆ ਹੈ।

ਦੂਜੇ ਪਾਸੇ, ਟਰੱਕਿੰਗ ਉਦਯੋਗ ਨਾਲ ਜੁੜੀਆਂ ਕਈ ਸੰਸਥਾਵਾਂ ਨੇ ਇਸ ਨੀਤੀ 'ਤੇ ਚਿੰਤਾ ਜਤਾਈ ਹੈ।

■ ਬਾਕੀ ਖਬਰ ਸਫਾ 16 'ਤੇ

## ਟਰੰਪ ਪ੍ਰਸ਼ਾਸਨ ਆਪਣੀ ਇਮੀਗ੍ਰੇਸ਼ਨ ਨੀਤੀ 'ਚ ਕੋਈ ਵੱਡਾ ਬਦਲਾਅ ਲਿਆਏਗਾ?

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀ ਨੂੰ ਲੈ ਕੇ ਇੱਕ ਵਾਰ ਫਿਰ ਵੱਡੀ ਚਰਚਾ ਛਿੜ ਗਈ ਹੈ। ਰਾਸ਼ਟਰਪਤੀ ਡੋਨਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਚੱਲ ਰਹੇ ਸਮੂਹਿਕ ਦੇਸ਼ ਨਿਕਾਲੇ ਦੇ ਅਜੰਡੇ 'ਤੇ ਹੁਣ ਰਾਜਨੀਤਿਕ ਅਤੇ ਪ੍ਰਸ਼ਾਸਕੀ ਪੱਧਰ 'ਤੇ ਨਵੀਂ ਗੱਲਬਾਤ ਸਾਹਮਣੇ ਆ ਰਹੀ ਹੈ।

ਜਾਣਕਾਰੀ ਮੁਤਾਬਕ, ਹੋਮਲੈਂਡ ਸਕਿਊਰਿਟੀ ਵਿਭਾਗ (ਡੀ.ਐੱਚ.ਐੱਸ.) ਦੀ ਲੀਡਰਸ਼ਿਪ ਵਿਚ ਸੰਭਾਵਿਤ ਬਦਲਾਅ ਦੇ ਮੱਦੇਨਜ਼ਰ ਵ੍ਹਾਈਟ ਹਾਊਸ ਅਤੇ ਰਿਪਬਲਿਕਨ ਪਾਰਟੀ ਦੇ ਅੰਦਰ ਇਹ ਵਿਚਾਰ ਕੀਤਾ ਜਾ ਰਿਹਾ ਹੈ ਕਿ ਇਮੀਗ੍ਰੇਸ਼ਨ ਲਾਗੂ ਕਰਨ ਦੀ ਨੀਤੀ ਨੂੰ ਕਿਵੇਂ ਮੁੜ ਸੰਤੁਲਿਤ ਕੀਤਾ ਜਾਵੇ।

ਹਾਲ ਹੀ ਵਿਚ ਫਲੋਰਿਡਾ ਵਿਚ ਰਿਪਬਲਿਕਨ ਪਾਰਟੀ ਦੇ ਸੀਨੀਅਰ ਨੇਤਾਵਾਂ ਦੀ ਇੱਕ ਮੀਟਿੰਗ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਮੀਗ੍ਰੇਸ਼ਨ ਕਾਰਵਾਈ ਦਾ ਮੁੱਖ ਧਿਆਨ ਗੰਭੀਰ ਅਪਰਾਧਿਕ ਪਿਛੋਕੜ ਵਾਲੇ ਲੋਕਾਂ 'ਤੇ ਕੇਂਦਰਿਤ ਕੀਤਾ ਜਾਣਾ ਚਾਹੀਦਾ ਹੈ। ਹਾਊਸ ਸਪੀਕਰ ਮਾਈਕ ਜੋਨਸਨ ਨੇ ਵੀ ਸੰਕੇਤ ਦਿੱਤਾ ਕਿ ਬਹੁਤ ਜ਼ਿਆਦਾ ਸਖ਼ਤ ਕਾਰਵਾਈਆਂ ਨੇ ਪਾਰਟੀ ਲਈ ਰਾਜਨੀਤਿਕ ਚੁਣੌਤੀਆਂ ਪੈਦਾ ਕੀਤੀਆਂ ਹਨ, ਖਾਸ ਕਰਕੇ ਜਦੋਂ ਅਮਰੀਕਾ ਵਿਚ ਨਵੰਬਰ ਮਹੀਨੇ 'ਚ ਮਿਡਟਰਮ ਚੋਣਾਂ ਦੀ ਤਿਆਰੀ ਹੋ ਰਹੀ ਹੈ। ਪਰ ਇਸਦੇ ਬਾਵਜੂਦ, ਇਮੀਗ੍ਰੇਸ਼ਨ ਐਨਫੋਰਸਮੈਂਟ ਦੀ ਕਾਰਵਾਈ ਰੁਕੀ ਨਹੀਂ ਹੈ। ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (935) ਵੱਲੋਂ ਵੱਡੀ ਗਿਣਤੀ ਵਿਚ ਅਧਿਕਾਰੀ ਭਰਤੀ ਕਰਨ, ਨਵੇਂ ਨਜ਼ਰਬੰਦੀ ਕੇਂਦਰ ਬਣਾਉਣ ਅਤੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਅਰਬਾਂ ਡਾਲਰ ਖਰਚ ਕਰਨ ਦੀ ਯੋਜਨਾ 'ਤੇ ਕੰਮ ਜਾਰੀ ਹੈ।

ਉਧਰ ਨਾਗਰਿਕ ਅਧਿਕਾਰ ਸੰਸਥਾਵਾਂ ਅਤੇ ਡੈਮੋਕ੍ਰੇਟ ਨੇਤਾਵਾਂ ਵੱਲੋਂ ਵੀ ਇਸ ਨੀਤੀ ਦੀ ਆਲੋਚਨਾ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਮੂਹਿਕ ਨਜ਼ਰਬੰਦੀ ਅਤੇ ਦੇਸ਼ ਨਿਕਾਲੇ ਦੀਆਂ ਕਾਰਵਾਈਆਂ ਨਾਲ ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਅਤੇ ਮਨੁੱਖੀ ਅਧਿਕਾਰਾਂ 'ਤੇ ਸਵਾਲ ਖੜ੍ਹੇ ਹੋ ਰਹੇ ਹਨ।

■ ਬਾਕੀ ਖਬਰ ਸਫਾ 16 'ਤੇ

## ਮੇਰੇ 'ਤੇ ਆਪਣੇ ਵਿਭਾਗ ਵੱਲੋਂ ਹੀ ਹੁੰਦੀ ਰਹੀ ਜਾਸੂਸੀ : ਕ੍ਰਿਸਟੀ ਨੋਏਮ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ ਦੀ ਸਾਬਕਾ ਹੋਮਲੈਂਡ ਸਿਕਿਉਰਿਟੀ (ਡੀ.ਐੱਚ.ਐੱਸ.) ਸੈਕਟਰੀ ਕ੍ਰਿਸਟੀ ਨੋਏਮ ਨੇ ਆਪਣੇ ਹੀ ਵਿਭਾਗ ਦੇ ਸਟਾਫ 'ਤੇ ਗੰਭੀਰ ਇਲਜ਼ਾਮ ਲਗਾ ਕੇ ਸਿਆਸੀ ਹਲਕਿਆਂ ਵਿਚ ਹਲਚਲ ਮਚਾ ਦਿੱਤੀ ਹੈ। ਨੋਏਮ ਨੇ ਦਾਅਵਾ ਕੀਤਾ ਹੈ ਕਿ ਜਦੋਂ ਉਹ ਅਹੁਦੇ 'ਤੇ ਸਨ, ਤਾਂ ਉਨ੍ਹਾਂ ਦੇ ਆਪਣੇ ਕਰਮਚਾਰੀਆਂ ਵੱਲੋਂ ਉਨ੍ਹਾਂ ਦੀ ਨਿਗਰਾਨੀ ਕਰਨ ਅਤੇ ਉਨ੍ਹਾਂ ਦੇ ਕੰਮ ਵਿਚ ਰੁਕਾਵਟ ਪਾਉਣ ਲਈ ਇੱਕ ਗੁਪਤ ਮੁਹਿੰਮ ਚਲਾਈ ਗਈ ਸੀ। ਕ੍ਰਿਸਟੀ ਨੋਏਮ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਸਟਾਫ ਨੇ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਖਾਸ ਤੌਰ 'ਤੇ ਜਾਸੂਸੀ ਸਾਫਟਵੇਅਰ ਡਾਊਨਲੋਡ ਕੀਤੇ ਸਨ। ਉਨ੍ਹਾਂ ਮੁਤਾਬਕ ਇਹ ਸਿਰਫ ਜਾਸੂਸੀ ਨਹੀਂ ਸੀ, ਸਗੋਂ ਉਨ੍ਹਾਂ ਦੇ ਫੈਸਲਿਆਂ ਅਤੇ ਪ੍ਰਸ਼ਾਸਨਿਕ ਕੰਮਾਂ ਨੂੰ ਅੰਦਰੂਨੀ ਤੌਰ 'ਤੇ ਫੇਲ੍ਹ ਕਰਨ ਦੀ ਇੱਕ ਵੱਡੀ ਸਾਜ਼ਿਸ਼ ਸੀ।



ਨੋਏਮ ਨੇ ਦੱਸਿਆ ਕਿ ਇਹ ਨਿਗਰਾਨੀ ਇੰਨੀ ਗੁਪਤ ਤਰੀਕੇ ਨਾਲ ਕੀਤੀ ਜਾ ਰਹੀ ਸੀ ਕਿ ਉਨ੍ਹਾਂ ਨੂੰ ਕਾਫੀ ਸਮੇਂ ਬਾਅਦ ਇਸ ਬਾਰੇ ਪਤਾ ਲੱਗਿਆ।

ਆਪਣੇ ਬਿਆਨ ਵਿਚ ਨੋਏਮ ਨੇ ਕਿਹਾ, "ਮੇਰੇ ਆਪਣੇ ਸਟਾਫ ਨੇ ਮੇਰੇ ਵਿਰੁੱਧ ਕੰਮ ਕੀਤਾ। ਉਨ੍ਹਾਂ ਨੇ ਅਜਿਹੇ ਸਿਸਟਮ ਤਿਆਰ ਕੀਤੇ, ਜਿਸ ਨਾਲ ਮੇਰੀ ਹਰ ਹਰਕਤ 'ਤੇ ਨਜ਼ਰ ਰੱਖੀ ਜਾ ਸਕੇ। ਇਹ ਪ੍ਰਸ਼ਾਸਨ ਦੇ ਅੰਦਰ ਰਹਿ ਕੇ ਕੀਤੀ ਗਈ ਇੱਕ ਗੈਰ-ਕਾਨੂੰਨੀ ਜਾਸੂਸੀ ਮੁਹਿੰਮ ਸੀ।"

■ ਬਾਕੀ ਖਬਰ ਸਫਾ 16 'ਤੇ

## ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਆਪਣੇ ਦੇਸ਼ ਦੀ ਬਜਾਏ 'ਤੀਜੇ ਸੁਰੱਖਿਅਤ ਦੇਸ਼' ਕੀਤਾ ਜਾ ਸਕਦੈ ਡਿਪੋਰਟ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ ਦੀ ਇੱਕ ਫੈਡਰਲ ਅਪੀਲ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਦੇ ਹੱਕ ਵਿਚ ਇੱਕ ਅਹਿਮ ਫੈਸਲਾ ਸੁਣਾਇਆ ਹੈ। ਅਦਾਲਤ ਨੇ ਸਰਕਾਰ ਨੂੰ ਇਹ ਇਜਾਜ਼ਤ ਦੇ ਦਿੱਤੀ ਹੈ ਕਿ ਉਹ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਆਪਣੇ ਦੇਸ਼ ਦੀ ਬਜਾਏ ਕਿਸੇ 'ਤੀਜੇ ਸੁਰੱਖਿਅਤ ਦੇਸ਼' (Third Countries) ਵਿਚ ਤੁਰੰਤ ਡਿਪੋਰਟ (ਦੇਸ਼ ਨਿਕਾਲਾ) ਕਰ ਸਕਦੀ ਹੈ।

ਅਪੀਲ ਅਦਾਲਤ ਨੇ ਹੇਠਲੀ ਅਦਾਲਤ ਦੇ ਉਸ ਫੈਸਲੇ 'ਤੇ ਰੋਕ ਲਗਾ ਦਿੱਤੀ ਹੈ, ਜਿਸ ਨੇ ਇਸ ਨੀਤੀ ਨੂੰ ਗੈਰ-ਕਾਨੂੰਨੀ ਦੱਸਿਆ ਸੀ। ਹੁਣ ਟਰੰਪ ਪ੍ਰਸ਼ਾਸਨ ਕੋਲ ਪ੍ਰਵਾਸੀਆਂ ਨੂੰ ਤੇਜ਼ੀ ਨਾਲ ਬਾਹਰ ਕੱਢਣ ਦਾ ਰਸਤਾ ਸਾਫ਼ ਹੋ ਗਿਆ ਹੈ।



**Third Countries ਨੀਤੀ :** ਇਸ ਨੀਤੀ ਤਹਿਤ ਜੇਕਰ ਕੋਈ ਪ੍ਰਵਾਸੀ ਅਮਰੀਕਾ ਦੀ ਸਰਹੱਦ ਪਾਰ ਕਰਦਾ ਹੈ, ਤਾਂ ਅਮਰੀਕਾ ਉਸ ਨੂੰ ਉਸ ਦੇ ਜੱਦੀ ਦੇਸ਼ ਭੇਜਣ ਦੀ ਬਜਾਏ ਕਿਸੇ ਅਜਿਹੇ ਹੋਰ ਦੇਸ਼ ਵਿਚ ਭੇਜ ਸਕਦਾ ਹੈ, ਜੋ ਉਨ੍ਹਾਂ ਨੂੰ ਸਵੀਕਾਰ ਕਰਨ ਲਈ ਤਿਆਰ ਹੋਵੇ। ਟਰੰਪ ਪ੍ਰਸ਼ਾਸਨ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਇਸ ਨੂੰ ਰਾਸ਼ਟਰੀ ਸੁਰੱਖਿਆ ਅਤੇ ਸਰਹੱਦੀ ਨਿਯੰਤਰਣ ਲਈ ਇੱਕ "ਵੱਡੀ ਜਿੱਤ" ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਮਾਸ ਡਿਪੋਰਟੇਸ਼ਨ (ਵੱਡੇ ਪੱਧਰ 'ਤੇ ਦੇਸ਼ ਨਿਕਾਲਾ) ਮੁਹਿੰਮ ਨੂੰ ਤੇਜ਼ੀ ਮਿਲੇਗੀ। ਟਰੰਪ ਪ੍ਰਸ਼ਾਸਨ ਨੇ ਆਪਣੇ ਹਮਲਾਵਰ ਇਮੀਗ੍ਰੇਸ਼ਨ ਕਰੈਕਡਾਊਨ ਦੇ ਹਿੱਸੇ ਵਜੋਂ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਘਰੇਲੂ ਦੇਸ਼ਾਂ ਤੋਂ ਇਲਾਵਾ ਹੋਰ ਥਾਵਾਂ 'ਤੇ ਭੇਜਣ ਵਿਚ ਤੇਜ਼ੀ ਲਿਆਂਦੀ ਹੈ, ਜਿਸਨੂੰ ਤੀਜੇ ਦੇਸ਼ ਨੂੰ ਹਟਾਉਣ ਵਜੋਂ ਜਾਣਿਆ ਜਾਂਦਾ ਹੈ। ਇਸਨੇ ਡਿਪੋਰਟੀਆਂ ਨੂੰ ਲੈਣ ਲਈ ਕੈਮਰੂਨ, ਦੱਖਣੀ ਸੁਡਾਨ ਅਤੇ ਐਸਵਾਤਿਨੀ ਸਮੇਤ ਹੋਰ ਦੇਸ਼ਾਂ ਨਾਲ ਸਮਝੌਤੇ ਕੀਤੇ ਹਨ।

■ ਬਾਕੀ ਖਬਰ ਸਫਾ 16 'ਤੇ

## ਸੈਕਰਾਮੈਂਟੋ ਵਿਖੇ ਹੋਲਾ ਮਹੱਲਾ ਨੂੰ ਸਮਰਪਿਤ ਚੌਥਾ ਮਹਾਨ ਨਗਰ ਕੀਰਤਨ 22 ਮਾਰਚ ਨੂੰ

ਸੈਕਰਾਮੈਂਟੋ, (ਪੰਜਾਬ ਮੇਲ)- ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ, ਸੈਕਰਾਮੈਂਟੋ ਵੱਲੋਂ ਹੋਲਾ-ਮਹੱਲਾ ਨੂੰ ਸਮਰਪਿਤ ਚੌਥਾ ਮਹਾਨ ਨਗਰ ਕੀਰਤਨ ਬੜੀ ਸ਼ਰਧਾ, ਭਾਵਨਾ ਅਤੇ ਉਤਸ਼ਾਹ ਨਾਲ 22 ਮਾਰਚ, ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ।

ਇਸ ਪਾਵਨ ਅਵਸਰ 'ਤੇ ਅਖੰਡ ਪਾਠ ਸਾਹਿਬ ਦੀ ਲੜੀ ਦਾ ਆਰੰਭ ਹੋ ਚੁੱਕਾ ਹੈ, ਜੋ ਕਿ 12 ਫਰਵਰੀ ਤੋਂ 22 ਮਾਰਚ ਤੱਕ ਲਗਾਤਾਰ ਚੱਲਦੀ ਰਹੇਗੀ।

ਇਸ ਤੋਂ ਇਲਾਵਾ 9 ਮਾਰਚ ਤੋਂ 22 ਮਾਰਚ ਤੱਕ ਹਰ ਰੋਜ਼ ਆਤਮ ਰਸ ਕੀਰਤਨ ਦਰਬਾਰ ਸਜਾਏ ਜਾਣਗੇ।

20 ਮਾਰਚ ਤੋਂ 22 ਮਾਰਚ ਤੱਕ ਸਵੇਰੇ 6 ਵਜੇ ਤੋਂ ਰਾਤ 9 ਵਜੇ ਤੱਕ ਨਿਰੋਲ ਗੁਰਬਾਣੀ ਕੀਰਤਨ ਹੋਵੇਗਾ।



ਇਸ ਮਹਾਨ ਧਾਰਮਿਕ ਸਮਾਗਮ ਦੌਰਾਨ ਪੰਥ ਦੀਆਂ ਪ੍ਰਸਿੱਧ ਅਤੇ ਸਤਿਕਾਰਯੋਗ ਸ਼ਖਸੀਅਤਾਂ, ਰਾਗੀ ਜੱਥੇ, ਢਾਡੀ ਜੱਥੇ ਅਤੇ ਕਥਾਵਾਚਕ ਪਹੁੰਚ ਕੇ ਗੁਰਬਾਣੀ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਪਹੁੰਚ ਰਹੇ ਜੱਥਿਆਂ ਪੰਥ ਪ੍ਰਸਿੱਧ ਗਿਆਨੀ ਪਿੰਦਰਪਾਲ ਸਿੰਘ ਜੀ, ਭਾਈ ਓਂਕਾਰ ਸਿੰਘ ਜੀ (ਊਨਾ ਸਾਹਿਬ ਵਾਲੇ), ਭਾਈ ਗੁਰਮੇਲ ਸਿੰਘ ਜੀ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਗਿਆਨੀ ਲਖਵਿੰਦਰ ਸਿੰਘ ਜੀ, ਢਾਡੀ ਜੱਥਾ, ਡਾ. ਗੁਰਨਾਮ ਸਿੰਘ ਜੀ, ਭਾਈ ਪ੍ਰਭਵੀਰ ਸਿੰਘ ਜੀ, ਹਜ਼ੂਰੀ ਰਾਗੀ, ਗੁਰਦੁਆਰਾ ਸਾਹਿਬ, ਭਾਈ ਹਰਪ੍ਰੀਤ ਸਿੰਘ ਜੀ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ਅਤੇ ਭਾਈ ਹਰਜੀਤ ਪਾਲ ਸਿੰਘ ਜੀ, ਹਜ਼ੂਰੀ ਰਾਗੀ, ਗੁਰਦੁਆਰਾ ਸਾਹਿਬ ਸ਼ਾਮਲ ਹਨ।

ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਪਵਿੱਤਰ ਸਮਾਗਮ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਸ਼ਿਰਕਤ ਕਰਕੇ ਗੁਰੂ ਘਰ ਦੀਆਂ ਅਸੀਸਾਂ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

ਇਸ ਮੌਕੇ 'ਤੇ ਕਈ ਪ੍ਰਕਾਰ ਦੇ ਸਟਾਲ ਵੀ ਲਗਾਏ ਜਾਣਗੇ, ਜਿੱਥੇ ਸੰਗਤ ਖਰੀਦੋ-ਫਰੋਖਤ ਵੀ ਕਰ ਸਕੇਗੀ।

ਹੋਰ ਜਾਣਕਾਰੀ ਲਈ ਪ੍ਰਧਾਨ ਲਖਵੀਰ ਸਿੰਘ ਔਜਲਾ ਨਾਲ 916-826-9800 ਜਾਂ ਸੈਕਟਰੀ ਗੁਰਿੰਦਰਪਾਲ ਸਿੰਘ ਲਾਡੀ ਗਿੱਲ ਨਾਲ 916-717-2277 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਡੋਨਾਲਡ ਟਰੰਪ ਨੇ ਸਰਕਾਰੀ ਧੋਖਾਧੜੀ 'ਤੇ ਸ਼ਿਕੰਜਾ ਕੱਸਣ ਲਈ ਬਣਾਈ ਟਾਸਕ ਫੋਰਸ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਰਕਾਰੀ ਪ੍ਰੋਗਰਾਮਾਂ ਵਿਚ ਧੋਖਾਧੜੀ ਦਾ ਮੁਕਾਬਲਾ ਕਰਨ ਲਈ ਇੱਕ ਨਵੀਂ ਸੰਘੀ ਟਾਸਕ ਫੋਰਸ ਦੇ ਗਠਨ ਦਾ ਐਲਾਨ ਕੀਤਾ ਹੈ। ਇਸ ਟਾਸਕ ਫੋਰਸ ਦੀ ਅਗਵਾਈ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਕਰਨਗੇ। ਟਰੰਪ ਨੇ ਇਸਨੂੰ "ਸਰਕਾਰੀ ਪਹੁੰਚ ਦਾ ਸੰਪੂਰਨ ਰੂਪ" ਕਿਹਾ।



ਟਰੰਪ ਨੇ ਓਵਲ ਆਫਿਸ ਵਿਚ ਕਿਹਾ, "ਇਹ ਇੱਕ ਵੱਡਾ ਕਦਮ ਹੈ। ਇਹ ਸਾਡੇ ਦੇਸ਼ ਵਿਚ ਧੋਖਾਧੜੀ ਨੂੰ ਰੋਕਣ ਬਾਰੇ ਹੈ।" ਵ੍ਹਾਈਟ ਹਾਊਸ ਦੇ ਸਟਾਫ ਸਕੱਤਰ ਵਿਲ ਸ਼ਾਰਫ ਨੇ ਕਿਹਾ ਕਿ ਟਾਸਕ ਫੋਰਸ ਦਾ ਟੀਚਾ ਧੋਖਾਧੜੀ ਨੂੰ ਜੜ੍ਹੋਂ ਪੁੱਟਣਾ ਅਤੇ ਅਮਰੀਕੀ ਟੈਕਸਦਾਤਾਵਾਂ ਨੂੰ ਅਰਬਾਂ ਡਾਲਰ ਵਾਪਸ ਕਰਨਾ ਹੈ। ਵੈਂਸ ਟਾਸਕ ਫੋਰਸ ਦੀ ਪ੍ਰਧਾਨਗੀ ਕਰਨਗੇ, ਜਿਸ ਵਿਚ ਫੈਡਰਲ ਟਰੇਡ ਕਮਿਸ਼ਨ ਦੇ ਚੇਅਰਮੈਨ ਐਂਡਰਿਊ ਫਰਗੂਸਨ ਉਪ-ਚੇਅਰਪਰਸਨ ਵਜੋਂ ਸੇਵਾ ਨਿਭਾਉਣਗੇ। ਸ਼ਾਰਫ ਨੇ ਕਿਹਾ ਕਿ ਇਹ ਪਹਿਲ ਦੇਸ਼ ਭਰ ਵਿਚ ਸਰਕਾਰੀ ਫੰਡ ਪ੍ਰਾਪਤ ਪ੍ਰੋਗਰਾਮਾਂ ਵਿਚ ਗੰਭੀਰ ਧੋਖਾਧੜੀ ਵਿਰੁੱਧ ਤਾਲਮੇਲ ਵਾਲੀ ਕਾਰਵਾਈ ਪ੍ਰਦਾਨ ਕਰੇਗੀ।

■ ਬਾਕੀ ਖਬਰ ਸਫਾ 16 'ਤੇ

ਗੁਰੂ ਪਿਆਰੀ ਸਾਧ ਸੰਗਤ ਜੀ ਹੋਲੇ ਮਹੱਲੇ ਨੂੰ ਸਮਰਪਿਤ

# ਚੌਥਾ ਮਹਾਨ ਨਗਰ ਕੀਰਤਨ



**Sacramento Sikh Society**
**7676 Bradshaw Rd**
**Sacramento 95829**

## ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ

12 ਫ਼ਰਵਰੀ ਤੋਂ 22 ਮਾਰਚ 2026 ਤੱਕ ਚੱਲੇਗੀ

9 ਮਾਰਚ ਤੋਂ 22 ਮਾਰਚ 2026 ਤੱਕ ਆਤਮ ਰਸ ਕੀਰਤਨ ਦਰਬਾਰ ਸੱਜਣਗੇ

20 ਤੋਂ 22 ਮਾਰਚ ਤੱਕ ਸਵੇਰੇ 6:00 ਤੋਂ ਰਾਤ 9:00 ਵਜੇ ਤੱਕ ਨਿਰੋਲ ਕੀਰਤਨ ਹੋਵੇਗਾ



ਗਿਆਨੀ ਪਿੰਦਰਪਾਲ ਸਿੰਘ ਜੀ
ਲੁਧਿਆਣੇ ਵਾਲੇ

### ਗਿਆਨੀ ਪਿੰਦਰਪਾਲ ਸਿੰਘ ਜੀ

ਆਪਣੀ ਅਮੋਲਕ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ, 20 ਮਾਰਚ 2026
ਭੋਗ ਸ੍ਰੀ ਅਖੰਡ ਪਾਠ ਸਾਹਿਬ ਐਤਵਾਰ, 22 ਮਾਰਚ 2026

ਭੋਗ ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ ਅਤੇ ਸਵੇਰੇ 10:00 ਵਜੇ ਨਗਰ ਕੀਰਤਨ ਦੀ ਰਵਾਨਗੀ ਹੋਵੇਗੀ

ਆਤਿਸ਼ਬਾਜ਼ੀ ਰਾਤ 9.00 ਵਜੇ
ਸ਼ੁੱਕਰਵਾਰ, 20 ਮਾਰਚ 2026 ਨੂੰ ਹੋਵੇਗੀ

ਨਿਸ਼ਾਨ ਸਾਹਿਬ ਦੀ ਸੇਵਾ ਅਤੇ ਅੰਮ੍ਰਿਤ ਸੰਚਾਰ
ਸ਼ਨੀਵਾਰ, 21 ਮਾਰਚ 2026 ਨੂੰ ਹੋਵੇਗੀ



ਭਾਈ ਮਨਿੰਦਰ ਸਿੰਘ ਜੀ
ਸ੍ਰੀ ਨਗਰ ਵਾਲੇ

### ਪਹੁੰਚ ਰਹੇ ਕੀਰਤਨੀ ਜਥੇ ਅਤੇ ਕਥਾਵਾਚਕ



ਭਾਈ ਓਂਕਾਰ ਸਿੰਘ — ਊਨਾ ਸਾਹਿਬ ਵਾਲੇ
ਭਾਈ ਗੁਰਮੇਲ ਸਿੰਘ — ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
ਗਿ. ਲਖਵਿੰਦਰ ਸਿੰਘ
ਡਾ. ਗੁਰਨਾਮ ਸਿੰਘ
ਭਾਈ ਪ੍ਰਭਵੀਰ ਸਿੰਘ — ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ
ਭਾਈ ਹਰਪ੍ਰੀਤ ਸਿੰਘ — ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
ਭਾਈ ਹਰਜੀਤਪਾਲ ਸਿੰਘ — ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ

ਅੰਮ੍ਰਿਤ ਅਭਿਲਾਖੀ ਨਾਮ ਲਿਖਵਾਉਣ ਲਈ ਸੰਪਰਕ ਕਰੋ : ਕਰਮਜੀਤ ਸਿੰਘ +1 (916) 385-2735

ਫਲੋਟਾ ਸੇਵਾ ਸੰਪਰਕ : ਚਰਨਜੀਤ ਸਿੰਘ +1 (916) 601-0322 – ਲੰਗਰਾਂ ਲਈ ਗੁਰਪਿੰਦਰ ਸੰਧੂ +1 (916) 533-4480
ਸਟਾਲ ਤੇ ਦੁਕਾਨਾਂ ਲਈ ਬਲਜੀਤ ਸਿੰਘ +1 (408) 528-5409

ਹੋਰ ਜਾਣਕਾਰੀ ਸੰਪਰਕ ਕਰੋ : ਪ੍ਰਧਾਨ ਲਖਵੀਰ ਸਿੰਘ ਔਜਲਾ +1 (916) 826-9800
ਸੈਕਟਰੀ ਗੁਰਿੰਦਰਪਾਲ ਸਿੰਘ ਲਾਡੀ ਗਿੱਲ +1 (916) 717-2277

*Space sponsored by*

**Gurjatinder S. Randhawa**
(REALTOR) CA DRE licence # 01490567

RE/MAX Outstanding Agents Outstanding Results

**916-320-9444**

# APCA
AMERICAN PETROLEUM AND CONVENIENCE STORE ASSOCIATION

*APCA is a non-profit grassroots, membership based community organization providing representation for small to medium sized enterprises.*

# 12th Annual Trade Show

## Thursday April 9, 2026, 12:30 pm- 5:30 pm

at Sunrise Banquet Halls & Event Center
620 Orange Dr, Vacaville, CA 95687







ਟਰੇਡ ਸ਼ੋਅ ਵਿਚ ਹਿੱਸਾ ਲੈਣ ਲਈ ਲਿੰਕ 'ਤੇ ਕਲਿਕ ਕਰੋ।

*To register as Attendee for Trade Show please type and click below link in your browser."*

https://go.regform.com/#!/registration/32bpK5e/info

ਜੇ ਆਪਣੇ ਬਿਜ਼ਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ
**ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।**

Copyright @ Punjab Mail USA

## *AMERICAN PETROLEUM AND CONVENIENCE STORE ASSOCIATION Presents*



# *Golf Tournament 2026*

*Supporting non- Profits*

## Children's Miracle Network

**Wednesday, April 8th, 2026**

*Chardonnay Golf Course, Napa County, CA 94503*

*This is a popular event, sells out quickly, please RSVP ASAP*





*For More Information*

**KEWAL KRISHAN: 510-290-7144 | kewal@apca.us**

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਕਮੇਟੀ ਵੱਲੋਂ ਅਟਾਰਨੀ ਜਸਪ੍ਰੀਤ ਸਿੰਘ ਸਨਮਾਨਿਤ









**ਸੈਕਰਾਮੈਂਟੋ, (ਪੰਜਾਬ ਮੇਲ)-** ਅਮਰੀਕਾ ਦੇ ਨਾਮਵਰ ਵਕੀਲ ਜਸਪ੍ਰੀਤ ਸਿੰਘ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਕੈਲੀਫੋਰਨੀਆ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਦੀ ਪੇਸ਼ੇਵਰ ਕਾਮਯਾਬੀ ਅਤੇ ਸਮਾਜਿਕ ਸੇਵਾ ਵਿਚ ਯੋਗਦਾਨ ਨੂੰ ਧਿਆਨ ਵਿਚ ਰੱਖਦਿਆਂ ਦਿੱਤਾ ਗਿਆ ਹੈ।

ਇਸ ਸਨਮਾਨ ਸਮਾਰੋਹ 'ਚ ਕਮੇਟੀ ਮੈਂਬਰਾਂ, ਸਮਾਜਿਕ ਆਗੂਆਂ ਅਤੇ ਸੰਗਤਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਲਗਾਈ। ਸਮਾਰੋਹ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਜਸਪ੍ਰੀਤ ਸਿੰਘ ਵਲੋਂ ਆਪਣੇ ਪੇਸ਼ੇ ਪ੍ਰਤੀ ਵਚਨਬੱਧਤਾ, ਇਮਾਨਦਾਰੀ ਅਤੇ ਭਾਈਚਾਰੇ ਦੀ ਸੇਵਾ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਵਿਸ਼ੇਸ਼ ਤੌਰ 'ਤੇ ਸਰਾਹਨਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਗੁਰਜਤਿੰਦਰ ਸਿੰਘ ਰੰਧਾਵਾ ਵੀ ਹਾਜ਼ਰ ਸਨ।

ਕਮੇਟੀ ਦੇ ਮੈਂਬਰਾਂ ਨੇ ਖਾਸ ਤੌਰ 'ਤੇ ਉਨ੍ਹਾਂ ਦੀ ਉਸ ਭੂਮਿਕਾ ਨੂੰ ਉਜਾਗਰ ਕੀਤਾ, ਜਿਸ ਰਾਹੀਂ ਉਹ ਇਮੀਗ੍ਰੇਂਟ ਭਾਈਚਾਰੇ ਨੂੰ ਕਾਨੂੰਨੀ ਮਦਦ ਅਤੇ ਮਾਰਗਦਰਸ਼ਨ ਪ੍ਰਦਾਨ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ "ਜਸਪ੍ਰੀਤ ਸਿੰਘ ਦੀ ਸੇਵਾ ਨੇ ਕਈ ਪਰਿਵਾਰਾਂ ਨੂੰ ਕਾਨੂੰਨੀ ਪ੍ਰਕਿਰਿਆਵਾਂ ਵਿਚ ਸਹੀ ਦਿਸ਼ਾ ਦਿੱਤੀ ਹੈ ਅਤੇ ਇੱਥੋਂ ਦੀ ਨਿਆਂ ਪ੍ਰਣਾਲੀ ਵਿਚ ਭਰੋਸਾ ਮਜ਼ਬੂਤ ਕੀਤਾ ਹੈ।"

ਸਨਮਾਨ ਪ੍ਰਾਪਤ ਕਰਦਿਆਂ ਜਸਪ੍ਰੀਤ ਸਿੰਘ ਅਟਾਰਨੀ ਨੇ ਕਮੇਟੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ "ਸਮਾਜ ਦੀ ਸੇਵਾ ਕਰਨਾ ਉਨ੍ਹਾਂ ਲਈ ਸਭ ਤੋਂ ਵੱਡੀ ਪ੍ਰੇਰਣਾ ਹੈ।" ਉਨ੍ਹਾਂ ਨੇ ਕਿਹਾ ਕਿ "ਇਸ ਤਰ੍ਹਾਂ ਦੇ ਸਨਮਾਨ ਉਨ੍ਹਾਂ ਨੂੰ ਹੋਰ ਵਧੀਆ ਢੰਗ ਨਾਲ ਕੰਮ ਕਰਨ ਲਈ ਉਤਸ਼ਾਹਿਤ ਕਰਦੇ ਰਹਿਣਗੇ।" ਇਸ ਮੌਕੇ ਹੋਰਨਾਂ ਤੋਂ ਇਲਾਵਾ ਤੇਜਾ ਵਿਰਕ, ਬਲਜੀਤ ਸਿੰਘ, ਰਾਜ ਬੱਧਨ, ਅਜੈ ਪਡਵਾਗਾ ਵੀ ਹਾਜ਼ਰ ਸਨ।





## ਗੁਰਦੁਆਰਾ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ 22 ਮਾਰਚ, ਦਿਨ ਐਤਵਾਰ ਨੂੰ ਸਜਾਏ ਜਾ ਰਹੇ ਮਹਾਨ ਨਗਰ ਕੀਰਤਨ 'ਚ ਪਹੁੰਚਣ ਦੀ ਅਪੀਲ


Jaspreet Singh
Attorney at Law

ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ, ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

**SACRAMENTO**
5855 Auburn Blvd,
Sacramento, CA 95841,
+1-916-307-4620

**FRESNO**
1625 E Shaw Ave
#122, Fresno,
CA 93726
559-271-5511

**FREMONT**
3155 KEARNEY ST,
SUITE #248,
FREMONT, CA 94538.
+1-510-657-6444

**NEWYORK**
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ 22 ਮਾਰਚ, ਦਿਨ ਐਤਵਾਰ ਨੂੰ ਸਜਾਏ ਜਾ ਰਹੇ ਮਹਾਨ ਨਗਰ ਕੀਰਤਨ 'ਚ ਪਹੁੰਚਣ ਦੀ ਅਪੀਲ





ਧੀਰਾ ਨਿੱਝਰ
ਖੇਡ ਪ੍ਰਮੋਟਰ

ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸੈਕਰਾਮੈਂਟੋ ਵੱਲੋਂ ਹੋਲਾ-ਮਹੱਲਾ ਦੇ ਪਵਿੱਤਰ ਤਿਉਹਾਰ ਮੌਕੇ ਚੌਥੇ ਸਾਲਾਨਾ ਮਹਾਨ ਨਗਰ ਕੀਰਤਨ ਦਾ ਆਯੋਜਨ 22 ਮਾਰਚ, ਦਿਨ ਐਤਵਾਰ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਕੀਤਾ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਹਾਨ ਨਗਰ ਕੀਰਤਨ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਆਪਣੇ ਪਰਿਵਾਰਾਂ ਸਮੇਤ ਸ਼ਿਰਕਤ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਅਤੇ ਅਸੀਸਾਂ ਪ੍ਰਾਪਤ ਕਰੋ ਜੀ।

Copyright @ Punjab Mail USA

**CAMP LOGISTICS**
TRANSPORATATION & BROKERAGE INC
9365, Miko Circle, Elk Grove, CA 95624

**Randhir Singh Nijjar**
Lakhy Singh | Sajjad Anwar

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ 22 ਮਾਰਚ, ਦਿਨ ਐਤਵਾਰ ਨੂੰ ਸਜਾਏ ਜਾ ਰਹੇ ਮਹਾਨ ਨਗਰ ਕੀਰਤਨ 'ਚ ਪਹੁੰਚਣ ਦੀ ਅਪੀਲ







ਸਮੂਹ ਸਾਧ ਸੰਗਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸੈਕਰਾਮੈਂਟੋ ਵੱਲੋਂ ਹੋਲਾ-ਮਹੱਲਾ ਦੇ ਪਵਿੱਤਰ ਤਿਉਹਾਰ ਮੌਕੇ ਚੌਥੇ ਸਾਲਾਨਾ ਮਹਾਨ ਨਗਰ ਕੀਰਤਨ ਦਾ ਆਯੋਜਨ 22 ਮਾਰਚ, ਦਿਨ ਐਤਵਾਰ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਕੀਤਾ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿਚ ਆਪਣੇ ਪਰਿਵਾਰਾਂ ਸਮੇਤ ਇਸ ਮਹਾਨ ਨਗਰ ਕੀਰਤਨ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਅਤੇ ਅਸੀਸਾਂ ਪ੍ਰਾਪਤ ਕਰੋ ਜੀ।

## PARGAT SINGH SANDHU

**Mayor City of GALT, CALIFORNIA**

## ਪਰਗਟ ਸਿੰਘ ਸੰਧੂ, ਮੇਅਰ ਗਾਲਟ ਸਿਟੀ

Copyright @ Punjab Mail USA

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅੰਗਹੀਣ ਵਿਅਕਤੀਆਂ ਨੂੰ ਦਿੱਤੀ ਵਿੱਤੀ ਸਹਾਇਤਾ

**■ ਟਰੱਸਟ ਵੱਲੋਂ ਦਿੱਤੀਆਂ ਜਾ ਰਹੀਆਂ ਪੈਨਸ਼ਨਾਂ ਦੀ ਰਾਸ਼ੀ 'ਚ ਕੀਤਾ ਵਾਧਾ : ਡਾ. ਓਬਰਾਏ**



ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 47 ਅੰਗਹੀਣ ਵਿਅਕਤੀਆਂ ਨੂੰ ਮਹੀਨਾਵਾਰ ਸਹਾਇਤਾ ਰਾਸ਼ੀ ਦਿੱਤੀ ਗਈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਅੰਗਹੀਣ ਵਿਅਕਤੀ ਕੰਮ ਕਰਨ ਤੋਂ ਅਸਮਰਥ ਹਨ ਅਤੇ ਕਈ ਲੰਮੇ ਸਮੇਂ ਤੋਂ ਵੱਖ ਹੋਰ ਬੀਮਾਰੀਆਂ ਤੋਂ ਵੀ ਪੀੜ੍ਹਤ ਹਨ।

ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਨ੍ਹਾਂ ਅੰਗਹੀਣ ਵਿਅਕਤੀਆਂ ਨੂੰ ਇਹ ਸਹਾਇਤਾ ਰਾਸ਼ੀ ਪਿਛਲੇ ਲੰਮੇ ਸਮੇਂ ਤੋਂ ਦਿੱਤੀ ਜਾ ਰਹੀ ਹੈ। ਪਿਛਲੇ ਦਿਨੀਂ ਡਾਕਟਰ ਐੱਸ.ਪੀ. ਸਿੰਘ



ਡਾ. ਐੱਸ.ਪੀ. ਸਿੰਘ ਓਬਰਾਏ।

ਓਬਰਾਏ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਚ ਦੋਦਾ ਅਤੇ ਮਲੋਟ ਵਿਖੇ ਕਲੀਨਿਕ ਲੈਬਾਂ ਦੇ ਉਦਘਾਟਨ ਮੌਕੇ ਆਏ, ਤਾਂ ਉਨ੍ਹਾਂ ਨੇ ਬਕਾਇਦਾ ਐਲਾਨ ਕੀਤਾ ਗਿਆ ਕਿ ਟਰੱਸਟ ਵੱਲੋਂ ਦਿੱਤੀਆਂ ਜਾ ਰਹੀਆਂ ਪੈਨਸ਼ਨਾਂ ਦੀ ਰਾਸ਼ੀ ਵਿਚ ਮੈਂ ਵਾਧਾ ਕਰਨ ਦਾ ਫੈਸਲਾ ਕੀਤਾ ਹੈ, ਤਾਂ ਜੋ ਪੈਨਸ਼ਨ ਲੈਣ ਵਾਲੇ ਮਹਿੰਗਾਈ ਦੇ ਹਿਸਾਬ ਨਾਲ ਆਪਣਾ ਗੁਜ਼ਾਰਾ ਵਧੀਆ ਢੰਗ ਨਾਲ ਕਰ ਸਕਣ, ਘੱਟ ਤੋਂ ਘੱਟ ਇੱਕ ਹਜ਼ਾਰ ਰੁਪਏ ਅਤੇ ਇਸ ਤੋਂ ਉੱਪਰ ਲੋੜਵੰਦ ਵੱਲੋਂ ਦਿੱਤੀ ਗਈ ਅਰਜ਼ੀ ਦੇ ਹਿਸਾਬ ਨਾਲ ਪੈਨਸ਼ਨ ਲਗਾਵਾਂਗੇ। ਡਾਕਟਰ ਓਬਰਾਏ ਨੇ ਕਿਹਾ ਕਿ ਟਰੱਸਟ ਵੱਲੋਂ ਲਗਾਈ ਜਾਂਦੀ ਪੈਨਸ਼ਨ ਉਮਰ ਭਰ ਲਈ ਲਗਾਈ ਜਾਂਦੀ ਹੈ।

ਸਹਾਇਤਾ ਰਾਸ਼ੀ ਲੈਣ ਉਪਰੰਤ ਅੰਗਹੀਣ ਵਿਅਕਤੀਆਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ .ਓਬਰਾਏ ਹਮੇਸ਼ਾ ਸਾਡੀ ਲਾਠੀ ਬਣਕੇ ਸਾਡੇ ਨਾਲ ਖੜ੍ਹਦੇ ਹਨ ਅਤੇ ਪੈਨਸ਼ਨਰਾਂ ਵੱਲੋਂ ਪੈਨਸ਼ਨ ਦੀ ਰਾਸ਼ੀ ਦੇ ਵਾਧੇ ਲਈ ਡਾਕਟਰ ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਮਾਸਟਰ ਰਾਜਿੰਦਰ ਸਿੰਘ, ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਗੁਰਜੀਤ ਸਿੰਘ ਜੀਤਾ, ਹਰਭਗਵਾਨ ਸਿੰਘ ਖੱਪਿਆਂਵਾਲ਼ੀ, ਕਾਲਾ ਖੱਪਿਆਂਵਾਲ਼ੀ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪਿੰਡ ਖੱਪਿਆਂਵਾਲ਼ੀ ਵਾਲੀ 'ਚ 18 ਮਾਰਚ ਨੂੰ ਅੱਖਾਂ ਦਾ ਮੁਫ਼ਤ ਜਾਂਚ ਕੈਂਪ

ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਵੱਡੀ ਗਿਣਤੀ ਵਿਚ ਅੱਖਾਂ ਦੇ ਜਾਂਚ ਕੈਂਪ ਲਗਾ ਕੇ ਲੋਕਾਂ ਨੂੰ ਅੱਖਾਂ ਦੀਆਂ ਬੀਮਾਰੀਆਂ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਜੋ ਲੋਕ ਸਮੇਂ ਸਿਰ ਇਲਾਜ ਕਰਵਾ ਸਕਣ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪਿੰਡ ਖੱਪਿਆਂਵਾਲ਼ੀ ਦੇ ਗੁਰਦੁਆਰਾ ਸਾਹਿਬ ਵਿਚ 18 ਮਾਰਚ ਦਿਨ ਬੁੱਧਵਾਰ ਨੂੰ 9 ਵਜੇ ਤੋਂ 2 ਵਜੇ ਤੱਕ 738ਵਾਂ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਡਾਕਟਰ ਸੁਨੀਲ ਬਾਂਸਲ ਸਿਵਲ ਸਰਜਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਰਹਿਨੁਮਾਈ ਹੇਠ ਲਗਾਇਆ ਜਾ ਰਿਹਾ ਹੈ। ਇਸ ਦੌਰਾਨ ਡਾਕਟਰ ਹਰਸ਼ਪਰੀਤ ਕੌਰ ਮਹਿੰਦਰਾ ਆਈ ਸਪੈਸ਼ਲਿਸਟ ਅੱਖਾਂ




ਡਾ. ਐੱਸ.ਪੀ. ਸਿੰਘ ਓਬਰਾਏ।

ਦੀ ਜਾਂਚ ਕਰਨਗੇ ਅਤੇ ਦਵਾਈਆਂ ਅਤੇ ਨੇੜੇ ਦੀ ਨਿਗਾਹ ਦੀਆਂ ਐਨਕਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮੁਫ਼ਤ ਦਿੱਤੀਆਂ ਜਾਣਗੀਆਂ। ਇਸ ਕੈਂਪ ਦੌਰਾਨ ਲੰਗਰ ਕਮੇਟੀ ਅਤੇ ਪਿੰਡ ਦੀ ਨਗਰ ਪੰਚਾਇਤ ਵੱਲੋਂ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸਮੂਹ ਸੇਵਾਦਾਰ ਹਾਜ਼ਰ ਸਨ।

## ਚੈੱਕ ਬਾਊਂਸ ਮਾਮਲਾ : 'ਆਪ' ਵਿਧਾਇਕਾ ਅਨਮੋਲ ਗਗਨ ਮਾਨ ਦੇ ਪਤੀ ਸਮੇਤ 3 ਨੂੰ 2-2 ਸਾਲ ਦੀ ਕੈਦ

**ਚੰਡੀਗੜ੍ਹ**, (ਪੰਜਾਬ ਮੇਲ)- ਡੇਰਾ ਬੱਸੀ ਦੀ ਅਦਾਲਤ ਵੱਲੋਂ ਚੈੱਕ ਬਾਊਂਸ ਮਾਮਲੇ ਵਿਚ ਵੱਡਾ ਫੈਸਲਾ ਸੁਣਾਇਆ ਗਿਆ ਹੈ। ਹਾਊਸਿੰਗ ਪ੍ਰੋਜੈਕਟ ਵਿਚ ਹਿੱਸੇਦਾਰੀ ਨਾਲ ਜੁੜੇ ਕਰੀਬ ਸਾਢੇ ਤਿੰਨ ਕਰੋੜ ਰੁਪਏ ਦੇ ਚੈੱਕ ਬਾਊਂਸ ਮਾਮਲੇ ਵਿਚ ਤਿੰਨ ਦੋਸ਼ੀਆਂ ਨੂੰ ਦੋ-ਦੋ ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਸ ਮਾਮਲੇ ਵਿਚ ਖਰੜ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕ ਅਨਮੋਲ ਗਗਨ ਮਾਨ ਦੇ ਪਤੀ ਸ਼ਾਬਾਸ਼ ਸਿੰਘ ਸੋਹੀ ਸਮੇਤ ਜਤਿੰਦਰ ਸਿੰਘ ਨੋਨੀ ਅਤੇ ਨਛੱਤਰ ਸਿੰਘ ਨੂੰ ਅਦਾਲਤ ਵੱਲੋਂ ਦੋ-ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਤਿੰਨਾਂ 'ਤੇ 10-10 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ।



ਜਾਣਕਾਰੀ ਮੁਤਾਬਕ ਰਾਜਪੁਰਾ ਇਲਾਕੇ ਵਿਚ ਇੱਕ ਹਾਊਸਿੰਗ ਪ੍ਰੋਜੈਕਟ ਵਿਚ ਪਲਾਟਾਂ ਦੀ ਖਰੀਦ-ਫਰੋਖ਼ਤ ਨਾਲ ਜੁੜਿਆ ਸੌਦਾ ਕੀਤਾ ਗਿਆ ਸੀ। ਸੌਦਾ ਪੂਰਾ ਨਾ ਹੋਣ ਕਾਰਨ ਸਾਢੇ ਤਿੰਨ ਕਰੋੜ ਰੁਪਏ ਦੇ ਚੈੱਕ ਦਿੱਤੇ ਗਏ, ਪਰ ਉਹ ਚੈੱਕ ਬਾਊਂਸ ਹੋ ਗਏ। ਇਸ ਤੋਂ ਬਾਅਦ ਸ਼ਿਕਾਇਤਕਰਤਾ ਵੱਲੋਂ 2018 ਵਿਚ ਅਦਾਲਤ ਦਾ ਦਰਵਾਜ਼ਾ ਖੜਕਾਇਆ ਗਿਆ ਸੀ। ਕਾਫ਼ੀ ਸਮੇਂ ਤੱਕ ਚੱਲੀ ਸੁਣਵਾਈ ਤੋਂ ਬਾਅਦ ਹੁਣ ਡੇਰਾ ਬੱਸੀ ਅਦਾਲਤ ਨੇ ਤਿੰਨਾਂ ਦੋਸ਼ੀਆਂ ਨੂੰ ਦੋ-ਦੋ ਸਾਲ ਦੀ ਸਜ਼ਾ ਸੁਣਾਈ ਹੈ। ਹਾਲਾਂਕਿ ਫੈਸਲੇ ਤੋਂ ਬਾਅਦ ਤਿੰਨਾਂ ਦੋਸ਼ੀਆਂ ਨੇ ਮੌਕੇ 'ਤੇ ਹੀ ਜ਼ਮਾਨਤ ਲੈ ਲਈ ਹੈ ਅਤੇ ਇਸ ਫੈਸਲੇ ਨੂੰ ਉੱਚ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ। ਸ਼ਿਕਾਇਤਕਰਤਾ ਪੱਖ ਇਸ ਫੈਸਲੇ ਤੋਂ ਸੰਤੁਸ਼ਟ ਨਜ਼ਰ ਆ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ ਲੰਬੇ ਸਮੇਂ ਤੋਂ ਚੱਲ ਰਹੇ ਕੇਸ ਵਿਚ ਅਖ਼ੀਰਕਾਰ ਇਨਸਾਫ ਮਿਲਿਆ ਹੈ।

## ਮਾਣਹਾਨੀ ਮਾਮਲੇ 'ਚ ਭਾਈ ਰਣਜੀਤ ਸਿੰਘ ਢੱਡਰੀਆਂਵਾਲੇ ਖਿਲਾਫ਼ ਸੰਮਨ ਜਾਰੀ

ਫ਼ਤਹਿਗੜ੍ਹ ਸਾਹਿਬ, (ਪੰਜਾਬ ਮੇਲ)- ਫ਼ਤਹਿਗੜ੍ਹ ਸਾਹਿਬ ਦੀ ਅਦਾਲਤ ਨੇ ਇਕ ਮਾਣਹਾਨੀ ਮਾਮਲੇ ਵਿਚ ਭਾਈ ਰਣਜੀਤ ਸਿੰਘ ਢੱਡਰੀਆਂਵਾਲੇ ਨੂੰ ਸੰਮਨ ਜਾਰੀ ਕੀਤੇ ਹਨ। ਹੁਣ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਹੋ ਕੇ ਜ਼ਮਾਨਤ ਲੈਣੀ ਪਵੇਗੀ। ਇਸ ਮਾਮਲੇ ਦੀ ਅਗਲੀ ਸੁਣਵਾਈ 24 ਮਾਰਚ ਨੂੰ ਹੋਵੇਗੀ।

ਇਸ ਬਾਰੇ ਜਾਣਕਾਰੀ ਦਿੰਦਿਆਂ ਐਡਵੋਕੇਟ ਅਮਰਦੀਪ ਸਿੰਘ ਧਾਰਨੀ ਨੇ ਦੱਸਿਆ ਕਿ ਸਾਲ 2019 ਵਿਚ ਭਾਈ ਰਣਜੀਤ ਸਿੰਘ ਢੱਡਰੀਆਂਵਾਲੇ ਨੇ ਸ਼੍ਰੋਮਣੀ ਕਮੇਟੀ



ਦੇ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਬਾਰੇ ਕਥਿਤ ਤੌਰ 'ਤੇ ਅਪਮਾਨਜਨਕ ਸ਼ਬਦ ਬੋਲੇ ਸਨ। ਇਸ ਤੋਂ ਬਾਅਦ ਭਾਈ ਰੰਧਾਵਾ ਵੱਲੋਂ ਹੇਠਲੀ ਅਦਾਲਤ ਵਿਚ ਮਾਣਹਾਨੀ ਦਾ ਕੇਸ ਦਰਜ ਕਰਵਾਇਆ ਗਿਆ ਸੀ।

ਉਨ੍ਹਾਂ ਦੱਸਿਆ ਕਿ ਸਾਲ 2021 'ਚ ਇਸ ਮਾਮਲੇ ਸਬੰਧੀ ਫ਼ਤਹਿਗੜ੍ਹ ਸਾਹਿਬ ਦੀ ਸੈਸ਼ਨ ਅਦਾਲਤ ਵਿਚ ਰੀਵੀਜ਼ਨ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ 'ਤੇ ਸੁਣਵਾਈ ਕਰਦਿਆਂ ਅਦਾਲਤ ਨੇ ਹੁਕਮ ਦਿੱਤਾ ਕਿ ਹੇਠਲੀ ਅਦਾਲਤ ਵਿਚ ਚੱਲ ਰਹੇ ਕੇਸ ਵਿਚ ਸਬੰਧਤ ਧਿਰ ਨੂੰ ਸੰਮਨ ਜਾਰੀ ਕੀਤੇ ਜਾਣ ਅਤੇ ਦੂਜੀ ਧਿਰ ਅਦਾਲਤ ਵਿਚ ਪੇਸ਼ ਹੋ ਕੇ ਜ਼ਮਾਨਤ ਲਵੇ।

## ਹਰਿਆਣਾ ਮਹਿਲਾ ਕਮਿਸ਼ਨ ਵੱਲੋਂ ਰੈਪਰ ਬਾਦਸ਼ਾਹ ਨੂੰ ਗ੍ਰਿਫਤਾਰ ਕਰਨ ਦੇ ਹੁਕਮ

**ਚੰਡੀਗੜ੍ਹ**, (ਪੰਜਾਬ ਮੇਲ)- 'ਟਟੀਹਰੀ' ਗੀਤ ਦੇ ਵਿਵਾਦ ਨੂੰ ਲੈ ਕੇ ਹਰਿਆਣਾ ਮਹਿਲਾ ਕਮਿਸ਼ਨ ਨੇ ਬੌਲੀਵੁੱਡ ਸਿੰਗਰ ਅਤੇ ਰੈਪਰ ਬਾਦਸ਼ਾਹ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦਿੱਤੇ ਹਨ। ਅਸਲ ਵਿਚ ਬਾਦਸ਼ਾਹ ਨੂੰ ਸ਼ੁੱਕਰਵਾਰ ਵਾਲੇ ਦਿਨ ਪਾਣੀਪਤ ਵਿਚ ਪੇਸ਼ ਹੋਣ ਲਈ ਕਿਹਾ ਗਿਆ ਸੀ ਪਰ ਉਹ ਉੱਥੇ ਨਹੀਂ ਪਹੁੰਚੇ। ਉਨ੍ਹਾਂ ਦੇ ਵਕੀਲਾਂ ਨੇ ਕਮਿਸ਼ਨ ਅੱਗੇ ਇਹ ਦਲੀਲ ਦਿੱਤੀ ਕਿ ਬਾਦਸ਼ਾਹ ਆਪਣੇ ਕਿਸੇ ਜ਼ਰੂਰੀ ਕੰਮ ਵਿਚ ਰੁੱਝੇ ਹੋਏ ਹਨ, ਜਿਸ ਕਰਕੇ ਉਹ ਨਹੀਂ ਆ ਸਕੇ ਅਤੇ ਉਨ੍ਹਾਂ ਨੇ ਪੇਸ਼ ਹੋਣ ਲਈ ਹੋਰ ਸਮਾਂ ਮੰਗਿਆ ਹੈ।

## ਏ.ਆਈ. ਤਕਨੀਕ ਦੀ ਦੁਰਵਰਤੋਂ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਵੀਡੀਓ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਖਤ ਨੋਟਿਸ

**ਅੰਮ੍ਰਿਤਸਰ**, (ਪੰਜਾਬ ਮੇਲ)- ਆਰਟੀਫੀਸ਼ਲ ਇੰਟੈਲੀਜੈਂਸ (ਏ.ਆਈ.) ਤਕਨੀਕ ਨਾਲ ਵੀਡੀਓ ਬਣਾ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਯਾਦਾ ਨੂੰ ਠੇਸ ਪਹੁੰਚਾਉਣ ਅਤੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਵਾਲੀਆਂ ਘਟਨਾਵਾਂ ਦੇ ਲਗਾਤਾਰ ਵੱਧ ਰਹੇ ਰੁਝਾਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗਹਿਰੀ ਚਿੰਤਾ ਪ੍ਰਗਟਾਈ ਹੈ। ਵੱਖ-ਵੱਖ ਸ਼ੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਪਲੋਡ ਹੋਈਆਂ ਵੀਡੀਓ ਸਾਹਮਣੇ ਆਉਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਸਬੰਧਤ ਖਾਤਿਆਂ ਅਤੇ ਵਿਅਕਤੀਆਂ ਵਿਰੁੱਧ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਆਰਟੀਫੀਸ਼ਲ ਇੰਟੈਲੀਜੈਂਸ ਦੀ ਦੁਰਵਰਤੋਂ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਸੱਟ ਵੱਜ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਜਿਹੇ ਮਾਮਲਿਆਂ ਦੀ ਗੰਭੀਰਤਾ ਨੂੰ ਲੈ ਕੇ ਸੰਜੀਦਾ ਪਹੁੰਚ ਅਪਨਾ ਰਹੀ ਹੈ ਅਤੇ ਏ.ਆਈ. ਖੇਤਰ ਦੇ ਮਾਹਿਰਾਂ ਦੇ ਸਹਿਯੋਗ ਨਾਲ ਇਸ ਨੂੰ ਰੋਕਣ ਲਈ ਯਤਨਸ਼ੀਲ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਕੇਂਦਰੀ ਅਸਥਾਨ ਹੈ, ਜਿਥੋਂ ਸਮੁੱਚੀ ਮਨੁੱਖਤਾ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਮਿਲਦਾ ਹੈ। ਕੁਝ ਲੋਕਾਂ ਵੱਲੋਂ ਇਸ ਪਾਵਨ ਅਸਥਾਨ ਦੀਆਂ ਗ਼ਲਤ ਤਰੀਕੇ ਨਾਲ ਵੀਡੀਓ ਬਣਾ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਜਾ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

## ਸਾਬਕਾ ਵਿਧਾਇਕ ਜੱਸੀ ਖੰਗੂੜਾ ਨੂੰ ਚੋਣ ਅਮਲੇ 'ਤੇ ਹਮਲਾ ਕਰਨ ਦੇ ਮਾਮਲੇ 'ਚ ਸਜ਼ਾ

**ਲੁਧਿਆਣਾ**, (ਪੰਜਾਬ ਮੇਲ)- ਲੁਧਿਆਣਾ ਦੀ ਵਧੀਕ ਸੈਸ਼ਨ ਜੱਜ ਬਰਿੰਦਰ ਸਿੰਘ ਰੋਮਾਨਾ ਦੀ ਅਦਾਲਤ ਨੇ ਸਾਬਕਾ ਵਿਧਾਇਕ ਜਸਬੀਰ ਸਿੰਘ ਉਰਫ਼ ਜੱਸੀ ਖੰਗੂੜਾ ਅਤੇ ਉਨ੍ਹਾਂ ਦੇ ਸਾਥੀ ਗੁਰਪ੍ਰੀਤ ਸਿੰਘ ਨੂੰ 18 ਸਾਲ ਪੁਰਾਣੇ ਕੁੱਟਮਾਰ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਹੈ। ਇਹ ਮਾਮਲਾ 2008 ਦੀਆਂ ਬਲਾਕ ਸਮਿਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਨਾਲ ਜੁੜਿਆ ਹੋਇਆ ਹੈ। ਅਦਾਲਤ ਨੇ ਦੋਵਾਂ ਨੂੰ ਦੋ-ਦੋ ਸਾਲ ਦੀ ਕੈਦ ਅਤੇ 3,000-3,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਹਾਲਾਂਕਿ, ਅਦਾਲਤ ਨੇ ਇਸ ਮਾਮਲੇ ਵਿਚ ਨਾਮਜ਼ਦ 11 ਹੋਰਾਂ ਦੇ ਬਰੀ ਹੋਣ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ। ਸਜ਼ਾ ਸੁਣਾਏ ਜਾਣ ਤੋਂ ਬਾਅਦ ਦੋਵਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ।



**■ ਸਜ਼ਾ ਸੁਣਾਏ ਜਾਣ ਤੋਂ ਬਾਅਦ ਜ਼ਮਾਨਤ 'ਤੇ ਰਿਹਾਅ**

ਇਹ ਕੇਸ 12 ਮਈ 2008 ਨੂੰ ਡੇਹਲੋਂ ਪੁਲੀਸ ਸਟੇਸ਼ਨ ਵਿੱਚ ਦਰਜ ਕੀਤਾ ਗਿਆ ਸੀ। ਸ਼ਿਕਾਇਤਕਰਤਾ ਫਕੀਰ ਸਿੰਘ, ਜੋ ਉਸ ਸਮੇਂ ਚੋਣਾਂ ਦੌਰਾਨ ਪ੍ਰੀਜ਼ਾਈਡਿੰਗ ਅਫ਼ਸਰ ਵਜੋਂ ਡਿਊਟੀ ਨਿਭਾ ਰਹੇ ਸਨ, ਨੇ ਦੋਸ਼ ਲਾਇਆ ਸੀ ਕਿ ਚੋਣਾਂ ਖਤਮ ਹੋਣ ਤੋਂ ਬਾਅਦ ਜਦੋਂ ਉਹ ਬੈਲਟ ਬਾਕਸ (ਵੋਟਾਂ ਵਾਲੀਆਂ ਪੇਟੀਆਂ) ਸੀਲ ਕਰਕੇ ਜਮ੍ਹਾ ਕਰਵਾਉਣ ਜਾ ਰਹੇ ਸਨ, ਤਾਂ ਉਨ੍ਹਾਂ 'ਤੇ ਹਮਲਾ ਕੀਤਾ ਗਿਆ ਸੀ।

ਇਸ ਤੋਂ ਪਹਿਲਾਂ 2017 ਵਿਚ ਹੇਠਲੀ ਅਦਾਲਤ ਨੇ ਸਾਰਿਆਂ ਨੂੰ ਬਰੀ ਕਰ ਦਿੱਤਾ ਸੀ, ਪਰ ਸ਼ਿਕਾਇਤਕਰਤਾ ਵੱਲੋਂ ਪਾਈ ਗਈ ਅਪੀਲ 'ਤੇ ਸੁਣਵਾਈ ਕਰਦਿਆਂ ਹੁਣ ਅਦਾਲਤ ਨੇ ਜੱਸੀ ਖੰਗੂੜਾ ਅਤੇ ਗੁਰਪ੍ਰੀਤ ਸਿੰਘ ਨੂੰ ਦੋਸ਼ੀ ਠਹਿਰਾਇਆ ਹੈ।

## ਸ਼੍ਰੋਮਣੀ ਕਮੇਟੀ ਨੇ ਹੈਦਰਾਬਾਦ 'ਚ ਗੁਰਦੁਆਰਾ ਸਾਹਿਬ ਦੀ ਜਗ੍ਹਾ 'ਤੇ ਜ਼ਬਰੀ ਕਬਜ਼ੇ ਦਾ ਲਿਆ ਨੋਟਿਸ

**ਜੈਤੋ**, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹੈਦਰਾਬਾਦ ਵਿਖੇ ਗੁਰਦੁਆਰਾ ਸਾਹਿਬ ਬਰਮਬਾਲਾ ਦੀ ਜਗ੍ਹਾ 'ਤੇ ਸਥਾਨਕ ਪ੍ਰਸ਼ਾਸਨ ਵੱਲੋਂ ਜਬਰੀ ਕਬਜ਼ਾ ਕਰਨ ਦੀ ਕੀਤੀ ਜਾ ਰਹੀ ਕਾਰਵਾਈ 'ਤੇ ਗੰਭੀਰ ਸਵਾਲ ਉਠਾਉਂਦਿਆਂ ਇਸ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਨਾਲ ਸੰਬੰਧਤ ਜਗ੍ਹਾ 'ਤੇ ਇਸ ਤਰ੍ਹਾਂ ਦੀ ਜ਼ਬਰਦਸਤੀ ਕਰਨੀ ਨਾ ਸਿਰਫ਼ ਦੁਖਦਾਈ ਹੈ, ਸਗੋਂ ਇਹ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਵੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਬਰਮਬਾਲਾ ਨੂੰ ਪੁਰਾਣੇ ਸਮੇਂ ਤੋਂ ਮਿਲੀ ਹੋਈ ਜਗ੍ਹਾ 'ਤੇ ਜਬਰਨ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨਾ ਕਾਨੂੰਨ ਅਤੇ ਨਿਆਂ ਦੇ ਮੂਲ ਸਿਧਾਂਤਾਂ ਦੇ ਖ਼ਿਲਾਫ਼ ਹੈ। ਗੁਰਦੁਆਰਾ ਸਾਹਿਬ ਨਾਲ ਇਸ ਤਰ੍ਹਾਂ ਦੀ ਧੱਕੇਸ਼ਾਹੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਗੁਰਦੁਆਰਾ ਸਾਹਿਬਾਨ ਸੰਗਤ ਦੀ ਆਸਥਾ ਅਤੇ ਵਿਸ਼ਵਾਸ ਦਾ ਕੇਂਦਰ ਹਨ। ਪ੍ਰਸ਼ਾਸਕੀ ਕਾਰਵਾਈ ਦੇ ਨਾਂ 'ਤੇ ਗੁਰਦੁਆਰਾ ਸਾਹਿਬ ਦੀ ਜਗ੍ਹਾ 'ਤੇ ਜਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ 'ਤੇ ਹਮਲਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਧੱਕੇਸ਼ਾਹੀ ਵਾਲੀ ਕਾਰਵਾਈ ਤੋਂ ਤੁਰੰਤ ਪਿੱਛੇ ਹਟੇ। ਉਨ੍ਹਾਂ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਇਸ ਮਾਮਲੇ ਵਿਚ ਤੁਰੰਤ ਦਖ਼ਲ ਦੇ ਕੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਆਦਰ ਕੀਤਾ ਜਾਵੇ ਅਤੇ ਗੁਰਦੁਆਰਾ ਸਾਹਿਬ ਬਰਮਬਾਲਾ ਨਾਲ ਸਬੰਧਤ ਜਗ੍ਹਾ 'ਤੇ ਕਬਜ਼ਾ ਦੀ ਨੀਅਤ ਨਾਲ ਕੀਤੀ ਜਾ ਰਹੀ ਕਾਰਵਾਈ ਨੂੰ ਮੁਕੰਮਲ ਤੌਰ 'ਤੇ ਰੋਕਣ ਦਾ ਸਥਾਨਕ ਸੂਬੇ ਦੀ ਸਰਕਾਰ ਨੂੰ ਆਦੇਸ਼ ਕਰੇ। ਉਨ੍ਹਾਂ ਸਥਾਨਕ ਸੰਗਤਾਂ ਨੂੰ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਪੂਰਨ ਸਹਿਯੋਗ ਦੀ ਵਚਨਬਧਤਾ ਪ੍ਰਗਟਾਉਂਦਿਆਂ ਕਿਹਾ ਕਿ ਕਿਸੇ ਵੀ ਧੱਕੇਸ਼ਾਹੀ ਵਿਰੁੱਧ ਸਿੱਖ ਸੰਸਥਾ ਪੂਰੇ ਵਿਸ਼ਵ ਦੀਆਂ ਸੰਗਤਾਂ ਨਾਲ ਖੜ੍ਹੀ ਹੈ ਅਤੇ ਖੜ੍ਹੀ ਰਹੇਗੀ।

# ਲੂਮਰ ਦੇ ਹਮਲੇ ਤੋਂ ਬਾਅਦ ਆਈ.ਏ.ਏ.ਸੀ. ਨੇ ਐੱਚ-1ਬੀ ਕਰਮਚਾਰੀਆਂ ਦਾ ਕੀਤਾ ਬਚਾਅ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਇੰਡੀਅਨ ਅਮਰੀਕਨ ਐਡਵੋਕੇਸੀ ਕੌਂਸਲ (ਆਈ.ਏ.ਏ.ਸੀ.) ਨੇ ਅਮਰੀਕੀ ਰੂੜੀਵਾਦੀ ਪੱਤਰਕਾਰ ਲੌਰਾ ਲੂਮਰ ਦੀਆਂ ਭਾਰਤੀਆਂ ਅਤੇ ਐੱਚ-1ਬੀ ਵੀਜ਼ਾ 'ਤੇ ਟਿੱਪਣੀਆਂ ਦੀ ਸਖ਼ਤ ਨਿੰਦਾ ਕੀਤੀ, ਉਨ੍ਹਾਂ ਨੂੰ ਹੁਨਰਮੰਦ ਪ੍ਰਵਾਸੀਆਂ ਦਾ ਬਲੀ ਦਾ ਬੱਕਰਾ ਬਣਾਇਆ।

ਲੂਮਰ ਹਾਲ ਹੀ ਵਿਚ ਇੰਡੀਆ ਟੂਡੇ ਕਨਕਲੇਵ 'ਚ ਇੱਕ ਬੁਲਾਰੇ ਵਜੋਂ ਭਾਰਤ ਆਈ ਸੀ। ਲੂਮਰ ਨੇ ਐੱਚ-1ਬੀ ਵੀਜ਼ਾ ਅਤੇ ਇਸਦੀ ਕਥਿਤ ਦੁਰਵਰਤੋਂ ਦੇ ਵਿਰੁੱਧ ਗੱਲ ਕੀਤੀ ਸੀ। ਉਸਨੇ "ਸਸਤੇ ਭਾਰਤੀ ਮਜ਼ਦੂਰ" 'ਤੇ "ਅਮਰੀਕੀਆਂ ਨੂੰ ਬੇਰੁਜ਼ਗਾਰ ਬਣਾਉਣ ਅਤੇ ਭਾਰਤੀਆਂ ਨੂੰ ਗੁਲਾਮ ਬਣਾਉਣ" ਦਾ ਦੋਸ਼ ਲਗਾਇਆ।

ਆਈ.ਏ.ਏ.ਸੀ. ਨੇ ਦਲੀਲ ਦਿੱਤੀ ਕਿ ਲੂਮਰ ਐੱਚ-1ਬੀ ਬਾਰੇ ਗਲਤ ਹੈ ਅਤੇ ਐੱਚ-1ਬੀ ਕਾਮੇ "ਸਸਤੇ ਮਜ਼ਦੂਰ" ਨਹੀਂ ਹਨ। ਸੰਘੀ ਕਾਨੂੰਨ ਪ੍ਰਚਲਿਤ ਤਨਖਾਹਾਂ ਨੂੰ ਲਾਜ਼ਮੀ ਬਣਾਉਂਦਾ ਹੈ ਅਤੇ ਹਾਲ ਹੀ ਦੇ ਅਨੁਮਾਨ ਦਰਸਾਉਂਦੇ ਹਨ ਕਿ ਨਵੇਂ ਐੱਚ-1ਬੀ ਕਾਮਿਆਂ ਦੀ ਔਸਤ ਤਨਖਾਹ ਲਗਭਗ 110,000 ਡਾਲਰ (ਅਮਰੀਕੀ ਔਸਤ ਤੋਂ ਵੱਧ) ਹੈ। ਕਮਿਊਨਿਟੀ-ਆਧਾਰਿਤ ਵਕਾਲਤ ਸਮੂਹ ਨੇ ਇਹ ਵੀ ਦਾਅਵਾ ਕੀਤਾ ਕਿ ਜ਼ਿਆਦਾਤਰ ਭਰਤੀ ਅਮਰੀਕੀਆਂ ਨੂੰ ਬਦਲਣ ਲਈ ਨਹੀਂ, ਸਗੋਂ ਇੱਕ ਘਾਟ ਨੂੰ ਪੂਰਾ ਕਰਨ ਲਈ ਕੀਤੀ ਜਾਂਦੀ ਹੈ।

ਹੁਨਰਮੰਦ ਪ੍ਰਵਾਸੀ ਕਾਮਿਆਂ 'ਤੇ ਅਮਰੀਕਾ ਦੀ ਨਿਰਭਰਤਾ ਦਾ ਹਵਾਲਾ ਦਿੰਦੇ ਹੋਏ, ਐੱਚ-1ਬੀ ਨੇ ਸਮਝਾਇਆ ਕਿ ਏ.ਆਈ. ਅਤੇ ਉੱਨਤ ਤਕਨਾਲੋਜੀ ਖੋਜ ਵਰਗੇ ਖੇਤਰ ਐੱਚ-1ਬੀ ਕਾਮਿਆਂ ਸਮੇਤ ਵਿਸ਼ਵਵਿਆਪੀ ਪ੍ਰਤਿਭਾ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ। ਇਸ ਤੋਂ ਇਲਾਵਾ, ਸੰਗਠਨ ਨੇ ਦੱਸਿਆ ਕਿ ਸਿਹਤ ਸੰਭਾਲ ਅਤੇ ਇੰਜੀਨੀਅਰਿੰਗ ਵਰਗੇ ਹੋਰ ਖੇਤਰ ਵੀ ਪ੍ਰਵਾਸੀ ਮਜ਼ਦੂਰਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ।

ਇਸੇ ਤਰ੍ਹਾਂ ਦੇ ਆਧਾਰਾਂ ਨੂੰ ਸਵੀਕਾਰ ਕਰਦੇ ਹੋਏ, ਇਸਨੇ ਸਿੱਟਾ ਕੱਢਿਆ, "ਅਸੀਂ ਕਮੀਆਂ ਅਤੇ ਦੁਰਵਿਵਹਾਰਾਂ ਨੂੰ ਹੱਲ ਕਰਨ ਲਈ ਸਮਾਰਟ ਸੁਧਾਰਾਂ ਦਾ ਸਮਰਥਨ ਕਰਦੇ ਹਾਂ।" ਪਰ ਹੁਨਰਮੰਦ ਪ੍ਰਵਾਸੀਆਂ ਨੂੰ ਬਲੀ ਦਾ ਬੱਕਰਾ ਬਣਾਉਣਾ ਡੇਟਾ ਅਤੇ ਅਮਰੀਕਾ ਦੇ ਨਵੀਨਤਾ ਮਾਡਲ ਦੋਵਾਂ ਨੂੰ ਨਜ਼ਰਅੰਦਾਜ਼ ਕਰਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਅਮਰੀਕਾ ਵੱਲੋਂ ਹੁਣ ਤੱਕ ਈਰਾਨ ਨਾਲ ਜੰਗ 'ਤੇ ਲਗਭਗ 12 ਅਰਬ ਡਾਲਰ ਖਰਚ

**ਵਾਸ਼ਿੰਗਟਨ, (ਪੰਜਾਬ ਮੇਲ)**- ਈਰਾਨ ਅਤੇ ਅਮਰੀਕਾ ਵਿਚਕਾਰ ਜਾਰੀ ਫੌਜੀ ਟਕਰਾਅ ਦੇ ਵਿਚਕਾਰ, ਵ੍ਹਾਈਟ ਹਾਊਸ ਨੇ ਇਸ ਜੰਗ 'ਤੇ ਹੋਣ ਵਾਲੇ ਭਾਰੀ ਖਰਚੇ ਦਾ ਖੁਲਾਸਾ ਕੀਤਾ ਹੈ। ਰਾਸ਼ਟਰੀ ਆਰਥਿਕ ਕੌਂਸਲ ਦੇ ਨਿਰਦੇਸ਼ਕ ਕੇਵਿਨ ਹੈਸੈਟ ਨੇ ਐਤਵਾਰ ਨੂੰ ਦੱਸਿਆ ਕਿ ਅਮਰੀਕਾ ਹੁਣ ਤੱਕ ਈਰਾਨ ਨਾਲ ਜੰਗ 'ਤੇ ਲਗਭਗ 12 ਅਰਬ ਅਮਰੀਕੀ ਡਾਲਰ ਖਰਚ ਕਰ ਚੁੱਕਾ ਹੈ। ਹੈਸੈਟ ਨੇ ਇਹ ਜਾਣਕਾਰੀ ਮਸ਼ਹੂਰ ਪ੍ਰੋਗਰਾਮ 'ਫੇਸ ਦ ਨੇਸ਼ਨ' ਵਿਚ ਗੱਲਬਾਤ ਦੌਰਾਨ ਦਿੱਤੀ। ਜਦੋਂ ਉਨ੍ਹਾਂ ਨੂੰ ਜੰਗ 'ਤੇ ਹੋਣ ਵਾਲੇ ਹੁਣ ਤੱਕ ਦੇ ਖਰਚੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਨਵੀਂ ਰਿਪੋਰਟ ਦੇ ਹਵਾਲੇ ਨਾਲ 12 ਅਰਬ ਡਾਲਰ ਦੀ ਸੰਖਿਆ ਦੀ ਪੁਸ਼ਟੀ ਕੀਤੀ। ਇਹ ਪੁੱਛੇ ਜਾਣ 'ਤੇ ਕਿ ਕੀ ਅਮਰੀਕਾ ਨੂੰ ਜੰਗ ਜਾਰੀ ਰੱਖਣ ਲਈ ਅਮਰੀਕੀ ਸੰਸਦ (ਕਾਂਗਰਸ) ਤੋਂ ਹੋਰ ਪੈਸੇ ਮੰਗਣ ਦੀ ਲੋੜ ਪਵੇਗੀ, ਹੈਸੈਟ ਨੇ ਜਵਾਬ ਦਿੱਤਾ ਕਿ ਫਿਲਹਾਲ ਅਮਰੀਕਾ ਕੋਲ ਉਹ ਸਭ ਕੁਝ ਮੌਜੂਦ ਹੈ, ਜਿਸਦੀ ਉਸਨੂੰ ਲੋੜ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਭਵਿੱਖ ਵਿਚ ਹੋਰ ਫੰਡਾਂ ਦੀ ਮੰਗ ਕਰਨੀ ਹੈ ਜਾਂ ਨਹੀਂ, ਇਹ ਇੱਕ ਅਜਿਹਾ ਵਿਸ਼ਾ ਹੈ, ਜਿਸ ਦੀ ਪੜਤਾਲ ਪ੍ਰਬੰਧਨ ਅਤੇ ਬਜਟ ਦਫ਼ਤਰ (ਓ.ਐੱਮ.ਬੀ.) ਦੇ ਨਿਰਦੇਸ਼ਕ ਰਸੇਲ ਵਾਟ ਕਰਨਗੇ।

## ਸਰੀ-ਬਰੈਂਪਟਨ ਤੋਂ ਬਾਅਦ ਹੁਣ ਵੈਨਕੂਵਰ 'ਚ ਫਿਰੌਤੀਆਂ ਮੰਗਣ ਦਾ ਵਧਿਆ ਸਿਲਸਿਲਾ

- ਪੰਜਾਬੀ ਕਾਰੋਬਾਰੀ ਨਿਸ਼ਾਨੇ 'ਤੇ
- ਖੌਫ਼ ਦੇ ਸਾਏ ਹੇਠ ਬਿਲਡਰਾਂ ਨੇ ਜਨਤਕ ਥਾਵਾਂ ਤੋਂ ਹਟਾਏ ਨਾਮ

**ਵੈਨਕੂਵਰ, (ਪੰਜਾਬ ਮੇਲ)**- ਸਰੀ ਅਤੇ ਬਰੈਂਪਟਨ ਤੋਂ ਬਾਅਦ ਹੁਣ ਵੈਨਕੂਵਰ ਵਿੱਚ ਵੀ ਫਿਰੌਤੀਆਂ ਮੰਗਣ ਦਾ ਸਿਲਸਿਲਾ ਤੇਜ਼ ਹੋ ਗਿਆ ਹੈ, ਜਿਸ ਕਾਰਨ ਪੰਜਾਬੀ ਕਾਰੋਬਾਰੀ ਖਾਸ ਕਰਕੇ ਬਿਲਡਰ ਗਰੁੱਪ ਭਾਰੀ ਦਹਿਸ਼ਤ ਦੇ ਸਾਏ ਹੇਠ ਹਨ। ਰਿਪੋਰਟ ਮੁਤਾਬਕ, ਵੈਨਕੂਵਰ ਦੇ ਪੰਜਾਬੀ ਬਿਲਡਰਾਂ ਨੇ ਆਪਣੀ ਸੁਰੱਖਿਆ ਦੇ ਮੱਦੇਨਜ਼ਰ ਕੰਮ ਵਾਲੀਆਂ ਥਾਵਾਂ ਤੋਂ ਆਪਣੇ ਨਾਮ ਅਤੇ ਫ਼ੋਨ ਨੰਬਰਾਂ ਵਾਲੇ ਬੋਰਡ ਹਟਾਉਣੇ ਸ਼ੁਰੂ ਕਰ ਦਿੱਤੇ ਹਨ।

ਬਿਲਡਰਾਂ ਦਾ ਕਹਿਣਾ ਹੈ ਕਿ ਅਪਰਾਧੀਆਂ ਵੱਲੋਂ ਉਨ੍ਹਾਂ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ, ਜਿਸ ਕਾਰਨ ਕਈਆਂ ਨੇ ਆਪਣੇ ਪ੍ਰੋਜੈਕਟ ਤੱਕ ਰੋਕ ਦਿੱਤੇ ਹਨ। ਉਨ੍ਹਾਂ ਨੇ ਸ਼ਹਿਰ ਦੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਸਰਕਾਰੀ ਵੈੱਬਸਾਈਟਾਂ 'ਤੇ ਮੌਜੂਦ ਉਨ੍ਹਾਂ ਦੇ ਨਿੱਜੀ ਸੰਪਰਕ ਅਤੇ ਪ੍ਰੋਜੈਕਟਾਂ ਦੀ ਜਾਣਕਾਰੀ ਨੂੰ ਜਨਤਕ ਤੌਰ 'ਤੇ ਹਟਾਇਆ ਜਾਵੇ, ਕਿਉਂਕਿ ਅਪਰਾਧੀ ਇਨ੍ਹਾਂ ਵੇਰਵਿਆਂ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੇ ਹਨ।

ਜ਼ਿਕਰਯੋਗ ਹੈ ਕਿ ਸਰੀ ਅਤੇ ਬਰੈਂਪਟਨ ਵਿਚ ਪਿਛਲੇ ਕਾਫੀ ਸਮੇਂ ਤੋਂ ਦੱਖਣੀ ਏਸ਼ੀਆਈ ਕਾਰੋਬਾਰੀਆਂ ਨੂੰ ਅਜਿਹੀਆਂ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਲ 2025 ਵਿਚ ਇਕੱਲੇ ਸਰੀ ਵਿਚ ਹੀ ਫਿਰੌਤੀ ਦੀਆਂ 132 ਕੋਸ਼ਿਸ਼ਾਂ ਦਰਜ ਕੀਤੀਆਂ ਗਈਆਂ, ਜਿਨ੍ਹਾਂ ਵਿਚੋਂ ਕਈ ਮਾਮਲਿਆਂ ਵਿਚ ਗੋਲੀਆਂ ਚੱਲਣ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਸਨ।

ਵੈਨਕੂਵਰ ਪੁਲਿਸ ਨੇ ਫਿਲਹਾਲ ਫਿਰੌਤੀ ਦੇ ਚਾਰ ਮਾਮਲਿਆਂ ਦੀ ਪੁਸ਼ਟੀ ਕੀਤੀ ਹੈ, ਪਰ ਮੰਨਿਆ ਜਾ ਰਿਹਾ ਹੈ ਕਿ ਪੀੜਤਾਂ ਦੀ ਅਸਲ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੈ। ਬਿਲਡਰਾਂ ਨੇ ਸ਼ਿਕਾਇਤ ਕੀਤੀ ਹੈ ਕਿ ਪ੍ਰਸ਼ਾਸਨ ਦੀਆਂ ਪਾਰਦਰਸ਼ਤਾ ਨੀਤੀਆਂ ਅਪਰਾਧੀਆਂ ਲਈ ਸੌਖਾ ਰਾਹ ਬਣ ਰਹੀਆਂ ਹਨ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਡਰਨ ਦੀ ਬਜਾਏ ਅੱਗੇ ਆ ਕੇ ਸ਼ਿਕਾਇਤ ਦਰਜ ਕਰਵਾਉਣ, ਤਾਂ ਜੋ ਇਨ੍ਹਾਂ ਗਰੋਹਾਂ 'ਤੇ ਨਕੇਲ ਕਸੀ ਜਾ ਸਕੇ।



# ਐੱਫ.ਬੀ.ਆਈ. ਵੱਲੋਂ ਮੈਰੀਲੈਂਡ ਕਤਲ ਕੇਸ 'ਚ ਭਾਰਤੀ ਸ਼ੱਕੀ 'ਤੇ 10 ਲੱਖ ਡਾਲਰ ਦਾ ਇਨਾਮ

**ਮੈਰੀਲੈਂਡ, (ਪੰਜਾਬ ਮੇਲ)**-ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਨੇ 10 ਮਾਰਚ ਨੂੰ ਫਰਾਰ ਭਾਰਤੀ ਨਾਗਰਿਕ ਭਦਰੇਸ਼ ਕੁਮਾਰ ਚੇਤਨਭਾਈ ਪਟੇਲ (34) ਦੀ ਗ੍ਰਿਫ਼ਤਾਰੀ ਵੱਲ ਲੈ ਜਾਣ ਵਾਲੀ ਜਾਣਕਾਰੀ ਲਈ ਇਨਾਮ 250,000 ਡਾਲਰ ਤੋਂ ਵਧਾ ਕੇ 10 ਲੱਖ ਡਾਲਰ ਕਰ ਦਿੱਤਾ।

ਭਾਰਤੀ ਰਾਜ ਗੁਜਰਾਤ ਦੇ ਵੀਰਮਗਾਮ ਦੇ ਕਾਂਤਰੋਡੀ ਪਿੰਡ ਦੇ ਰਹਿਣ ਵਾਲੇ ਪਟੇਲ 'ਤੇ ਇੱਕ ਦਹਾਕੇ ਤੋਂ ਵੀ ਵੱਧ ਸਮਾਂ ਪਹਿਲਾਂ ਮੈਰੀਲੈਂਡ ਦੇ ਹੈਨੋਵਰ ਵਿਚ ਇੱਕ ਡੋਨਟ ਦੁਕਾਨ 'ਤੇ ਆਪਣੀ 21 ਸਾਲਾ ਪਤਨੀ ਦੀ ਕਥਿਤ ਤੌਰ 'ਤੇ ਹੱਤਿਆ ਕਰਨ ਦਾ ਦੋਸ਼ ਹੈ।

ਜਾਂਚਕਰਤਾਵਾਂ ਦੇ ਅਨੁਸਾਰ, ਇਹ ਜੋੜਾ 12 ਅਪ੍ਰੈਲ, 2015 ਨੂੰ ਰਾਤ ਦੀ ਸ਼ਿਫਟ ਵਿਚ ਕੰਮ ਕਰ ਰਿਹਾ ਸੀ, ਜਦੋਂ ਪਟੇਲ ਕਥਿਤ ਤੌਰ 'ਤੇ ਆਪਣੀ ਪਤਨੀ ਨੂੰ ਪਿਛਲੇ ਕਮਰੇ ਵਿਚ ਲੈ ਗਿਆ ਅਤੇ ਤੇਜ਼ਧਾਰ ਹਥਿਆਰ ਨਾਲ ਉਸ 'ਤੇ



ਕਈ ਵਾਰ ਕੀਤੇ। ਨਿਗਰਾਨੀ ਫੁਟੇਜ ਵਿਚ ਦੋਵੇਂ ਸਟੋਰ ਦੇ ਪਿਛਲੇ ਪਾਸੇ ਜਾਂਦੇ ਦਿਖਾਈ ਦੇ ਰਹੇ ਹਨ।

ਪਲਕ ਨੂੰ ਫਿਰ ਕਦੇ ਨਹੀਂ ਦੇਖਿਆ ਗਿਆ। ਪਲਕ ਪਟੇਲ ਦੇ ਮ੍ਰਿਤਕ ਪਾਏ ਜਾਣ ਤੋਂ ਕੁਝ ਘੰਟੇ ਬਾਅਦ ਉਸਨੂੰ ਆਖਰੀ ਵਾਰ 13 ਅਪ੍ਰੈਲ, 2015 ਦੀ ਸਵੇਰ ਨੂੰ ਨੇਵਾਰਕ ਪੇਨ ਸਟੇਸ਼ਨ 'ਤੇ ਦੇਖਿਆ ਗਿਆ ਸੀ।

2017 ਵਿਚ ਐੱਫ.ਬੀ.ਆਈ. ਦੀ ਦਸ ਸਭ ਤੋਂ ਵੱਧ ਲੋੜੀਂਦੇ ਭਗੌੜਿਆਂ ਦੀ ਸੂਚੀ ਵਿਚ ਸ਼ਾਮਲ ਕੀਤੇ ਜਾਣ ਤੋਂ ਬਾਅਦ, ਏਜੰਸੀ ਨੇ ਚੇਤਾਵਨੀ ਦਿੱਤੀ ਕਿ ਪਟੇਲ ਹਥਿਆਰਬੰਦ ਅਤੇ ਖ਼ਤਰਨਾਕ ਹੋ ਸਕਦਾ ਹੈ। ਐੱਫ.ਬੀ.ਆਈ. ਬਾਲਟੀਮੋਰ ਦੇ ਸਪੈਸ਼ਲ ਏਜੰਟ ਜਿੰਮੀ ਪਾਲ ਨੇ ਕਿਹਾ, "ਸਾਨੂੰ ਉਮੀਦ ਹੈ ਕਿ ਇਹ 10 ਲੱਖ ਡਾਲਰ ਦਾ ਇਨਾਮ ਭਦਰੇਸ਼ ਕੁਮਾਰ ਪਟੇਲ ਦੀ ਸਾਡੀ ਅਣਥੱਕ ਖੋਜ ਵੱਲ ਹੋਰ ਧਿਆਨ ਖਿੱਚੇਗਾ ਅਤੇ ਪਲਕ ਪਟੇਲ ਨੂੰ ਇਨਸਾਫ਼ ਦਿਵਾਉਣ ਲਈ ਲੋੜੀਂਦੇ ਸੁਰਾਗ ਪ੍ਰਦਾਨ ਕਰੇਗਾ, ਜਿਸਦਾ ਉਸਦੇ ਪਤੀ ਦੁਆਰਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ।" ਵਧਿਆ ਹੋਇਆ ਇਨਾਮ ਪਟੇਲ ਦੇ ਅਪਰਾਧਾਂ ਦੀ ਗੰਭੀਰਤਾ ਅਤੇ ਐੱਫ.ਬੀ.ਆਈ. ਦੀ ਦਸ ਸਭ ਤੋਂ ਵੱਧ ਲੋੜੀਂਦੇ ਭਗੌੜਿਆਂ ਦੀ ਸੂਚੀ ਵਿਚ ਉਸਦੇ ਸ਼ਾਮਲ ਹੋਣ ਨੂੰ ਦਰਸਾਉਂਦਾ ਹੈ।

ਪਟੇਲ 'ਤੇ ਮੁਕੱਦਮੇ ਤੋਂ ਬਚਣ ਲਈ ਗੈਰ-ਕਾਨੂੰਨੀ ਭੱਜਣ, ਪਹਿਲੀ-ਡਿਗਰੀ ਕਤਲ, ਦੂਜੀ-ਡਿਗਰੀ ਕਤਲ, ਪਹਿਲੀ-ਡਿਗਰੀ ਹਮਲਾ, ਦੂਜੀ-ਡਿਗਰੀ ਹਮਲਾ ਅਤੇ ਜ਼ਖਮੀ ਕਰਨ ਦੇ ਇਰਾਦੇ ਨਾਲ ਖਤਰਨਾਕ ਹਥਿਆਰ ਰੱਖਣ ਦੇ ਦੋਸ਼ ਲਗਾਏ ਗਏ ਹਨ।

# ਐੱਚ-1ਬੀ ਪਟੀਸ਼ਨ ਨਿਯਮ ਨਵੇਂ ਯੂ.ਐੱਸ.ਸੀ.ਆਈ.ਐੱਸ. ਫਾਰਮ ਨਾਲ ਅੱਪਡੇਟ; 1 ਅਪ੍ਰੈਲ ਤੋਂ ਲਾਜ਼ਮੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਇਹ ਨਵਾਂ ਫਾਰਮ ਯੂ.ਐੱਸ.ਸੀ.ਆਈ.ਐੱਸ. ਦੁਆਰਾ 1 ਅਪ੍ਰੈਲ, 2026 ਨੂੰ ਜਾਂ ਇਸ ਤੋਂ ਬਾਅਦ ਪ੍ਰਾਪਤ ਹੋਈਆਂ ਸਾਰੀਆਂ ਪਟੀਸ਼ਨਾਂ ਲਈ ਲਾਜ਼ਮੀ ਹੈ।

ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਐੱਚ-1ਬੀ ਭਰਤੀ ਵਿਚ ਵਧੇਰੇ ਪਾਰਦਰਸ਼ਤਾ ਲਿਆਉਣ ਲਈ ਯਤਨ ਕੀਤੇ ਹਨ ਅਤੇ ਮਾਲਕਾਂ ਨੂੰ ਨਵਾਂ ਫਾਰਮ ਆਈ-129 ਦਾਇਰ ਕਰਦੇ ਸਮੇਂ ਨੌਕਰੀ ਦੀਆਂ ਜ਼ਰੂਰਤਾਂ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਦੀ ਮੰਗ ਕਰ ਰਿਹਾ ਹੈ।

ਫਾਰਮ ਆਈ-129 ਮਾਲਕਾਂ ਦੁਆਰਾ ਯੂ.ਐੱਸ.ਸੀ.ਆਈ.ਐੱਸ. ਨਾਲ ਦਾਇਰ ਕੀਤਾ ਜਾਂਦਾ ਹੈ, ਤਾਂ ਜੋ ਇੱਕ ਵਿਦੇਸ਼ੀ ਕਰਮਚਾਰੀ ਨੂੰ ਸੰਯੁਕਤ ਰਾਜ ਵਿਚ ਅਸਥਾਈ ਤੌਰ 'ਤੇ ਕੰਮ ਕਰਨ ਦੀ ਆਗਿਆ ਦਿੱਤੀ ਜਾ ਸਕੇ। ਇਹ ਨਵਾਂ ਫਾਰਮ, ਜੋ 28 ਫਰਵਰੀ ਨੂੰ ਜਾਰੀ ਕੀਤਾ ਗਿਆ ਸੀ, ਯੂ.ਐੱਸ.ਸੀ.ਆਈ.ਐੱਸ. ਦੁਆਰਾ




ਸਿਰਫ਼ 1 ਅਪ੍ਰੈਲ, 2026 ਨੂੰ ਜਾਂ ਉਸ ਤੋਂ ਬਾਅਦ ਡਾਕ ਰਾਹੀਂ ਪ੍ਰਾਪਤ ਹੋਈਆਂ ਅਰਜ਼ੀਆਂ ਲਈ ਸਵੀਕਾਰ ਕੀਤਾ ਜਾਵੇਗਾ।

ਬਿਨੈਕਾਰਾਂ ਨੂੰ ਹੁਣ ਆਈ-129 ਰਾਹੀਂ ਯੂ.ਐੱਸ.ਸੀ.ਆਈ.ਐੱਸ. ਵਿਚ ਅਰਜ਼ੀ ਦਿੰਦੇ ਸਮੇਂ ਘੱਟੋ-ਘੱਟ ਲੋੜੀਂਦੀ ਸਿੱਖਿਆ, ਅਧਿਐਨ ਦਾ ਖਾਸ ਖੇਤਰ, ਲੋੜੀਂਦੇ ਕੰਮ ਦੇ ਤਜ਼ਰਬੇ ਦੇ ਸਾਲਾਂ, ਅਹੁਦੇ ਲਈ ਲੋੜੀਂਦੇ ਵਿਸ਼ੇਸ਼ ਹੁਨਰ ਅਤੇ ਐੱਚ-1ਬੀ ਕਰਮਚਾਰੀ ਦੁਆਰਾ ਨਿਗਰਾਨੀ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਗਿਣਤੀ (ਜੇਕਰ ਅਹੁਦਾ ਸੁਪਰਵਾਈਜ਼ਰੀ ਪ੍ਰਕਿਰਤੀ ਦਾ ਹੈ) ਦੱਸਣ ਦੀ ਲੋੜ ਹੋਵੇਗੀ।

ਵਿੱਤੀ ਸਾਲ 2027 ਲਈ ਐੱਚ-1ਬੀ ਅਰਜ਼ੀਆਂ ਲਈ ਸ਼ੁਰੂਆਤੀ ਰਜਿਸਟ੍ਰੇਸ਼ਨ ਮਿਆਦ 4 ਮਾਰਚ ਤੋਂ ਸ਼ੁਰੂ ਹੋਵੇਗੀ ਅਤੇ 19 ਮਾਰਚ ਨੂੰ ਖਤਮ ਹੋਵੇਗੀ।

# ਅਮਰੀਕਾ ਪਿਸ਼ਾਵਰ ਵਿਚਲਾ ਕੌਂਸਲਖਾਨਾ ਪੱਕੇ ਤੌਰ 'ਤੇ ਕਰੇਗਾ ਬੰਦ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਵਿਦੇਸ਼ ਵਿਭਾਗ ਪਾਕਿਸਤਾਨ ਦੇ ਪਿਸ਼ਾਵਰ ਵਿਚ ਸਥਿਤ ਆਪਣੇ ਕੌਂਸਲਖ਼ਾਨੇ ਨੂੰ ਪੱਕੇ ਤੌਰ 'ਤੇ ਬੰਦ ਕਰ ਰਿਹਾ ਹੈ। ਇਹ ਅਫ਼ਗਾਨਿਸਤਾਨ ਦੀ ਸਰਹੱਦ ਦਾ ਸਭ ਤੋਂ ਨਜ਼ਦੀਕੀ ਅਮਰੀਕੀ ਸਫ਼ਾਰਤੀ ਮਿਸ਼ਨ ਸੀ। 2001 ਵਿਚ ਅਫ਼ਗਾਨਿਸਤਾਨ 'ਤੇ ਹੋਏ ਹਮਲੇ ਤੋਂ ਪਹਿਲਾਂ, ਉਸ ਦੌਰਾਨ ਅਤੇ ਬਾਅਦ ਵਿਚ ਅਮਰੀਕਾ ਲਈ ਇਹ ਕਾਰਜਾਂ ਅਤੇ ਸੈਨਿਕ ਯੋਜਨਾਬੰਦੀ ਦਾ ਮੁੱਖ ਕੇਂਦਰ ਰਿਹਾ ਹੈ। ਵਿਦੇਸ਼ ਵਿਭਾਗ ਨੇ ਇਸ ਹਫ਼ਤੇ ਅਮਰੀਕੀ ਕਾਂਗਰਸ ਨੂੰ ਇਸ ਫੈਸਲੇ ਦੀ ਸੂਚਨਾ ਦਿੱਤੀ। ਮਿਲੀ ਜਾਣਕਾਰੀ ਮੁਤਾਬਕ, ਇਸ ਕੌਂਸਲਖ਼ਾਨੇ ਨੂੰ ਬੰਦ ਕਰਨ ਨਾਲ ਸਾਲਾਨਾ 75 ਲੱਖ ਅਮਰੀਕੀ ਡਾਲਰ ਦੀ ਬਚਤ ਹੋਵੇਗੀ। ਵਿਭਾਗ ਦਾ ਕਹਿਣਾ ਹੈ ਕਿ ਇਸ ਫ਼ੈਸਲੇ ਨਾਲ ਪਾਕਿਸਤਾਨ ਵਿਚ ਅਮਰੀਕੀ ਕੌਮੀ ਹਿੱਤਾਂ ਨੂੰ ਅੱਗੇ ਵਧਾਉਣ ਦੀ ਸਮਰੱਥਾ 'ਤੇ ਕੋਈ ਮਾੜਾ ਅਸਰ ਨਹੀਂ ਪਵੇਗਾ। ਇਹ ਕਦਮ ਇੱਕ ਸਾਲ ਤੋਂ ਵੱਧ ਸਮੇਂ ਤੋਂ ਵਿਚਾਰ ਅਧੀਨ ਸੀ, ਕਿਉਂਕਿ ਟਰੰਪ ਪ੍ਰਸ਼ਾਸਨ ਨੇ ਲਗਪਗ ਸਾਰੀਆਂ ਫੈਡਰਲ ਏਜੰਸੀਆਂ ਦਾ ਆਕਾਰ ਘਟਾਉਣਾ ਸ਼ੁਰੂ ਕੀਤਾ ਹੋਇਆ ਹੈ। ਅਮਰੀਕਾ ਨੇ ਸਾਫ਼ ਕੀਤਾ ਹੈ ਕਿ ਇਸ ਫ਼ੈਸਲੇ ਦਾ ਇਰਾਨ ਜੰਗ ਨਾਲ ਕੋਈ ਸਰੋਕਾਰ ਨਹੀਂ ਹੈ।

# ਭਾਰਤੀ-ਅਮਰੀਕੀ ਭਰਾਵਾਂ ਨੂੰ ਮੈਡੀਕੇਡ ਧੋਖਾਧੜੀ ਦਾ ਦੋਸ਼ੀ ਠਹਿਰਾਇਆ ਗਿਆ

**ਪੈਨਸਿਲਵੇਨੀਆ, (ਪੰਜਾਬ ਮੇਲ)**- ਅਮਰੀਕੀ ਨਿਆਂ ਵਿਭਾਗ ਨੇ ਕਿਹਾ ਕਿ ਦੋ ਭਾਰਤੀ-ਅਮਰੀਕੀ ਭਰਾਵਾਂ ਨੂੰ ਇੱਕ ਸੰਘੀ ਜਿਊਰੀ ਨੇ ਵੀਜ਼ਾ ਅਤੇ ਸਿਹਤ ਸੰਭਾਲ ਧੋਖਾਧੜੀ ਰੈਕੇਟ ਚਲਾਉਣ ਲਈ ਦੋਸ਼ੀ ਠਹਿਰਾਇਆ ਹੈ, ਜਿਸ ਕਾਰਨ ਪੈਨਸਿਲਵੇਨੀਆ ਮੈਡੀਕੇਡ ਨੂੰ 32 ਮਿਲੀਅਨ ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ।



ਭਾਸਕਰ ਸਵਾਨੀ ਅਤੇ ਅਰੁਣ ਸਵਾਨੀ ਨੂੰ 'ਸਵਾਨੀ ਗਰੁੱਪ' ਨਾਮਕ ਇੱਕ ਅਪਰਾਧਿਕ ਗਿਰੋਹ ਚਲਾਉਣ ਦਾ ਦੋਸ਼ੀ ਪਾਇਆ ਗਿਆ ਸੀ, ਜਿਸ ਬਾਰੇ ਸਰਕਾਰੀ ਵਕੀਲਾਂ ਨੇ ਕਿਹਾ ਸੀ ਕਿ ਉਨ੍ਹਾਂ ਨੇ ਦੰਦਾਂ ਦੇ ਕਲੀਨਿਕਾਂ ਦੇ ਇੱਕ ਨੈੱਟਵਰਕ ਰਾਹੀਂ ਕਈ ਧੋਖਾਧੜੀ ਯੋਜਨਾਵਾਂ ਚਲਾਈਆਂ ਸਨ।

ਮੁਕੱਦਮੇ ਵਿਚ ਪੇਸ਼ ਕੀਤੇ ਗਏ ਸਬੂਤਾਂ ਦੇ ਅਨੁਸਾਰ, ਭਾਸਕਰ ਸਵਾਨੀ, ਜੋ ਕਿ ਪੇਸ਼ੇ ਤੋਂ ਦੰਦਾਂ ਦਾ ਡਾਕਟਰ ਸੀ, ਸਮੂਹ ਦੇ ਦੰਦਾਂ ਦੇ ਕਲੀਨਿਕਾਂ ਨੂੰ ਨਿਯੰਤਰਿਤ ਕਰਦਾ ਸੀ, ਜਦੋਂ ਕਿ ਅਰੁਣ ਸਵਾਨੀ ਗਿਰੋਹ ਦੇ ਵਿੱਤ ਅਤੇ ਜਾਇਦਾਦ ਦਾ ਪ੍ਰਬੰਧਨ ਕਰਦਾ ਸੀ। ਤੀਜੀ ਦੋਸ਼ੀ, ਅਲੈਗਜ਼ੈਂਡਰਾ "ਓਲਾ" ਰਾਡੋਮਿਆਕ, ਜੋ ਕਿ ਲੰਬੇ ਸਮੇਂ ਤੋਂ ਸਵਾਨੀ ਗਰੁੱਪ ਦੀ ਕਰਮਚਾਰੀ ਅਤੇ ਕਾਰਜਕਾਰੀ ਸੀ, ਉਸ ਨੇ ਵੀ ਸਿਹਤ ਸੰਭਾਲ ਧੋਖਾਧੜੀ ਯੋਜਨਾ ਵਿਚ ਆਪਣੀ ਭੂਮਿਕਾ ਲਈ ਦੋਸ਼ ਮੰਨਿਆ। ਸਰਕਾਰੀ ਵਕੀਲਾਂ ਨੇ ਕਿਹਾ ਕਿ ਇਸ ਸਮੂਹ ਨੇ ਵਿਦੇਸ਼ੀ ਕਾਮਿਆਂ ਨੂੰ ਗੈਰ-ਕਾਨੂੰਨੀ ਤੌਰ 'ਤੇ ਨੌਕਰੀ 'ਤੇ ਰੱਖਣ ਲਈ ਧੋਖਾਧੜੀ ਵਾਲੇ ਐੱਚ-1ਬੀ ਵੀਜ਼ਾ ਅਰਜ਼ੀਆਂ ਦਾਇਰ ਕੀਤੀਆਂ ਅਤੇ ਕੁਝ ਕਰਮਚਾਰੀਆਂ ਤੋਂ ਤਨਖਾਹ ਰਿਸ਼ਵਤ ਦੀ ਮੰਗ ਕੀਤੀ। ਇਹ ਗਿਰੋਹ ਉਨ੍ਹਾਂ ਦੰਦਾਂ ਦੇ ਡਾਕਟਰਾਂ ਦੇ ਨਾਵਾਂ ਦੀ ਵਰਤੋਂ ਕਰਕੇ ਸਿਹਤ ਸੰਭਾਲ ਪ੍ਰੋਗਰਾਮਾਂ ਨੂੰ ਬਿੱਲ ਵੀ ਭੇਜਦਾ ਸੀ, ਜਿਨ੍ਹਾਂ ਨੇ ਮਰੀਜ਼ਾਂ ਦਾ ਇਲਾਜ ਨਹੀਂ ਕੀਤਾ ਸੀ। ਅਧਿਕਾਰੀਆਂ ਨੇ ਕਿਹਾ ਕਿ ਮੈਡੀਕੇਡ ਵੱਲੋਂ ਸਵਾਨੀ ਗਰੁੱਪ ਨਾਲ ਇਕਰਾਰਨਾਮੇ ਖਤਮ ਕਰਨ ਤੋਂ ਬਾਅਦ ਵੀ, ਬਚਾਓ ਪੱਖ ਨੇ ਮਨੋਨੀਤ ਦੰਦਾਂ ਦੇ ਡਾਕਟਰਾਂ ਰਾਹੀਂ ਦਾਅਵੇ ਜਮ੍ਹਾ ਕਰਨਾ ਜਾਰੀ ਰੱਖਿਆ।

ਉਸਨੂੰ ਇੱਕ ਗ੍ਰੈਂਡ ਜਿਊਰੀ ਜਾਂਚ ਵਿਚ ਰੁਕਾਵਟ ਪਾਉਣ, ਮਨੀ ਲਾਂਡਰਿੰਗ ਧੋਖਾਧੜੀ, ਵਾਇਰ ਧੋਖਾਧੜੀ, ਡਾਕ ਧੋਖਾਧੜੀ ਅਤੇ ਵਿੱਤੀ ਲੈਣ-ਦੇਣ ਦੇ ਇੱਕ ਗੁੰਝਲਦਾਰ ਨੈੱਟਵਰਕ ਰਾਹੀਂ ਗੈਰ-ਕਾਨੂੰਨੀ ਕਮਾਈ ਨੂੰ ਲਾਂਡਰਿੰਗ ਕਰਨ ਦਾ ਵੀ ਦੋਸ਼ੀ ਪਾਇਆ ਗਿਆ। ਭਾਸਕਰ ਸਵਾਨੀ ਨੂੰ ਅੰਤਰਰਾਜੀ ਵਪਾਰ ਵਿਚ ਮਿਲਾਵਟੀ ਅਤੇ ਗਲਤ ਲੇਬਲ ਵਾਲੇ ਮੈਡੀਕਲ ਉਪਕਰਣ ਨੂੰ ਵੰਡਣ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਵੀ ਠਹਿਰਾਇਆ ਗਿਆ ਸੀ। ਉਸਨੂੰ ਵੱਧ ਤੋਂ ਵੱਧ 420 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ, ਜਦੋਂ ਕਿ ਅਰੁਣ ਸਵਾਨੀ ਨੂੰ 415 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਸਜ਼ਾ ਸੁਣਾਉਣ ਦੀ ਸੁਣਵਾਈ ਕ੍ਰਮਵਾਰ 8 ਜੁਲਾਈ ਅਤੇ 9 ਜੁਲਾਈ ਨੂੰ ਹੋਣੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## ਹੁਣ ਚਾਈਨਾ ਦੀ ਯੂਨੀਵਰਸਿਟੀ 'ਚ ਪੜ੍ਹਾਈ ਜਾਵੇਗੀ ਪੰਜਾਬੀ ਭਾਸ਼ਾ!

**ਬੀਜਿੰਗ, (ਪੰਜਾਬ ਮੇਲ)**- ਪੰਜਾਬੀ ਭਾਸ਼ਾ ਦੁਨੀਆਂ ਦੀਆਂ ਮਹੱਤਵਪੂਰਨ ਭਾਸ਼ਾਵਾਂ ਵਿਚੋਂ ਇੱਕ ਹੈ ਅਤੇ ਇਹ ਸਿਰਫ਼ ਭਾਰਤ ਤੱਕ ਹੀ ਸੀਮਿਤ ਨਹੀਂ ਰਹੀ। ਪੰਜਾਬੀ ਭਾਸ਼ਾ ਲਾਗਾਤਰ ਵਿਦੇਸ਼ਾਂ ਵਿਚ ਪ੍ਰਫਲਿਤ ਹੋ ਰਹੀ ਹੈ। ਚੀਨ ਦੀ ਬੀਜਿੰਗ ਫੌਰਨ ਸਟੱਡੀਜ਼ ਯੂਨੀਵਰਸਿਟੀ' (ਬੀ.ਐੱਫ.ਐੱਸ.ਯੂ.) ਨੇ ਆਪਣੇ ਵਿਦੇਸ਼ੀ ਅਤੇ ਭਾਰਤੀ ਭਾਸ਼ਾਵਾਂ ਦੇ ਕੋਰਸਾਂ ਵਿਚ ਹੁਣ ਪੰਜਾਬੀ ਭਾਸ਼ਾ ਨੂੰ ਵੀ ਸ਼ਾਮਲ ਕਰ ਲਿਆ ਹੈ। ਇਸ ਦੇ ਨਾਲ ਹੀ ਪੰਜਾਬੀ ਇਸ ਯੂਨੀਵਰਸਿਟੀ ਵਿਚ ਪੜ੍ਹਾਈ ਜਾਣ ਵਾਲੀ 102ਵੀਂ ਭਾਸ਼ਾ ਬਣ ਗਈ ਹੈ।

ਇਸ ਤੋਂ ਪਹਿਲਾਂ ਇੱਥੇ ਹਿੰਦੀ, ਤਾਮਿਲ ਤੇ ਉਰਦੂ ਸਮੇਤ 101 ਭਾਸ਼ਾਵਾਂ ਪੜ੍ਹਾਈਆਂ ਜਾ ਰਹੀਆਂ ਹਨ। ਇਹ ਕੋਰਸ ਮੁੱਖ ਤੌਰ 'ਤੇ ਚੀਨੀ ਵਿਦਿਆਰਥੀਆਂ, ਡਿਪਲੋਮੈਟਾਂ ਤੇ ਸਰਕਾਰੀ ਅਧਿਕਾਰੀਆਂ ਲਈ ਹੁੰਦੇ ਹਨ, ਤਾਂ ਕਿ ਉਹ ਵਿਦੇਸ਼ੀ ਭਾਸ਼ਾਵਾਂ ਵਿਚ ਮਾਹਰ ਹੋ ਸਕਣ।

ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਸਿਖਾਉਣ ਲਈ ਬਠਿੰਡਾ ਦੀ ਕੇਂਦਰੀ ਪੰਜਾਬ ਯੂਨੀਵਰਸਿਟੀ (ਸੀ.ਯੂ.ਪੀ.ਬੀ.) ਦੀ ਸਾਬਕਾ ਪ੍ਰੋਫੈਸਰ ਅਤੇ ਡੀਨ ਡਾ. ਜ਼ਮੀਰਪਾਲ ਕੌਰ ਸੰਧੂ ਬਾਜਵਾ ਨੂੰ ਨਿਯੁਕਤ ਕੀਤਾ ਹੈ। ਡਾ. ਕੌਰ ਨੇ ਦੱਸਿਆ ਕਿ ਉਹ ਉੱਥੇ ਸਿਰਫ਼ ਭਾਸ਼ਾ ਹੀ ਨਹੀਂ, ਸਗੋਂ ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ ਵੀ ਪੜ੍ਹਾਉਣਗੇ। ਇਸ ਤੋਂ ਇਲਾਵਾ ਉਨ੍ਹਾਂ ਦੀ ਇੱਕ ਅਹਿਮ ਜ਼ਿੰਮੇਵਾਰੀ ਚੀਨੀ ਅਧਿਆਪਕਾਂ ਨੂੰ ਸਿਖਲਾਈ ਦੇਣਾ ਹੋਵੇਗੀ, ਤਾਂ ਕਿ ਆਉਣ ਵਾਲੇ ਸਮੇਂ ਵਿਚ ਉਹ ਖੁਦ ਚੀਨੀ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾ ਸਕਣ। ਅੱਜਕੱਲ੍ਹ ਪੰਜਾਬੀ ਕਈ ਦੇਸ਼ਾਂ ਵਿਚ ਪੜ੍ਹਾਈ ਅਤੇ ਸਿੱਖਾਈ ਜਾਂਦੀ ਹੈ। ਮੁੱਖ ਤੌਰ 'ਤੇ ਭਾਰਤ ਅਤੇ ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਦਾ ਵੱਡਾ ਪ੍ਰਚਲਨ ਹੈ। ਭਾਰਤ ਦੇ ਪੰਜਾਬ ਸੂਬੇ ਵਿਚ ਇਹ ਸਰਕਾਰੀ ਭਾਸ਼ਾ ਹੈ ਅਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਾਈ ਜਾਂਦੀ ਹੈ। ਪਾਕਿਸਤਾਨ ਦੇ ਪੰਜਾਬ ਸੂਬੇ ਵਿਚ ਵੀ ਪੰਜਾਬੀ ਲੋਕਾਂ ਦੀ ਬੋਲਚਾਲ ਦੀ ਮਹੱਤਵਪੂਰਨ ਭਾਸ਼ਾ ਹੈ।

# ਟਰੰਪ ਵੱਲੋਂ ਅੰਬਾਨੀ ਦੇ ਰਿਲਾਇੰਸ ਨਾਲ ਟੈਕਸਾਸ ਰਿਫਾਇਨਰੀ ਸੌਦੇ ਦਾ ਉਦਘਾਟਨ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 10 ਮਾਰਚ ਨੂੰ ਟੈਕਸਾਸ ਦੇ ਬ੍ਰਾਊਨਸਵਿਲ ਵਿਚ ਇੱਕ ਤੇਲ ਰਿਫਾਇਨਰੀ ਖੋਲ੍ਹਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਅਤੇ ਇਸ ਪ੍ਰੋਜੈਕਟ ਦਾ ਸਿਹਰਾ ਭਾਰਤੀ ਸਮੂਹ ਰਿਲਾਇੰਸ ਇੰਡਸਟਰੀਜ਼ ਨੂੰ ਦਿੱਤਾ।

ਟਰੁੱਥ ਸੋਸ਼ਲ 'ਤੇ ਐਲਾਨ ਕਰਦੇ ਹੋਏ, ਟਰੰਪ ਨੇ ਇਸ ਕਦਮ ਨੂੰ "ਸੱਚਾ ਊਰਜਾ ਦਬਦਬਾ" ਕਿਹਾ। ਟਰੰਪ ਨੇ ਕਿਹਾ ਕਿ ਇਹ ਪ੍ਰੋਜੈਕਟ 50 ਸਾਲਾਂ ਵਿਚ ਦੇਸ਼ ਦੀ ਪਹਿਲੀ ਤੇਲ ਰਿਫਾਇਨਰੀ ਹੋਵੇਗੀ।

ਬ੍ਰਾਊਨਸਵਿਲ ਰਿਫਾਇਨਰੀ ਅਮਰੀਕੀ ਕੰਪਨੀ ਅਮਰੀਕਾ ਫਸਟ ਰਿਫਾਇਨਿੰਗ ਅਤੇ ਭਾਰਤੀ ਊਰਜਾ ਕੰਪਨੀ ਰਿਲਾਇੰਸ ਦੁਆਰਾ ਸਾਂਝੇ ਤੌਰ 'ਤੇ ਬਣਾਈ ਜਾਵੇਗੀ। ਟਰੰਪ ਨੇ ਕਿਹਾ, "ਇਹ 300 ਬਿਲੀਅਨ ਡਾਲਰ ਦਾ ਇਤਿਹਾਸਕ ਸੌਦਾ ਹੈ — ਅਮਰੀਕੀ ਇਤਿਹਾਸ ਦਾ ਸਭ ਤੋਂ ਵੱਡਾ, ਅਮਰੀਕੀ ਕਾਮਿਆਂ, ਊਰਜਾ ਅਤੇ ਦੱਖਣੀ ਟੈਕਸਾਸ ਦੇ ਮਹਾਨ ਲੋਕਾਂ ਲਈ ਇੱਕ ਵੱਡੀ ਜਿੱਤ! ਇਸ ਜ਼ਬਰਦਸਤ ਨਿਵੇਸ਼ ਲਈ ਭਾਰਤ ਵਿਚ ਸਾਡੇ ਭਾਈਵਾਲਾਂ ਅਤੇ ਉਨ੍ਹਾਂ ਦੀ ਸਭ ਤੋਂ ਵੱਡੀ ਨਿੱਜੀ ਊਰਜਾ ਕੰਪਨੀ, ਰਿਲਾਇੰਸ ਦਾ ਧੰਨਵਾਦ।"

ਟਰੰਪ ਨੇ ਇਸ ਸਮਝੌਤੇ ਨੂੰ ਆਪਣੀ ਸਰਕਾਰ ਦੇ



"ਅਮਰੀਕਾ ਫਸਟ ਏਜੰਡੇ, ਪਰਮਿਟ ਪ੍ਰਕਿਰਿਆ ਨੂੰ ਸਰਲ ਬਣਾਉਣ ਅਤੇ ਟੈਕਸ ਘਟਾਉਣ" ਨਾਲ ਜੋੜਿਆ ਅਤੇ ਕਿਹਾ ਕਿ ਨਵੀਂ ਰਿਫਾਇਨਰੀ ਅਮਰੀਕੀ ਬਾਜ਼ਾਰਾਂ ਨੂੰ ਹੁਲਾਰਾ ਦੇਵੇਗੀ, ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰੇਗੀ, ਅਮਰੀਕੀ ਊਰਜਾ ਉਤਪਾਦਨ ਵਧਾਏਗੀ ਅਤੇ ਅਰਬਾਂ ਡਾਲਰ ਦੇ ਆਰਥਿਕ ਲਾਭ ਪ੍ਰਦਾਨ ਕਰੇਗੀ।

ਟਰੰਪ ਨੇ ਅੱਗੇ ਕਿਹਾ ਕਿ ਇਸ ਕਦਮ ਨਾਲ ਗਲੋਬਲ ਨਿਰਯਾਤ ਨੂੰ ਵੀ ਹੁਲਾਰਾ ਮਿਲੇਗਾ ਅਤੇ ਖੇਤਰ ਵਿਚ ਨੌਕਰੀਆਂ ਅਤੇ ਵਿਕਾਸ ਦੇ ਮੌਕੇ ਪੈਦਾ ਹੋਣਗੇ।

# ਇਰਾਨ ਜੰਗ : ਅਮਰੀਕਾ 'ਚ ਊਰਜਾ ਸੰਕਟ ਧਾਰ ਸਕਦੈ ਭਿਆਨਕ ਰੂਪ!

**ਵਾਸ਼ਿੰਗਟਨ, (ਪੰਜਾਬ ਮੇਲ)**- ਇਰਾਨ ਜੰਗ ਵਿਚਾਲੇ ਅਮਰੀਕਾ ਦੇ ਤੇਲ ਅਤੇ ਗੈਸ ਸੈਕਟਰ ਦੀਆਂ ਦਿੱਗਜ ਕੰਪਨੀਆਂ ਨੇ ਵ੍ਹਾਈਟ ਹਾਊਸ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਨੀਤੀਗਤ ਤਰੀਕੇ ਨਾਲ ਤੁਰੰਤ ਸੁਧਾਰ ਨਾ ਕੀਤੇ ਗਏ, ਤਾਂ ਦੇਸ਼ ਵਿਚ ਊਰਜਾ ਸੰਕਟ ਹੋਰ ਵੀ ਭਿਆਨਕ ਰੂਪ ਧਾਰਨ ਕਰ ਸਕਦਾ ਹੈ। ਇਕ ਅਮਰੀਕੀ ਰਿਪੋਰਟ ਅਨੁਸਾਰ, ਇਹ ਸੰਕਟ ਮੱਧ-ਪੂਰਬ ਵਿਚ ਵਧ ਰਹੇ ਤਣਾਅ ਅਤੇ ਸਪਲਾਈ ਚੇਨ ਵਿਚ ਆ ਰਹੀਆਂ ਗੰਭੀਰ ਰੁਕਾਵਟਾਂ ਦਾ ਨਤੀਜਾ ਹੈ।

**▪ ਅਮਰੀਕੀ ਤੇਲ ਤੇ ਗੈਸ ਸੈਕਟਰ ਦੀਆਂ ਦਿੱਗਜ ਕੰਪਨੀਆਂ ਵੱਲੋਂ ਵ੍ਹਾਈਟ ਹਾਊਸ ਨੂੰ ਚਿਤਾਵਨੀ**

ਉਦਯੋਗਿਕ ਲੀਡਰਾਂ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਜੰਗ ਦੇ ਮਾਹੌਲ ਕਾਰਨ ਕੱਚੇ ਤੇਲ ਦੀ ਦਰਾਮਦ ਅਤੇ ਆਵਾਜਾਈ ਵਿਚ ਵੱਡਾ ਵਿਘਨ ਪਿਆ ਹੈ। ਇਸ ਦਾ ਸਿੱਧਾ ਅਸਰ ਅਮਰੀਕੀ ਰਿਫਾਇਨਰੀਆਂ ਦੀ ਸਮਰੱਥਾ 'ਤੇ ਪੈ ਰਿਹਾ ਹੈ। ਕੰਪਨੀਆਂ ਦਾ ਦੋਸ਼ ਹੈ ਕਿ ਸਰਕਾਰ ਦੀਆਂ ਮੌਜੂਦਾ ਨੀਤੀਆਂ ਨਵੀਂ ਡਰਿੱਲਿੰਗ ਅਤੇ ਬੁਨਿਆਦੀ ਢਾਂਚੇ ਵਿਚ ਨਿਵੇਸ਼ ਕਰਨ ਲਈ ਉਤਸ਼ਾਹਜਨਕ ਨਹੀਂ ਹਨ। ਉਦਯੋਗ ਨੇ ਸਰਕਾਰ ਤੋਂ ਤੁਰੰਤ ਨਵੀਆਂ ਇਜਾਜ਼ਤਾਂ ਅਤੇ ਨਿਵੇਸ਼ ਲਈ ਸਹਿਯੋਗ ਦੀ ਮੰਗ ਕੀਤੀ ਹੈ।

ਤੇਲ ਉਦਯੋਗ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਘਰੇਲੂ ਉਤਪਾਦਨ ਨੂੰ ਨਹੀਂ ਵਧਾਇਆ ਗਿਆ, ਤਾਂ ਪੰਪਾਂ 'ਤੇ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਣਗੀਆਂ, ਜੋ ਕਿ ਦੇਸ਼ ਦੀ ਅਰਥਵਿਵਸਥਾ ਲਈ ਇੱਕ ਵੱਡਾ ਖ਼ਤਰਾ ਹੈ। ਇਹ ਚਿਤਾਵਨੀ ਅਜਿਹੇ ਸਮੇਂ ਆਈ ਹੈ, ਜਦੋਂ ਪ੍ਰਸ਼ਾਸਨ ਪਹਿਲਾਂ ਹੀ ਗਲੋਬਲ ਪੱਧਰ 'ਤੇ ਇਰਾਨ ਅਤੇ ਹੋਰ ਖੇਤਰੀ ਟਕਰਾਵਾਂ ਨਾਲ ਜੂਝ ਰਿਹਾ ਹੈ। ਤੇਲ ਉਦਯੋਗ ਦਾ ਮੰਨਣਾ ਹੈ ਕਿ ਅਮਰੀਕਾ ਨੂੰ ਹੁਣ ਆਪਣੀ 'ਊਰਜਾ ਸੁਤੰਤਰਤਾ' ਨੂੰ ਸਭ ਤੋਂ ਵੱਡੀ ਤਰਜੀਹ ਦੇਣੀ ਚਾਹੀਦੀ ਹੈ, ਤਾਂ ਜੋ ਉਹ ਵਿਦੇਸ਼ੀ ਸਪਲਾਈ ਚੇਨ 'ਤੇ ਨਿਰਭਰ ਨਾ ਰਹੇ।

ਤੇਲ ਕੰਪਨੀਆਂ ਅਤੇ ਸਰਕਾਰ ਵਿਚਕਾਰ ਇਹ ਵਧਦਾ ਟਕਰਾਅ ਆਉਣ ਵਾਲੇ ਦਿਨਾਂ ਵਿਚ ਹੋਰ ਗੰਭੀਰ ਹੋ ਸਕਦਾ ਹੈ। ਮਾਹਰਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਨੇ ਰਣਨੀਤਕ ਭੰਡਾਰਾਂ ਨੂੰ ਸੰਤੁਲਿਤ ਕਰਨ ਅਤੇ ਉਦਯੋਗ ਨੂੰ ਰਾਹਤ ਦੇਣ ਲਈ ਕੋਈ ਠੋਸ ਕਦਮ ਨਾ ਚੁੱਕੇ, ਤਾਂ ਆਰਥਿਕ ਮੰਦੀ ਦਾ ਖ਼ਤਰਾ ਵੀ ਵਧ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਸੰਨੀ ਓਬਰਾਏ ਵਿਵੇਕ ਸਦਨ ’ਚ ਦੋ ਰੋਜ਼ਾ ਕਾਨਫਰੰਸ ਸਮਾਪਤ

**ਸ੍ਰੀ ਆਨੰਦਪੁਰ ਸਾਹਿਬ, (ਪੰਜਾਬ ਮੇਲ)**- ਸੰਨੀ ਓਬਰਾਏ ਵਿਵੇਕ ਸਦਨ ਸ੍ਰੀ ਆਨੰਦਪੁਰ ਸਾਹਿਬ ਵਿਚ ‘ਤਹਾਂ ਬਸਤ ਗੋਬਿੰਦ ਸਿੰਘ ਧਰਮ ਧੁਰੰਦਰ ਧੀਰ’ ਵਿਸ਼ੇ ’ਤੇ ਚੱਲ ਰਹੀ ਦੋ ਰੋਜ਼ਾ ਕਾਨਫਰੰਸ ਵਿਦਾਇਗੀ ਸੈਸ਼ਨ ਦੌਰਾਨ ਵਿਸਾਖੀ ਮੌਕੇ ਦੋ ਰੋਜ਼ਾ ਵੂਮੈਨ ਕਾਨਫਰੰਸ ਕਰਵਾਉਣ ਦੇ ਐਲਾਨ ਨਾਲ ਸਮਾਪਤ ਹੋ ਗਈ। ਕਾਨਫਰੰਸ ਦੀ ਅਗਵਾਈ ਡਾ. ਐੱਸ.ਪੀ ਸਿੰਘ ਓਬਰਾਏ ਨੇ ਕੀਤੀ, ਜਦਕਿ ਸੈਸ਼ਨ ਦੀ ਪ੍ਰਧਾਨਗੀ ਭਵਿੱਖੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਰਬਜਿੰਦਰ ਸਿੰਘ ਨੇ ਕੀਤੀ।



ਵਿਦਾਇਗੀ ਸੈਸ਼ਨ ਵਿਚ ਬਾਬਾ ਲਖਬੀਰ ਸਿੰਘ ਰਤਵਾੜਾ ਵਾਲੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਭਾਈ ਗੁਰਦਾਸ ਦੀਆਂ ਵਾਰਾਂ ਦਾ ਹਵਾਲਾ ਦਿੰਦਿਆਂ ਗੁਰਮੁਖ ਪੁਰਸ਼ ਦੀ ਅਵਸਥਾ ਬਾਰੇ ਵਿਚਾਰ ਸਾਂਝੇ ਕੀਤੇ। ਕਾਨਫਰੰਸ ਦਾ ਕੇਂਦਰੀ ਭਾਸ਼ਣ ਡਾ. ਜਸਪਾਲ ਕੌਰ (ਪ੍ਰੋਫੈਸਰ ਆਫ ਐਮੀਨੈਂਸ) ਨੇ ਦਿੱਤਾ, ਜਦਕਿ ਕੌਮਾਂਤਰੀ ਮਨੋਵਿਗਿਆਨਕ ਪ੍ਰੋਫੈਸਰ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹੇ। ਡਾ. ਕਾਂਗ ਨੇ ਭਾਸ਼ਣ ਵਿਚ ਸ੍ਰੀ ਆਨੰਦਪੁਰ ਸਾਹਿਬ ਦੇ ਵਿਕਾਸ ਨੂੰ ਇਤਿਹਾਸਕ ਤੱਥਾਂ ਨਾਲ ਰੌਸ਼ਨ ਕੀਤਾ। ਮਨੋਚਿਕਿਤਸਕ ਡਾ. ਨੈਨਾ ਸ਼ਰਮਾ ਨੇ ਆਨੰਦਪੁਰ ਸਾਹਿਬ ਨੂੰ ਭਾਰਤ ਦੀ ਮਰ ਰਹੀ ਚੇਤਨਾ ਨੂੰ ਪੁਨਰ ਜਗਾਉਣ ਵਾਲਾ ਮਨੋਵਿਗਿਆਨਕ ਕੇਂਦਰ ਕਰਾਰ ਦਿੰਦਿਆਂ ਔਰਤਾਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ ਸਬੰਧੀ ਦੋ ਰੋਜ਼ਾ ਵਰਕਸ਼ਾਪ ਕਰਨ ਦੀ ਇੱਛਾ ਪ੍ਰਗਟਾਈ। ਇਸ ਮੌਕੇ ਡਾ. ਐੱਸ.ਪੀ. ਸਿੰਘ ਓਬਰਾਏ ਨੇ ਕਿਹਾ ਕਿ ਮੁਫ਼ਤ ਅਕਾਦਮਿਕ ਸੰਸਥਾ ਬਣਾਉਣ ਦਾ ਉਨ੍ਹਾਂ ਦਾ ਸੁਪਨਾ ਭਵਿੱਖੀ ਯੂਨੀਵਰਸਿਟੀ ਦੇ ਗਠਨ ਨਾਲ ਸਾਕਾਰ ਹੋਇਆ ਹੈ। ਵਾਈਸ ਚਾਂਸਲਰ ਡਾ. ਸਰਬਜਿੰਦਰ ਸਿੰਘ ਨੇ ਦੱਸਿਆ ਕਿ ਸੰਸਥਾ ਵਿਚ ਵਿਦਿਆਰਥੀਆਂ ਨੂੰ ਬਿਨਾਂ ਫੀਸ ਦੇ ਸਿੱਖਿਆ ਪ੍ਰਦਾਨ ਕੀਤੀ ਜਾਵੇਗੀ। ਸੈਸ਼ਨ ਵਿਚ ਡਾ. ਅਵਨੀਸ਼ ਕੌਰ ਅਤੇ ਡਾ. ਰਾਮਿੰਦਰਜੀਤ ਨੇ ਹਿੱਸਾ ਲਿਆ, ਜਦਕਿ ਧੰਨਵਾਦੀ ਮਤਾ ਭਾਈ ਡਾ. ਸੁਖਵਿੰਦਰ ਸਿੰਘ ਨੇ ਪੇਸ਼ ਕੀਤਾ।

# ਅਮਰੀਕਾ ’ਚ ਖਰਾਬ ਮੌਸਮ ਅਤੇ ਭਿਆਨਕ ਤੂਫਾਨ ਕਾਰਨ ਹਜ਼ਾਰਾਂ ਉਡਾਣਾਂ ਰੱਦ

**ਨਿਊਯਾਰਕ, (ਪੰਜਾਬ ਮੇਲ)**- ਅਮਰੀਕਾ ਦੇ ਕਈ ਹਿੱਸਿਆਂ ਵਿਚ ਆਏ ਭਿਆਨਕ ਤੂਫ਼ਾਨ ਨੇ ਹਵਾਈ ਸੇਵਾਵਾਂ ਨੂੰ ਪੂਰੀ ਤਰ੍ਹਾਂ ਲੀਹੋਂ ਲਾਹ ਦਿੱਤਾ ਹੈ। ਤਾਜ਼ਾ ਰਿਪੋਰਟਾਂ ਮੁਤਾਬਕ, ਖ਼ਰਾਬ ਮੌਸਮ ਕਾਰਨ ਹੁਣ ਤੱਕ ਹਜ਼ਾਰਾਂ ਉਡਾਣਾਂ ਰੱਦ ਕੀਤੀਆਂ ਜਾ ਚੁੱਕੀਆਂ ਹਨ ਅਤੇ 12,000 ਤੋਂ ਵੱਧ ਉਡਾਣਾਂ ਆਪਣੇ ਨਿਰਧਾਰਤ ਸਮੇਂ ਤੋਂ ਕਾਫੀ ਦੇਰੀ ਨਾਲ ਚੱਲ ਰਹੀਆਂ ਹਨ।

ਦੇਸ਼ ਦੇ ਮੁੱਖ ਹਵਾਈ ਅੱਡਿਆਂ, ਖਾਸ ਕਰਕੇ ਸ਼ਿਕਾਗੋ, ਨਿਊਯਾਰਕ ਅਤੇ ਅਟਲਾਂਟਾ ਵਿਚ ਹਜ਼ਾਰਾਂ ਮੁਸਾਫ਼ਰ ਫਸੇ ਹੋਏ ਹਨ। ਉਡਾਣਾਂ ਰੱਦ ਹੋਣ ਕਾਰਨ ਲੋਕਾਂ ਨੂੰ ਹਵਾਈ ਅੱਡਿਆਂ ’ਤੇ ਹੀ ਰਾਤਾਂ ਕੱਟਣੀਆਂ ਪੈ ਰਹੀਆਂ ਹਨ। ਭਾਰੀ ਮੀਂਹ, ਗੜੇਮਾਰੀ ਅਤੇ ਤੇਜ਼ ਹਵਾਵਾਂ ਕਾਰਨ ਪਾਇਲਟਾਂ ਲਈ ਜਹਾਜ਼ ਉਡਾਉਣਾ ਖ਼ਤਰਨਾਕ ਬਣਿਆ ਹੋਇਆ ਹੈ। ਸੁਰੱਖਿਆ ਨੂੰ ਮੁੱਖ ਰੱਖਦਿਆਂ ਏਅਰਲਾਈਨਾਂ ਨੇ ਵੱਡੇ ਪੱਧਰ ’ਤੇ ਕੈਂਸਲੇਸ਼ਨ (ਰੱਦ) ਕਰਨ ਦਾ ਫੈਸਲਾ ਲਿਆ ਹੈ। ਡੈਲਟਾ, ਯੂਨਾਈਟਿਡ ਅਤੇ ਅਮਰੀਕਨ

**■ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਬੇਲੋੜਾ ਸਫ਼ਰ ਟਾਲਣ ਦੀ ਅਪੀਲ**

ਏਅਰਲਾਈਨਜ਼ ਵਰਗੀਆਂ ਵੱਡੀਆਂ ਕੰਪਨੀਆਂ ਨੇ ਯਾਤਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਹਵਾਈ ਅੱਡੇ ਲਈ ਨਿਕਲਣ ਤੋਂ ਪਹਿਲਾਂ ਆਪਣੀ ਫਲਾਈਟ ਦਾ ਸਟੇਟਸ ਜ਼ਰੂਰ ਚੈੱਕ ਕਰ ਲੈਣ। ਅਮਰੀਕਾ ਵਿਚ ਵੱਡੀ ਗਿਣਤੀ ਵਿਚ ਵੱਸਦੇ ਪੰਜਾਬੀ ਭਾਈਚਾਰੇ ਦੇ ਲੋਕਾਂ ’ਤੇ ਵੀ ਇਸ ਦਾ ਵੱਡਾ ਅਸਰ ਪਿਆ ਹੈ। ਕਈ ਪੰਜਾਬੀ ਯਾਤਰੀ ਜੋ ਭਾਰਤ ਜਾਣ ਲਈ ਜਾਂ ਅਮਰੀਕਾ ਦੇ ਅੰਦਰ ਹੀ ਸਫ਼ਰ ਕਰ ਰਹੇ ਸਨ, ਵੱਖ-ਵੱਖ ਸ਼ਹਿਰਾਂ ਵਿਚ ਫਸ ਗਏ ਹਨ। ਖ਼ਾਸ ਕਰਕੇ ਕਨੈਕਟਿੰਗ ਫਲਾਈਟਾਂ ਲੈਣ ਵਾਲੇ ਮੁਸਾਫ਼ਰਾਂ ਨੂੰ ਜ਼ਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੌਸਮ ਵਿਭਾਗ ਨੇ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ 24 ਤੋਂ 48 ਘੰਟਿਆਂ ਦੌਰਾਨ ਸਥਿਤੀ ਹੋਰ ਵੀ ਗੰਭੀਰ ਹੋ ਸਕਦੀ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਬੇਲੋੜਾ ਸਫ਼ਰ ਟਾਲਣ ਦੀ ਅਪੀਲ ਕੀਤੀ ਹੈ।

# ਕੈਨੇਡਾ ਪ੍ਰਤੀ ਭਾਰਤੀਆਂ ਦੇ ਰੁਝਾਨ ’ਚ ਆਈ ਕਮੀ

**ਟੋਰਾਂਟੋ, (ਪੰਜਾਬ ਮੇਲ)**- ਸਾਲ 2025 ਦੌਰਾਨ ਕੈਨੇਡਾ ਦੀ ਇਮੀਗ੍ਰੇਸ਼ਨ ਦਰ ਵਿਚ ਕਰੀਬ 20 ਫੀਸਦੀ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਇਹ 2020 ਦੇ ਕੋਰੋਨਾ ਕਾਲ ਤੋਂ ਬਾਅਦ ਇਮੀਗ੍ਰੇਸ਼ਨ ਦਾ ਸਭ ਤੋਂ ਨੀਵਾਂ ਪੱਧਰ ਹੈ।

ਤਾਜ਼ਾ ਅੰਕੜਿਆਂ ਅਨੁਸਾਰ ਸਾਲ 2024 ਵਿਚ ਜਿੱਥੇ 4,83,655 ਲੋਕਾਂ ਨੂੰ ਪੀ.ਆਰ. ਮਿਲੀ ਸੀ, ਉੱਥੇ ਹੀ 2025 ਵਿਚ ਇਹ ਗਿਣਤੀ ਘੱਟ ਕੇ 3,93,530 ਰਹਿ ਗਈ ਹੈ। ਇਸ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ ਭਾਰਤੀਆਂ ਦੀ ਆਮਦ ਵਿਚ ਆਈ ਕਮੀ ਹੈ। ਕੈਨੇਡਾ ਆਉਣ ਵਾਲੇ ਭਾਰਤੀਆਂ ਦੀ ਗਿਣਤੀ 1,27,375




ਤੋਂ ਘਟ ਕੇ 98,770 ਰਹਿ ਗਈ ਹੈ।

ਸਭ ਤੋਂ ਚਿੰਤਾਜਨਕ ਅੰਕੜਾ ਵਿਦਿਆਰਥੀਆਂ ਨਾਲ ਜੁੜਿਆ ਹੈ। ਕੈਨੇਡਾ ਵੱਲੋਂ ਜਾਰੀ ਕੀਤੇ ਜਾਣ ਵਾਲੇ ਸਟੱਡੀ ਪਰਮਿਟਾਂ ਵਿਚ 25 ਫੀਸਦੀ ਦੀ ਕਮੀ ਆਈ ਹੈ। ਇਸ ਗਿਰਾਵਟ ਵਿਚ 72 ਫੀਸਦੀ ਹਿੱਸੇਦਾਰੀ ਇਕੱਲੇ ਭਾਰਤੀਆਂ ਦੀ ਹੈ। ਭਾਰਤੀ ਵਿਦਿਆਰਥੀਆਂ ਦੀ ਗਿਣਤੀ

**■ 2025 ਦੌਰਾਨ ਕੈਨੇਡਾ ਦੀ ਇਮੀਗ੍ਰੇਸ਼ਨ ਦਰ ’ਚ ਕਰੀਬ 20 ਫੀਸਦੀ ਦੀ ਗਿਰਾਵਟ ਦਰਜ**

1,88,175 ਤੋਂ ਅੱਧੀ ਰਹਿ ਕੇ ਸਿਰਫ਼ 94,605 ਰਹਿ ਗਈ ਹੈ।

ਮਾਹਰਾਂ ਅਨੁਸਾਰ ਕੈਨੇਡਾ ਵਿਚ ਵਧ ਰਹੇ ਇਮੀਗ੍ਰੇਸ਼ਨ ਵਿਰੋਧੀ ਰੁਝਾਨ ਕਾਰਨ ਸਰਕਾਰ ਨੇ ਆਪਣੀਆਂ ਨੀਤੀਆਂ ਵਿਚ ਸਖ਼ਤੀ ਕੀਤੀ ਹੈ। ਸਿਆਸੀ ਮੋਰਚੇ ’ਤੇ ਵੀ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ; ਜਸਟਿਨ ਟਰੂਡੋ ਨੇ ਮਾਰਚ 2025 ਵਿਚ ਅਸਤੀਫਾ ਦੇ ਦਿੱਤਾ ਸੀ, ਜਿਨ੍ਹਾਂ ਦੀ ਜਗ੍ਹਾ ਹੁਣ ਮਾਰਕ ਕਾਰਨੀ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਹਨ।

ਸਿਰਫ਼ ਵਿਦਿਆਰਥੀ ਹੀ ਨਹੀਂ, ਸਗੋਂ ਹੋਰ ਸ਼੍ਰੇਣੀਆਂ ਵਿਚ ਵੀ ਗਿਰਾਵਟ ਦੇਖੀ ਗਈ ਹੈ, ਜਿਸ ਤਹਿਤ ਅਸਥਾਈ ਵਿਦੇਸ਼ੀ ਕਾਮਿਆਂ ਵਿਚ 12 ਫੀਸਦੀ ਦੀ ਕਮੀ ਆਈ ਹੈ। ਆਰਥਿਕ ਇਮੀਗ੍ਰੈਂਟਸ ਵਿਚ 19 ਫੀਸਦੀ ਅਤੇ ਫੈਮਿਲੀ ਸਪਾਂਸਰਸ਼ਿਪ ਵਿਚ 10 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਸਥਿਤੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕੈਨੇਡਾ ਹੁਣ ਪਹਿਲਾਂ ਵਾਂਗ ਖੁੱਲ੍ਹੇ ਦਿਲ ਨਾਲ ਪ੍ਰਵਾਸੀਆਂ ਦਾ ਸਵਾਗਤ ਨਹੀਂ ਕਰ ਰਿਹਾ, ਜਿਸ ਕਾਰਨ ਭਾਰਤੀਆਂ ਦਾ ਰੁਝਾਨ ਹੁਣ ਦੂਜੇ ਮੁਲਕਾਂ ਵੱਲ ਵਧ ਸਕਦਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**



# ਅਮਰੀਕੀ ਰਾਸ਼ਟਰਪਤੀ ਵੱਲੋਂ ਹੋਰਮੁਜ਼ ਜਲ ਮਾਰਗ ਖੁੱਲ੍ਹਵਾਉਣ ਦੀਆਂ ਅਪੀਲਾਂ ਨੂੰ ਨਹੀਂ ਪਿਆ ਬੂਰ

- ਜਪਾਨ ਤੇ ਆਸਟ੍ਰੇਲੀਆ ਸਮੇਤ ਹੋਰ ਮੁਲਕਾਂ ਵੱਲੋਂ ਜੰਗੀ ਬੇੜੇ ਭੇਜਣ ਤੋਂ ਇਨਕਾਰ
- ਚੀਨ ਵੱਲੋਂ ਜੰਗ ਫੌਰੀ ਰੋਕਣ ਦਾ ਸੱਦਾ

**ਦੁਬਈ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਹੋਰਮੁਜ਼ ਜਲ ਮਾਰਗ ਖੁੱਲ੍ਹਵਾਉਣ ਲਈ ਕਰੀਬ ਸੱਤ ਮੁਲਕਾਂ ਨੂੰ ਉਥੇ ਆਪਣੇ ਜੰਗੀ ਬੇੜੇ ਭੇਜਣ ਲਈ ਤਰਲੇ ਕੀਤੇ ਹਨ ਪਰ ਉਨ੍ਹਾਂ ਦੀ ਅਪੀਲ ਨੂੰ ਹਾਲੇ ਤੱਕ ਬੂਰ ਨਹੀਂ ਪਿਆ ਹੈ। ਜਪਾਨ ਅਤੇ ਆਸਟ੍ਰੇਲੀਆ ਨੇ ਕਿਹਾ ਹੈ ਕਿ ਹੋਰਮੁਜ਼ ਜਲ ਖੇਤਰ ’ਚ ਜੰਗੀ ਬੇੜੇ ਭੇਜਣ ਦੀ ਉਨ੍ਹਾਂ ਦੀ ਕੋਈ ਯੋਜਨਾ ਨਹੀਂ। ਉਧਰ, ਚੀਨ ਨੇ ਸਾਰੀਆਂ ਧਿਰਾਂ ਨੂੰ ਜੰਗ ਫੌਰੀ ਰੋਕਣ ਦਾ ਸੱਦਾ ਦਿੱਤਾ ਹੈ। ਚੀਨ ਵੱਲੋਂ ਵੀ ਕੋਈ ਬਾਂਹ-ਪੱਲਾ ਨਾ ਫੜਾਏ ਜਾਣ ਕਾਰਨ ਟਰੰਪ ਦਾ ਇਸੇ ਮਹੀਨੇ ਪੇਈਚਿੰਗ ਦੌਰਾ ਰੱਦ ਹੋ ਸਕਦਾ ਹੈ। ਉਂਝ, ਚੀਨ ਵੱਲੋਂ ਇਸ ਦੌਰੇ ਲਈ ਅਮਰੀਕਾ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਤੇਲ ਟੈਂਕਰਾਂ ਅਤੇ ਹੋਰ ਬੇੜਿਆਂ ਨੂੰ ਸੁਰੱਖਿਆ ਨਾ ਦੇਣ ਲਈ ਕਿਸੇ ਵੀ ਮੁਲਕ ਦੇ ਅੱਗੇ ਨਾ ਆਉਣ ਤੋਂ ਔਖੇ ਹੋਏ ਟਰੰਪ ਨੇ ਨਾਟੋ ਮੁਲਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਹ ਹੋਰਮੁਜ਼ ਜਲ ਮਾਰਗ ਸੁਰੱਖਿਅਤ ਕਰਨ ’ਚ ਸਹਾਇਤਾ ਨਹੀਂ ਕਰਨਗੇ, ਤਾਂ ਉਨ੍ਹਾਂ ਨੂੰ ਭਵਿੱਖ ’ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਮਗਰੋਂ ਇਰਾਨ ਨੇ ਰਣਨੀਤਿਕ ਤੌਰ ’ਤੇ ਅਹਿਮ ਜਲ ਮਾਰਗ ਹੋਰਮੁਜ਼ ’ਚੋਂ ਲੰਘਣ ਵਾਲੇ ਜਹਾਜ਼ਾਂ ’ਤੇ ਹਮਲੇ ਸ਼ੁਰੂ ਕਰ ਦਿੱਤੇ ਸਨ, ਜਿਸ ਕਾਰਨ ਈਂਧਨ ਸਪਲਾਈ ’ਤੇ ਮਾੜਾ ਅਸਰ ਪਿਆ ਹੈ। ਟਰੰਪ ਨੇ ਇਰਾਨ ਦੀ ਕਾਰਵਾਈ ਦੇ ਵਿਰੋਧ ਮਗਰੋਂ ਬੇੜਿਆਂ ਨੂੰ ਹੋਰਮੁਜ਼ ਜਲ ਮਾਰਗ ’ਚ ਸੁਰੱਖਿਆ ਦੇਣ ਦਾ ਐਲਾਨ ਕੀਤਾ ਹੈ।

## ਬੋਸਟਨ ’ਚ 11 ਭਾਰਤੀ ਨਾਗਰਿਕਾਂ ’ਤੇ ਵੀਜ਼ਾ ਧੋਖਾਧੜੀ ਦਾ ਮਾਮਲਾ ਦਰਜ

**ਬੋਸਟਨ, (ਪੰਜਾਬ ਮੇਲ)**- ਅਮਰੀਕਾ ਦੇ ਮੈਸੇਚਿਉਸੇਟਸ ਦੇ ਬੋਸਟਨ ਵਿਚ ਇੱਕ ਵੱਡੇ ਵੀਜ਼ਾ ਧੋਖਾਧੜੀ ਦੇ ਮਾਮਲੇ ਦਾ ਪਰਦਾਫਾਸ਼ ਹੋਇਆ ਹੈ। ਅਮਰੀਕੀ ਅਧਿਕਾਰੀਆਂ ਨੇ 11 ਭਾਰਤੀ ਨਾਗਰਿਕਾਂ ’ਤੇ ਜਾਅਲੀ ਡਕੈਤੀਆਂ ਕਰਨ ਅਤੇ ਇਮੀਗ੍ਰੇਸ਼ਨ ਲਾਭ ਪ੍ਰਾਪਤ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਹੈ।

ਅਮਰੀਕੀ ਅਟਾਰਨੀ ਦਫ਼ਤਰ, ਮੈਸੇਚਿਉਸੇਟਸ ਦੇ ਅਨੁਸਾਰ, ਮੁਲਜ਼ਮਾਂ ਨੇ ਕਥਿਤ ਤੌਰ ’ਤੇ “ਸਟੇਜਡ ਡਕੈਤੀਆਂ”, ਯਾਨੀ ਕਿ ਪਹਿਲਾਂ ਤੋਂ ਯੋਜਨਾਬੱਧ ਨਕਲੀ ਹਥਿਆਰਬੰਦ ਡਕੈਤੀਆਂ ਨੂੰ ਅੰਜਾਮ ਦਿੱਤਾ। ਇਨ੍ਹਾਂ ਘਟਨਾਵਾਂ ਦਾ ਉਦੇਸ਼ ਇਹ ਦਿਖਾਉਣਾ ਸੀ ਕਿ ਸਟੋਰ ਦੇ ਕਰਮਚਾਰੀ ਹਿੰਸਕ ਅਪਰਾਧ ਦੇ ਸ਼ਿਕਾਰ ਸਨ, ਤਾਂ ਜੋ ਉਹ ਯੂ ਵੀਜ਼ਾ ਲਈ ਅਰਜ਼ੀ ਦੇ ਸਕਣ।

ਇਸਤਗਾਸਾ ਪੱਖ ਦੇ ਅਨੁਸਾਰ, ਮਾਮਲੇ ਦੇ ਦੋਸ਼ੀ ਜਿਤੇਂਦਰਕੁਮਾਰ ਪਟੇਲ (39), ਮਹੇਸ਼ਕੁਮਾਰ ਪਟੇਲ (36), ਸੰਜੇਕੁਮਾਰ ਪਟੇਲ (45), ਦੀਪਿਕਾਬੇਨ ਪਟੇਲ (40), ਰਮੇਸ਼ਭਾਈ ਪਟੇਲ (52), ਅਮਿਤਾਭੇਨ ਪਟੇਲ (43), ਰੌਣਕਕੁਮਾਰ ਪਟੇਲ (28), ਸੰਗੀਤਾਬੇਨ ਪਟੇਲ (36), ਮਿੰਕੇਸ਼ ਪਟੇਲ (42), ਸੋਨਲ ਪਟੇਲ (42) ਅਤੇ ਮਿਤੁਲ ਪਟੇਲ (40) ’ਤੇ ਵੀਜ਼ਾ ਧੋਖਾਧੜੀ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਗਿਆ ਹੈ।

## ਭਾਰਤੀ ਦੂਤਾਵਾਸ ਵੱਲੋਂ ਇਰਾਨ ’ਚ ਫਸੇ ਭਾਰਤੀਆਂ ਲਈ ਐਡਵਾਇਜ਼ਰੀ

**ਦੁਬਈ, (ਪੰਜਾਬ ਮੇਲ)**- ਭਾਰਤ ਨੇ ਸੋਮਵਾਰ ਨੂੰ ਇਰਾਨ ਵਿਚ ਮੌਜੂਦ ਆਪਣੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਤਹਿਰਾਨ ਵਿਚ ਭਾਰਤੀ ਦੂਤਾਵਾਸ ਦੇ ਪਹਿਲੇ ਅਤੇ ਸਪੱਸ਼ਟ ਤਾਲਮੇਲ ਤੋਂ ਬਿਨਾਂ ਅੱਗੇ ਦੀ ਯਾਤਰਾ ਲਈ ਕਿਸੇ ਵੀ ਜ਼ਮੀਨੀ ਸਰਹੱਦ ਦੇ ਨੇੜੇ ਨਾ ਜਾਣ ਜਾਂ ਉਸ ਨੂੰ ਪਾਰ ਕਰਨ ਦੀ ਕੋਸ਼ਿਸ਼ ਨਾ ਕਰਨ।

ਭਾਰਤੀ ਦੂਤਾਵਾਸ ਨੇ ਇੱਕ ਐਡਵਾਇਜ਼ਰੀ ਵਿਚ ਅੱਗੇ ਕਿਹਾ ਕਿ ਜੋ ਭਾਰਤੀ ਨਾਗਰਿਕ ਦੂਤਾਵਾਸ ਦੀ ਜਾਣਕਾਰੀ ਅਤੇ ਮਾਰਗਦਰਸ਼ਨ ਤੋਂ ਬਿਨਾਂ ਜ਼ਮੀਨੀ ਸਰਹੱਦਾਂ ਰਾਹੀਂ ਇਰਾਨ ਛੱਡਣ ਦੀ ਕੋਸ਼ਿਸ਼ ਕਰਨਗੇ, ਉਨ੍ਹਾਂ ਨੂੰ ਗੰਭੀਰ ਲੌਜਿਸਟਿਕਲ ਅਤੇ ਇਮੀਗ੍ਰੇਸ਼ਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਐਡਵਾਇਜ਼ਰੀ ਵਿਚ ਕਿਹਾ ਗਿਆ ਹੈ, “...ਇਰਾਨ ਵਿਚ ਮੌਜੂਦ ਸਾਰੇ ਭਾਰਤੀ ਨਾਗਰਿਕਾਂ ਨੂੰ ਸਖ਼ਤ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਾਰਤੀ ਦੂਤਾਵਾਸ ਦੇ ਪਹਿਲੇ ਅਤੇ ਸਪੱਸ਼ਟ ਤਾਲਮੇਲ ਤੋਂ ਬਿਨਾਂ ਇਰਾਨ ਦੀ ਕਿਸੇ ਵੀ ਜ਼ਮੀਨੀ ਸਰਹੱਦ ’ਤੇ ਨਾ ਜਾਣ।” ਦੂਤਾਵਾਸ ਨੇ ਸਪੱਸ਼ਟ ਕੀਤਾ ਕਿ ਜੇਕਰ ਕੋਈ ਵਿਅਕਤੀ ਬਿਨਾਂ ਤਾਲਮੇਲ ਦੇ ਇਰਾਨੀ ਖੇਤਰ ਤੋਂ ਬਾਹਰ ਜਾਂਦਾ ਹੈ, ਤਾਂ ਦੂਤਾਵਾਸ ਸਹਾਇਤਾ ਪ੍ਰਦਾਨ ਕਰਨ ਦੀ ਸਥਿਤੀ ਵਿਚ ਨਹੀਂ ਹੋਵੇਗਾ।

## ਵੋਟਰ ਸੂਚੀਆਂ ਨੂੰ ਠੀਕ ਕਰਨ ਨਾਲ ਵਿਸ਼ਵਾਸ ਬਹਾਲ ਹੋਵੇਗਾ : ਹਰਮੀਤ ਢਿੱਲੋਂ



**ਪੈਨਸਿਲਵੇਨੀਆ, (ਪੰਜਾਬ ਮੇਲ)**- ਨਿਆਂ ਵਿਭਾਗ ਰਾਜਾਂ ’ਤੇ ਵੋਟਰ ਰਜਿਸਟ੍ਰੇਸ਼ਨ ਸੂਚੀਆਂ ਦਾ ਖੁਲਾਸਾ ਕਰਨ ਅਤੇ ਅਪਡੇਟ ਕਰਨ ਲਈ ਦਬਾਅ ਪਾ ਰਿਹਾ ਹੈ।

ਸਿਵਲ ਰਾਈਟਸ ਲਈ ਸਹਾਇਕ ਅਟਾਰਨੀ ਜਨਰਲ ਹਰਮੀਤ ਢਿੱਲੋਂ ਨੇ ਕਿਹਾ ਕਿ ਦੇਸ਼ ਭਰ ਵਿਚ ਸਹੀ ਵੋਟਰ ਸੂਚੀਆਂ ਬਣਾਈ ਰੱਖਣ ਨਾਲ ਚੋਣਾਂ ਵਿਚ ਜਨਤਾ ਦਾ ਵਿਸ਼ਵਾਸ ਬਹਾਲ ਕਰਨ ਵਿਚ ਮਦਦ ਮਿਲੇਗੀ।

ਇਹ ਦਲੀਲ ਦਿੰਦੇ ਹੋਏ ਕਿ ਵੋਟਰਾਂ ਦੀ ਭਾਗੀਦਾਰੀ ਵਧਦੀ ਹੈ, ਜਦੋਂ ਲੋਕ ਮਹਿਸੂਸ ਕਰਦੇ ਹਨ ਕਿ ਸਿਸਟਮ ਸੁਰੱਖਿਅਤ ਹੈ, ਢਿੱਲੋਂ ਨੇ ਐਲੇਕਸ ਸਵੋਇਰ ਨਾਲ ਇੱਕ ਇੰਟਰਵਿਊ ਵਿਚ ਕਿਹਾ ਕਿ ਸਾਫ਼ ਵੋਟਰ ਸੂਚੀਆਂ ਵੋਟਰਾਂ ਨੂੰ ਭਰੋਸਾ ਦਿਵਾਉਂਦੀਆਂ ਹਨ ਕਿ ਵੋਟ ਪੱਤਰਾਂ ਦੀ ਸਹੀ ਅਤੇ ਸਿਰਫ਼ ਇੱਕ ਵਾਰ ਗਿਣਤੀ ਕੀਤੀ ਜਾਂਦੀ ਹੈ।

ਢਿੱਲੋਂ ਨੇ ਕਿਹਾ, “ਮੈਨੂੰ ਲੱਗਦਾ ਹੈ ਕਿ ਸਾਫ਼ ਵੋਟਰ ਸੂਚੀਆਂ ਵੋਟਿੰਗ ਨੂੰ ਵਧਾਉਂਦੀਆਂ ਹਨ।

ਇਹ ਲੋਕਾਂ ਨੂੰ ਵਿਸ਼ਵਾਸ ਦਿਵਾਉਂਦੀਆਂ ਹਨ ਕਿ ਉਨ੍ਹਾਂ ਦੀ ਵੋਟ ਸਿਰਫ਼ ਇੱਕ ਵਾਰ ਗਿਣੀ ਜਾਂਦੀ ਹੈ, ਅਤੇ ਸਿਰਫ਼ ਦੂਜੇ ਅਮਰੀਕੀ ਨਾਗਰਿਕਾਂ ਦੇ ਨਾਲ”। 2020 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਦੌਰਾਨ ਚੋਣ ਵਕੀਲ ਵਜੋਂ ਕੰਮ ਕਰਨ ਵਾਲੀ ਹਰਮੀਤ ਢਿੱਲੋਂ ਨੇ ਕਿਹਾ ਕਿ 2020 ਦੀਆਂ ਚੋਣਾਂ ਵਿਚ ਰਾਜ ਚੋਣ ਕਾਨੂੰਨਾਂ ਦੀ ਵਿਆਪਕ ਉਲੰਘਣਾ ਤੋਂ ਬਾਅਦ ਬਹੁਤ ਸਾਰੇ ਅਮਰੀਕੀਆਂ ਨੇ ਸਾਡੀਆਂ ਚੋਣਾਂ ਦੀ ਪਵਿੱਤਰਤਾ ਵਿਚ ਵਿਸ਼ਵਾਸ ਗੁਆ ਦਿੱਤਾ ਹੈ।

ਪੈਨਸਿਲਵੇਨੀਆ ਸਮੇਤ ਕਈ ਅਧਿਕਾਰ ਖੇਤਰਾਂ ਵਿਚ ਮੁਕੱਦਮੇਬਾਜ਼ੀ ਅਤੇ ਤੱਥ-ਜਾਂਚ ਦੇ ਮਾਮਲਿਆਂ ਤੋਂ ਬਾਅਦ, ਉਸਨੇ ਦਾਅਵਾ ਕੀਤਾ ਕਿ ਉਸ ਚੋਣ ਚੱਕਰ ਦੌਰਾਨ ਕਈ ਮੁੱਖ ਰਾਜਾਂ ਵਿਚ ਉਲੰਘਣਾਵਾਂ ਹੋਈਆਂ। ਉਸਨੇ ਕਿਹਾ ਕਿ ਸਾਰੇ ਮਹੱਤਵਪੂਰਨ ਰਾਜਾਂ ਵਿਚ ਉਲੰਘਣਾਵਾਂ ਹੋਈਆਂ, ਜਿਨ੍ਹਾਂ ਵਿਚੋਂ ਕੁਝ ਤਾਂ ਇਹ ਵੀ ਕਹਿਣਗੀਆਂ, ਕੁਝ ਉਲੰਘਣਾਵਾਂ ਨੇ ਚੋਣ ਨਤੀਜੇ ਬਦਲ ਦਿੱਤੇ।




ਗੁਰਦੁਆਰਾ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ 22 ਮਾਰਚ, ਦਿਨ ਐਤਵਾਰ ਨੂੰ ਸਜਾਏ ਜਾ ਰਹੇ ਮਹਾਨ ਨਗਰ ਕੀਰਤਨ ’ਚ ਪਹੁੰਚਣ ਦੀ ਅਪੀਲ

Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?

For Mediation Services, Contact Office Manager :
Julie McCool Email: jmccool@jamsadr.com
Call : +1 503 910 8767

SA
www.singhadr.com

Mediation - ◇ Save Money ◇ Save Time ◇ Save Your relationship

• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave

*863

# ਟਰੰਪ ਪ੍ਰਸ਼ਾਸਨ ਵੱਲੋਂ ਬਾਹਰਲੇ ਮੁਲਕਾਂ 'ਚ ਉਤਪਾਦਨ ਬਾਰੇ ਨਵੀਂ ਵਪਾਰਕ ਜਾਂਚ ਸ਼ੁਰੂ



ਜੈਮੀਸਨ ਗ੍ਰੀਰ।




**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਬਾਹਰਲੇ ਮੁਲਕਾਂ ਵਿਚ ਉਤਪਾਦਨ ਬਾਰੇ ਨਵੀਂ ਵਪਾਰਕ ਜਾਂਚ ਸ਼ੁਰੂ ਕੀਤੀ ਹੈ। ਜਾਂਚ ਅਧੀਨ ਮੁਲਕਾਂ ਵਿਚ ਭਾਰਤ, ਚੀਨ, ਯੂਰਪੀਅਨ ਯੂਨੀਅਨ, ਸਿੰਗਾਪੁਰ, ਮਲੇਸ਼ੀਆ, ਕੰਬੋਡੀਆ, ਥਾਈਲੈਂਡ, ਦੱਖਣੀ ਕੋਰੀਆ, ਵੀਅਤਨਾਮ, ਤਾਇਵਾਨ, ਬੰਗਲਾਦੇਸ਼, ਮੈਕਸਿਕੋ ਤੇ ਜਪਾਨ ਸ਼ਾਮਲ ਹਨ। ਟਰੰਪ ਤੇ ਉਨ੍ਹਾਂ ਦੀ ਟੀਮ ਨੇ ਸਾਫ਼ ਕਰ ਦਿੱਤਾ ਕਿ ਉਹ ਸੁਪਰੀਮ ਕੋਰਟ ਵੱਲੋਂ ਫਰਵਰੀ ਵਿਚ ਟੈਰਿਫ ਢਾਂਚਾ ਰੱਦ ਕੀਤੇ ਜਾਣ ਦੇ ਫ਼ੈਸਲੇ ਮਗਰੋਂ ਮਾਲੀਏ ਦੇ ਰੂਪ ਵਿਚ ਹੋਏ ਸੈਂਕੜੇ ਅਰਬਾਂ ਡਾਲਰ ਦੇ ਨੁਕਸਾਨ ਦੀ ਪੂਰਤੀ ਲਈ ਨਵੇਂ ਟੈਰਿਫ ਸਥਾਪਤ ਕਰਨ ਲਈ ਵੱਖ-ਵੱਖ ਕਾਨੂੰਨਾਂ ਰਾਹੀਂ ਚਾਰਾਜੋਈ ਕਰ ਰਿਹਾ ਹੈ।

ਇਸ ਕੇਸ ਵਿਚ ਪ੍ਰਸ਼ਾਸਨ ਨੇ ਟਰੇਡ ਐਕਟ 1974 ਦੀ ਧਾਰਾ 301 ਤਹਿਤ ਜਾਂਚ ਸ਼ੁਰੂ ਕੀਤੀ ਹੈ, ਜਿਸ ਨਾਲ ਨਵੇਂ ਦਰਾਮਦ ਟੈਕਸ ਅਮਲ ਵਿਚ ਆ ਸਕਦੇ ਹਨ। ਹਾਲਾਂਕਿ ਅਮਰੀਕੀ ਵਪਾਰ ਪ੍ਰਤੀਨਿਧ ਜੈਮੀਸਨ ਗ੍ਰੀਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਇਸ ਅਮਲ ਦੇ ਨਤੀਜੇ ਬਾਰੇ ਪਹਿਲੋਂ ਹੀ ਕੋਈ ਅੰਦਾਜ਼ੇ ਨਹੀਂ ਲਾਉਣਾ ਚਾਹੁੰਦੇ।

ਗ੍ਰੀਰ ਨੇ ਕਿਹਾ, "ਨੀਤੀ ਉਹੀ ਰਹੇਗੀ, ਕੋਰਟ ਤੇ ਦੂਜੀਆਂ ਚੀਜ਼ਾਂ ਦੇ ਹਿਸਾਬ ਨਾਲ ਸੰਦ ਬਦਲ ਸਕਦੇ ਹਨ।" ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਦਾ ਮਕਸਦ ਅਮਰੀਕੀ ਨੌਕਰੀਆਂ ਬਚਾਉਣਾ ਹੈ। ਟਰੰਪ ਦੇ ਪਿਛਲੇ ਟੈਰਿਫ ਢਾਂਚੇ ਨੂੰ ਬਦਲਣ ਦੇ ਅਮਲ ਦੀ ਸ਼ੁਰੂਆਤ ਨਾਲ ਪਿਛਲੇ ਸਾਲ ਆਲਮੀ ਅਰਥਚਾਰੇ ਵਿਚ ਹੋਇਆ ਵੱਡਾ ਫੇਰਬਦਲ ਮੁੜ ਦੇਖਣ ਨੂੰ ਮਿਲ ਸਕਦਾ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਅਮਰੀਕਾ ਨੂੰ ਭਾਵੇਂ ਵਪਾਰਕ ਭਾਈਵਾਲਾਂ ਨਾਲ ਨਵੇਂ ਸਿਰਿਓਂ ਸਮਝੌਤੇ ਕਰਨੇ ਹੋਣਗੇ, ਪਰ ਅਜੇ ਇਹ ਸਾਫ਼ ਨਹੀਂ ਕਿ ਇਨ੍ਹਾਂ ਨਵੇਂ ਦਰਾਮਦ ਟੈਕਸਾਂ ਦਾ ਉਨ੍ਹਾਂ ਸਮਝੌਤਿਆਂ 'ਤੇ ਕੀ ਅਸਰ ਪੈ ਸਕਦਾ ਹੈ।

ਉਨ੍ਹਾਂ ਕਿਹਾ ਕਿ ਵਪਾਰਕ ਚੌਖਟਾ ਆਪਣੇ ਦਮ 'ਤੇ ਖੜ੍ਹਾ ਹੈ ਤੇ ਇਸ ਦਾ ਨਵੀਂ ਜਾਂਚ ਨਾਲ ਕੋਈ ਸਬੰਧ ਨਹੀਂ ਹੈ। ਟੈਰਿਫ ਦਾ ਇਹ ਨਵਾਂ ਫਾਰਮੂਲਾ ਇਰਾਨ ਨਾਲ ਜੰਗ ਤੇ ਮੱਧਕਾਲੀ ਚੋਣਾਂ ਦੇ ਪਿਛੋਕੜ ਵਿੱਚ ਹੋ ਸਕਦਾ ਹੈ, ਜਿਸ ਵਿੱਚ ਡੈਮੋਕਰੈਟ ਟਰੰਪ ਦੇ ਰਿਪਲਬਲਿਕਨ ਸਹਿਯੋਗੀਆਂ ਖਿਲਾਫ਼ ਚੋਣ ਲੜ ਰਹੇ ਹਨ। ਡੈਮੋਕਰੈਟ ਜ਼ੋਰ ਦੇ ਰਹੇ ਹਨ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਲੋਕਾਂ ਨੂੰ ਟੈਰਿਫ ਦਾ ਰਿਫੰਡ ਮਿਲਣਾ ਚਾਹੀਦਾ ਹੈ।

## ਕੈਨੇਡਾ ਸਰਕਾਰ ਵੱਲੋਂ ਰਫਿਊਜੀ ਨਿਯਮਾਂ 'ਚ ਸਖ਼ਤ ਬਦਲਾਅ; ਬਿੱਲ ਸੀ-12 ਕੀਤਾ ਪਾਸ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਸਰਕਾਰ ਨੇ ਬਿੱਲ ਸੀ-12 ਪਾਸ ਕਰ ਦਿੱਤਾ ਹੈ ਅਤੇ ਇਸ ਦੇ ਲਾਗੂ ਹੋਣ ਨਾਲ ਰਫਿਊਜੀ ਲਈ ਨਵਾਂ ਨਿਯਮ ਲਾਗੂ ਹੋ ਗਿਆ ਹੈ। ਕੈਨੇਡਾ ਦੀ ਸੰਸਦ ਵਿਚ ਬਿੱਲ ਸੀ-12 ਪਾਸ ਹੋਣ ਨਾਲ ਰਫਿਊਜੀ ਨੀਤੀ ਵਿਚ ਇੱਕ ਵੱਡਾ ਅਤੇ ਮਹੱਤਵਪੂਰਨ ਬਦਲਾਅ ਆਇਆ ਹੈ। ਇਸ ਬਿੱਲ ਅਨੁਸਾਰ ਜੇ ਕੋਈ ਰਫਿਊਜੀ ਆਪਣੇ ਮੂਲ ਦੇਸ਼ (ਵਤਨ) ਵਾਪਸ ਜਾਂਦਾ ਹੈ, ਤਾਂ ਉਸਦਾ ਰਫਿਊਜੀ ਕਲੇਮ ਖਤਮ ਮੰਨਿਆ ਜਾਵੇਗਾ। ਇਸ ਦਾ ਮਤਲਬ ਹੈ ਕਿ ਉਸਦੀ ਕੈਨੇਡਾ ਵਿਚ ਸੁਰੱਖਿਆ ਦੀ ਲੋੜ ਨਹੀਂ ਰਹੀ ਮੰਨੀ ਜਾਵੇਗੀ। ਕੈਨੇਡਾ ਵਿਚ ਰਹਿੰਦੇ ਕਈ ਰਫਿਊਜੀ ਲੋਕਾਂ ਲਈ ਇਹ ਇੱਕ ਵੱਡਾ ਝਟਕਾ ਹੋ ਸਕਦਾ ਹੈ। ਵਤਨ ਜਾਣ ਤੋਂ ਪਹਿਲਾਂ ਹੁਣ ਲੋਕਾਂ ਨੂੰ ਕਾਨੂੰਨੀ ਸਲਾਹ ਲੈਣੀ ਬਹੁਤ ਜ਼ਰੂਰੀ ਹੋਵੇਗੀ। ਇਸ ਨਿਯਮ ਨਾਲ ਸਰਕਾਰ ਸਿਸਟਮ ਦੇ ਗਲਤ ਇਸਤੇਮਾਲ ਨੂੰ ਰੋਕਣਾ ਚਾਹੁੰਦੀ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਸਲਾਹਕਾਰਾਂ ਦੇ ਮੁਤਾਬਕ, ਇਹ ਕਾਨੂੰਨ ਕਾਫੀ ਸਖ਼ਤ ਹੈ। ਹੁਣ ਰਫਿਊਜੀ ਲਈ ਆਪਣੇ ਦੇਸ਼ ਜਾਣਾ ਬਹੁਤ ਵੱਡਾ ਰਿਸਕ ਬਣ ਗਿਆ ਹੈ। ਹਰ ਕਦਮ ਸੋਚ ਸਮਝ ਕੇ ਅਤੇ ਕਾਨੂੰਨੀ ਮਦਦ ਨਾਲ ਲੈਣਾ ਜ਼ਰੂਰੀ ਹੈ। ਯਾਦ ਰਹੇ ਕਿ ਬੀਤੇ ਵਿਚ ਕੈਨੇਡਾ ਦੇ ਵਿਚ ਪੱਕੇ ਹੋਣ ਦੀ ਸਖ਼ਤੀ ਤੋਂ ਬਾਅਦ ਭਾਰਤੀ ਮੂਲ ਦੇ ਵਿਦਿਆਰਥੀਆਂ ਤੇ ਵਿਅਕਤੀਆਂ ਵੱਲੋਂ ਧੜਾਧੜ ਰਿਫੂਿਜੀ ਕਲੇਮ ਕੀਤਾ ਜਾ ਰਿਹਾ ਸੀ। ਹੁਣ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਉਹ ਹੋਰ ਮੁਸ਼ਕਲ ਵਿਚ ਘਿਰ ਜਾਣਗੇ।

# ਟਰੰਪ ਵੱਲੋਂ ਦੋ ਕਾਰਜਕਾਰੀ ਹੁਕਮਾਂ 'ਤੇ ਦਸਤਖ਼ਤ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 13 ਮਾਰਚ ਨੂੰ ਰਿਹਾਇਸ਼ੀ ਕਿਫ਼ਾਇਤ 'ਚ ਸੁਧਾਰ ਲਿਆਉਣ ਦੇ ਉਦੇਸ਼ ਨਾਲ ਦੋ ਕਾਰਜਕਾਰੀ ਹੁਕਮਾਂ 'ਤੇ ਦਸਤਖ਼ਤ ਕੀਤੇ ਹਨ। ਵ੍ਹਾਈਟ ਹਾਊਸ ਦਾ ਇਹ ਕਦਮ ਨਵੰਬਰ ਵਿਚ ਹੋਣ ਵਾਲੀਆਂ ਮੱਧ-ਕਾਲੀ ਚੋਣਾਂ ਤੋਂ ਪਹਿਲਾਂ ਵੋਟਰਾਂ ਦੀ ਇੱਕ ਅਹਿਮ ਚਿੰਤਾ ਨੂੰ ਹੱਲ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

ਵ੍ਹਾਈਟ ਹਾਊਸ ਵੱਲੋਂ ਜਾਰੀ ਕੀਤੇ ਗਏ ਵੇਰਵਿਆਂ ਅਨੁਸਾਰ, ਟਰੰਪ ਨੇ ਇੱਕ ਹੁਕਮ ਉਨ੍ਹਾਂ ਬੇਲੋੜੇ ਰੈਗੂਲੇਟਰੀ ਬੋਝਾਂ ਨੂੰ ਖ਼ਤਮ ਕਰਨ ਲਈ ਜਾਰੀ ਕੀਤਾ ਹੈ, ਜੋ ਮਕਾਨਾਂ ਦੀ ਉਸਾਰੀ ਵਿਚ ਦੇਰੀ ਕਰਦੇ ਹਨ ਅਤੇ ਲਾਗਤ ਵਧਾਉਂਦੇ ਹਨ। ਦੂਜਾ ਹੁਕਮ ਮੋਰਟਗੇਜ (ਗਿਰਵੀਨਾਮਾ) ਲਾਗਤਾਂ ਅਤੇ ਹੋਮ ਲੋਨ ਨਾਲ ਸਬੰਧਤ ਨਿਯਮਾਂ ਨੂੰ ਨਰਮ ਕਰਨ ਬਾਰੇ ਹੈ।

ਰਿਹਾਇਸ਼ੀ ਕਿਫ਼ਾਇਤ ਇੱਕ ਸ਼ਕਤੀਸ਼ਾਲੀ ਸਿਆਸੀ ਮੁੱਦਾ ਬਣ ਗਿਆ ਹੈ ਕਿਉਂਕਿ ਘਰਾਂ ਦੀਆਂ ਕੀਮਤਾਂ ਰਿਕਾਰਡ ਉਚਾਈ ਦੇ ਨੇੜੇ ਹਨ ਅਤੇ ਮੋਰਟਗੇਜ਼ ਦਰਾਂ ਵਧੀਆਂ ਹੋਈਆਂ ਹਨ, ਜਿਸ ਕਾਰਨ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਆਪਣਾ ਘਰ ਲੈਣਾ ਪਹੁੰਚ ਤੋਂ ਬਾਹਰ ਹੋ ਗਿਆ ਹੈ। ਟਰੰਪ ਦੀ ਰਿਪਬਲਿਕਨ ਪਾਰਟੀ ਚੋਣਾਂ ਤੋਂ ਪਹਿਲਾਂ ਆਪਣੇ ਆਰਥਿਕ ਏਜੰਡੇ ਦੇ ਹਿੱਸੇ ਵਜੋਂ ਇਸ ਮੁੱਦੇ ਨੂੰ ਉਭਾਰ ਰਹੀ ਹੈ।

ਇੱਕ ਹੁਕਮ ਸੰਘੀ ਏਜੰਸੀਆਂ ਨੂੰ ਉਨ੍ਹਾਂ ਨਿਯਮਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਖ਼ਤਮ ਕਰਨ ਦਾ ਨਿਰਦੇਸ਼ ਦਿੰਦਾ ਹੈ, ਜੋ ਉਸਾਰੀ ਵਿਚ ਦੇਰੀ ਕਰਦੇ ਹਨ। ਇਸ ਵਿਚ ਵਾਤਾਵਰਣ ਸੰਬੰਧੀ ਲੋੜਾਂ ਅਤੇ ਪਰਮਿਟ ਪ੍ਰਕਿਰਿਆ ਦੀ ਸਮੀਖਿਆ ਸ਼ਾਮਲ ਹੈ, ਤਾਂ ਜੋ ਨਵੇਂ ਮਕਾਨਾਂ ਦੀ ਸਪਲਾਈ ਤੇਜ਼ੀ ਨਾਲ ਵਧਾਈ ਜਾ ਸਕੇ।

ਦੂਜਾ ਹੁਕਮ ਮੋਰਟਗੇਜ਼ ਲੈਂਡਿੰਗ (ਕਰਜ਼ਾ ਦੇਣ) 'ਤੇ ਕੇਂਦਰਿਤ ਹੈ। ਇਹ ਰੈਗੂਲੇਟਰਾਂ ਨੂੰ ਉਨ੍ਹਾਂ ਨਿਯਮਾਂ ਦੀ ਜਾਂਚ ਕਰਨ ਦਾ ਨਿਰਦੇਸ਼ ਦਿੰਦਾ ਹੈ, ਜੋ ਛੋਟੇ ਰਿਣਦਾਤਿਆਂ ਨੂੰ ਕਰਜ਼ਾ ਦੇਣ ਤੋਂ ਰੋਕਦੇ ਹਨ। ਵ੍ਹਾਈਟ ਹਾਊਸ ਦਾ ਕਹਿਣਾ ਹੈ ਕਿ ਇਸ ਦਾ ਮਕਸਦ ਕਰਜ਼ੇ ਦੀ ਲਾਗਤ ਨੂੰ ਘਟਾਉਣਾ ਅਤੇ ਯੋਗ ਅਮਰੀਕੀਆਂ ਲਈ ਘਰ ਖਰੀਦਣਾ ਆਸਾਨ ਬਣਾਉਣਾ ਹੈ। ਇਹ ਹੁਕਮ ਸੱਤਾ ਵਿਚ ਵਾਪਸੀ ਤੋਂ ਬਾਅਦ ਰਿਹਾਇਸ਼ੀ ਲਾਗਤਾਂ ਨੂੰ ਘਟਾਉਣ ਲਈ ਟਰੰਪ ਵੱਲੋਂ ਚੁੱਕੇ ਗਏ ਹੋਰ ਕਦਮਾਂ ਦੀ ਹੀ ਇੱਕ ਕੜੀ ਹਨ। ਇਸ ਤੋਂ ਪਹਿਲਾਂ ਪ੍ਰਸ਼ਾਸਨ ਨੇ ਸਰਕਾਰੀ ਮੋਰਟਗੇਜ਼ ਫਰਮਾਂ 'ਤੇ ਵੀ ਦਬਾਅ ਪਾਇਆ ਸੀ, ਤਾਂ ਜੋ ਵਿਆਜ ਦਰਾਂ ਘਟਾਈਆਂ ਜਾ ਸਕਣ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com



# ਟੋਰਾਂਟੋ 'ਚ ਅਮਰੀਕੀ ਕੌਂਸਲੇਟ ਦੇ ਬਾਹਰ ਚੱਲੀਆਂ ਗੋਲੀਆਂ



**ਟੋਰਾਂਟੋ, (ਪੰਜਾਬ ਮੇਲ)**- ਟੋਰਾਂਟੋ ਪੁਲਿਸ ਵੱਲੋਂ ਟੋਰਾਂਟੋ ਸਥਿਤ ਅਮਰੀਕੀ ਕੌਂਸਲੇਟ 'ਤੇ ਗੋਲੀਆਂ ਚਲਾਏ ਜਾਣ ਦੀ ਜਾਣਕਾਰੀ ਸਾਂਝੀ ਕੀਤੀ ਗਈ ਹੈ। ਜਾਂਚ ਦੌਰਾਨ ਮੌਕੇ ਤੋਂ ਚੱਲੀ ਹੋਈ ਬੰਦੂਕ ਦੇ ਸਬੂਤ ਮਿਲੇ ਹਨ, ਹਾਲਾਂਕਿ ਇਸ ਘਟਨਾ ਵਿਚ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ।

ਟੋਰਾਂਟੋ ਪੁਲਿਸ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਨੂੰ ਗੋਲੀਬਾਰੀ ਦੀ ਰਿਪੋਰਟ ਮਿਲੀ ਸੀ, ਜਿਸ ਤੋਂ ਬਾਅਦ ਤੁਰੰਤ ਕਾਰਵਾਈ ਕੀਤੀ ਗਈ। ਟੋਰਾਂਟੋ ਵਿਚ ਅਮਰੀਕੀ ਕੌਂਸਲੇਟ ਅਤੇ ਅਮਰੀਕੀ ਵਿਦੇਸ਼ ਵਿਭਾਗ ਦੇ ਨੁਮਾਇੰਦਿਆਂ ਨੇ ਫਿਲਹਾਲ ਇਸ ਮਾਮਲੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਪੁਲਿਸ ਨੇ ਇੱਕ ਹੋਰ ਪੋਸਟ ਵਿਚ ਦੱਸਿਆ ਕਿ ਫਿਲਹਾਲ ਕਿਸੇ ਸ਼ੱਕੀ ਵਿਅਕਤੀ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ ਅਤੇ ਜਾਂਚ ਟੀਮਾਂ ਮੌਕੇ 'ਤੇ ਮੌਜੂਦ ਹਨ। ਇਸ ਹਮਲੇ ਦੇ ਪਿੱਛੇ ਦੇ ਮਕਸਦ ਬਾਰੇ ਵੀ ਅਜੇ ਤੱਕ ਕੋਈ ਖੁਲਾਸਾ ਨਹੀਂ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ 8 ਮਾਰਚ ਨੂੰ ਨਾਰਵੇ ਦੀ ਰਾਜਧਾਨੀ ਓਸਲੋ ਵਿਚ ਅਮਰੀਕੀ ਦੂਤਾਵਾਸ ਵਿਚ ਇੱਕ ਦੇਸੀ ਬੰਬ ਦਾ ਧਮਾਕਾ ਹੋਇਆ ਸੀ। ਪੁਲਿਸ ਅਜੇ ਵੀ ਸ਼ੱਕੀ ਦੀ ਭਾਲ ਕਰ ਰਹੀ ਹੈ ਅਤੇ ਜਾਂਚ ਦੇ ਇੱਕ ਪਹਿਲੂ ਵਜੋਂ ਇਸ ਘਟਨਾ ਦੇ ਤਾਰ ਈਰਾਨ ਜੰਗ ਨਾਲ ਜੁੜੇ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਨਿਊਯਾਰਕ ਵਿਚ ਵੀ ਪਿਛਲੇ ਹਫ਼ਤੇ ਦੇ ਅੰਤ ਵਿਚ ਇਸਲਾਮ ਵਿਰੋਧੀ ਪ੍ਰਦਰਸ਼ਨਕਾਰੀਆਂ 'ਤੇ ਦੇਸੀ ਬੰਬ ਸੁੱਟਣ ਦੇ ਦੋਸ਼ ਵਿਚ ਦੋ ਵਿਅਕਤੀਆਂ ਵਿਰੁੱਧ ਅੱਤਵਾਦ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਗੈਂਗਸਟਰ ਗੋਲਡੀ ਬਰਾੜ ਵੱਲੋਂ ਗਿੱਪੀ ਗਰੇਵਾਲ ਨੂੰ ਜਾਨੋਂ ਮਾਰਨ ਦੀ ਧਮਕੀ

**ਮੁਹਾਲੀ, (ਪੰਜਾਬ ਮੇਲ)**- ਪੰਜਾਬੀ ਅਦਾਕਾਰ ਅਤੇ ਗਾਇਕ ਰੁਪਿੰਦਰ ਸਿੰਘ ਗਰੇਵਾਲ ਉਰਫ ਗਿੱਪੀ ਗਰੇਵਾਲ ਨੂੰ ਵਿਦੇਸ਼ ਬੈਠੇ ਗੈਂਗਸਟਰ ਗੋਲਡੀ ਬਰਾੜ ਵੱਲੋਂ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਸੂਤਰਾਂ ਮੁਤਾਬਕ ਗੋਲਡੀ ਬਰਾੜ ਨੇ ਗਿੱਪੀ ਨੂੰ ਫੋਨ ਕਰਕੇ ਕਿਹਾ ਕਿ ਉਹ ਉਸ ਦੇ ਸੁਨੇਹਿਆਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰ ਰਿਹਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਕਥਿਤ ਆਡੀਓ ਰਿਕਾਰਡਿੰਗ ਵਿਚ ਧਮਕੀ ਦੇਣ ਵਾਲਾ ਕਹਿ ਰਿਹਾ ਹੈ, "ਸਾਡੇ ਮੈਸੇਜ ਇਗਨੋਰ ਨਾ ਕਰਿਆ ਕਰ, ਕਿਉਂਕਿ ਮੈਸੇਜ ਤਾਂ ਇਗਨੋਰ ਹੋ ਸਕਦੇ ਹਨ ਪਰ ਗੋਲੀਆਂ ਨਹੀਂ।" ਇਸ ਕਾਲ ਵਿਚ ਗਿੱਪੀ ਦੇ ਮੁਹਾਲੀ ਵਾਲੇ ਘਰ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਵੀ ਕਹੀ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਘਟਨਾ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਸਵਾਲ ਚੁੱਕੇ ਹਨ। ਬਾਦਲ ਨੇ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਦਿਆਂ ਦਾਅਵਾ ਕੀਤਾ ਕਿ ਗਿੱਪੀ ਗਰੇਵਾਲ ਹਾਲ ਹੀ ਵਿਚ ਉਨ੍ਹਾਂ ਨੂੰ ਮਿਲਣ ਲਈ ਉਨ੍ਹਾਂ ਦੇ ਪਿੰਡ ਬਾਦਲ ਆਏ ਸਨ, ਜਿਸ ਕਾਰਨ ਸਰਕਾਰ ਨੇ ਉਨ੍ਹਾਂ ਦੀ ਸੁਰੱਖਿਆ ਵਾਪਸ ਲੈ ਲਈ।

# ਕੈਨੇਡਾ 'ਚ ਨਵਦੀਪ ਕੌਰ ਦੇ ਕਤਲ ਮਾਮਲੇ 'ਚ ਸ਼ੱਕੀ ਪੰਜਾਬੀ ਖ਼ਿਲਾਫ਼ ਵਾਰੰਟ ਜਾਰੀ



**ਵੈਨਕੂਵਰ, (ਪੰਜਾਬ ਮੇਲ)**- ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਐਬਟਸਫੋਰਡ 'ਚ 2024 ਦੌਰਾਨ ਵਾਪਰੇ 28 ਸਾਲਾ ਨਵਦੀਪ ਕੌਰ ਦੇ ਕਤਲ ਮਾਮਲੇ 'ਚ ਪੁਲਿਸ ਨੇ ਮੁੱਖ ਸ਼ੱਕੀ ਖ਼ਿਲਾਫ਼ ਕੈਨੇਡਾ ਭਰ 'ਚ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਕਤ ਸ਼ੱਕੀ ਵਿਅਕਤੀ ਦੇਸ਼ ਤੋਂ ਬਾਹਰ ਭੱਜ ਜਾਣ ਦੀ ਸੰਭਾਵਨਾ ਦੇ ਮੱਦੇ ਨਜ਼ਰ ਇਹ ਫੈਸਲਾ ਲਿਆ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਮਾਮਲੇ 'ਚ ਪੰਜਾਬੀ ਮੂਲ ਦੇ ਨੌਜਵਾਨ ਅਮਰਬੀਰ ਸਿੰਘ ਉੱਤੇ ਦੋਸ਼ ਲਗਾਏ ਗਏ ਹਨ। ਪੁਲਿਸ ਮੁਤਾਬਕ ਇਹ ਮਾਮਲਾ 2024 'ਚ ਐਬਟਸਫੋਰਡ ਵਿਚ ਵਾਪਰਿਆ ਸੀ, ਜਦੋਂ 28 ਸਾਲਾ ਨਵਦੀਪ ਕੌਰ ਦੀ ਸ਼ੱਕੀ ਹਾਲਾਤਾਂ ਵਿਚ ਮੌਤ ਹੋ ਗਈ ਸੀ। ਇਸ ਘਟਨਾ ਤੋਂ ਬਾਅਦ ਮਾਮਲੇ ਦੀ ਜਾਂਚ ਬ੍ਰਿਟਿਸ਼ ਕੋਲੰਬੀਆ ਦੀ ਇੰਟੀਗ੍ਰੇਟਿਡ ਹੋਮਿਸਾਈਡ ਇਨਵੈਸਟਿਗੇਸ਼ਨ ਟੀਮ ਵੱਲੋਂ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਦੌਰਾਨ ਇਕੱਠੇ ਕੀਤੇ ਗਏ ਸਬੂਤਾਂ ਦੇ ਆਧਾਰ 'ਤੇ ਅਮਰਬੀਰ ਸਿੰਘ ਖ਼ਿਲਾਫ਼ ਦੋਸ਼ ਤੈਅ ਕੀਤੇ ਗਏ ਹਨ ਅਤੇ ਹੁਣ ਉਸ ਦੀ ਗ੍ਰਿਫ਼ਤਾਰੀ ਲਈ ਕੈਨੇਡਾ ਭਰ ਵਿਚ ਵਾਰੰਟ ਜਾਰੀ ਕਰ ਦਿੱਤਾ ਗਿਆ ਹੈ।

# ਟੋਰਾਂਟੋ ਸੀ.ਜੀ.ਆਈ. ਨੇ ਅਸਥੀਆਂ ਭਾਰਤ ਲਿਜਾਣ ਦੇ ਨਿਯਮਾਂ ਨੂੰ ਕੀਤਾ ਸੌਖਾ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ 'ਚ ਸਥਿਤ ਭਾਰਤ ਦੇ ਟੋਰਾਂਟੋ ਕੌਂਸਲੇਟ ਜਨਰਲ ਨੇ ਸਸਕਾਰ ਦੀਆਂ ਅਸਥੀਆਂ ਨੂੰ ਭਾਰਤ ਲਿਜਾਣ ਦੇ ਨਿਯਮਾਂ ਨੂੰ ਸੌਖਾ ਕਰ ਦਿੱਤਾ ਹੈ। 12 ਮਾਰਚ ਨੂੰ ਜਾਰੀ ਕੀਤੇ ਗਏ ਇੱਕ ਐਲਾਨ 'ਚ ਕਿਹਾ ਗਿਆ ਸੀ ਕਿ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਦਸਤਾਵੇਜ਼ੀ ਜ਼ਰੂਰਤਾਂ ਵਿਚ ਬਦਲਾਅ ਕੀਤੇ ਗਏ ਹਨ।

ਪਹਿਲਾਂ, ਭਾਰਤ 'ਚ ਅਸਥੀਆਂ ਪਹੁੰਚਾਉਣ ਲਈ ਸਿਰਫ਼ ਮੌਤ ਸਰਟੀਫਿਕੇਟ ਦੀ ਲੋੜ ਹੁੰਦੀ ਸੀ। ਪਰ ਬਹੁਤ ਸਾਰੇ ਪਰਿਵਾਰਾਂ ਲਈ, ਇਸਨੂੰ ਬਣਾਉਣਾ ਇੱਕ ਸਮਾਂ ਲੈਣ ਵਾਲੀ ਪ੍ਰਕਿਰਿਆ ਸਾਬਤ ਹੋਈ। ਇਸ ਮੁੱਦੇ ਨੂੰ ਹੱਲ ਕਰਨ ਲਈ, ਹੁਣ ਮੁਸ਼ਕਲਾਂ ਨੂੰ ਘਟਾਉਣ ਲਈ ਨਿਯਮਾਂ ਵਿਚ ਢਿੱਲ ਦਿੱਤੀ ਗਈ ਹੈ।

ਨਵੇਂ ਨਿਯਮਾਂ ਅਨੁਸਾਰ, ਹੁਣ ਚਾਰਾਂ ਵਿਚੋਂ ਕੋਈ ਵੀ ਇੱਕ ਦਸਤਾਵੇਜ਼ ਅਸਥੀਆਂ ਨੂੰ ਭਾਰਤ ਲਿਜਾਣ ਲਈ ਵੈਧ ਹੋਵੇਗਾ। ਇਨ੍ਹਾਂ ਵਿਚ ਮੌਤ ਦਾ ਸਰਟੀਫਿਕੇਟ, ਮੌਤ ਦਾ ਬਿਆਨ, ਫਾਰਮ 16 (ਓਨਟਾਰੀਓ ਨਿਵਾਸੀਆਂ ਲਈ), ਜਾਂ ਦਫ਼ਨਾਉਣ ਦਾ ਪਰਮਿਟ ਸ਼ਾਮਲ ਹੈ। ਇਨ੍ਹਾਂ ਵਿਚੋਂ ਕੋਈ ਵੀ ਦਸਤਾਵੇਜ਼ ਅਸਥੀਆਂ ਨੂੰ ਭਾਰਤ ਭੇਜਣ ਦੀ ਆਗਿਆ ਦੇਵੇਗਾ।

ਕੌਂਸਲੇਟ ਨੇ ਕਿਹਾ ਕਿ ਇਹ ਫੈਸਲਾ ਭਾਰਤੀ ਭਾਈਚਾਰੇ ਦੀ ਸਹੂਲਤ ਨੂੰ ਧਿਆਨ 'ਚ ਰੱਖਦੇ ਹੋਏ ਲਿਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਉਹ ਹਮੇਸ਼ਾ ਭਾਈਚਾਰੇ ਦੇ ਲਾਭ ਅਤੇ ਸਹੂਲਤ ਲਈ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਅਤੇ ਸੁਵਿਧਾਜਨਕ ਬਣਾਉਣ ਲਈ ਕੰਮ ਕਰਨਗੇ।

ਹਾਲਾਂਕਿ, ਅਸਥੀਆਂ ਨੂੰ ਭਾਰਤ ਲਿਜਾਣ ਲਈ ਕੁਝ ਹੋਰ ਮਹੱਤਵਪੂਰਨ ਦਸਤਾਵੇਜ਼ ਅਜੇ ਵੀ ਲਾਜ਼ਮੀ ਹੋਣਗੇ। ਇਨ੍ਹਾਂ ਵਿਚ ਕੋਈ ਇਤਰਾਜ਼ ਨਹੀਂ ਸਰਟੀਫਿਕੇਟ (ਐੱਨ.ਓ.ਸੀ.), ਸਸਕਾਰ ਸਰਟੀਫਿਕੇਟ, ਪੈਕਿੰਗ ਸਰਟੀਫਿਕੇਟ (ਮ੍ਰਿਤਕ ਦਾ ਨਾਮ, ਉਮਰ, ਮਿਤੀ, ਸਮਾਂ ਅਤੇ ਮੌਤ ਦਾ ਕਾਰਨ ਅਤੇ ਪੈਕੇਜ ਵੇਰਵੇ ਸ਼ਾਮਲ ਹਨ) ਅਤੇ ਮ੍ਰਿਤਕ ਦਾ ਅਸਲ ਪਾਸਪੋਰਟ ਸ਼ਾਮਲ ਹਨ। ਇਸ ਤੋਂ ਇਲਾਵਾ, ਅਸਥੀਆਂ ਲਿਜਾਣ ਵਾਲੇ ਵਿਅਕਤੀ ਦਾ ਨਾਮ, ਪਤਾ ਅਤੇ ਪਾਸਪੋਰਟ ਵੇਰਵੇ ਵੀ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਜੇਕਰ ਮ੍ਰਿਤਕ ਭਾਰਤੀ ਨਾਗਰਿਕ ਸੀ, ਤਾਂ ਇਨ੍ਹਾਂ ਦਸਤਾਵੇਜ਼ਾਂ ਦੇ ਨਾਲ ਮੌਤ ਰਜਿਸਟ੍ਰੇਸ਼ਨ ਫਾਰਮ ਵੀ ਭਰਨਾ ਲਾਜ਼ਮੀ ਹੈ। ਨਵੇਂ ਨਿਯਮਾਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਪਰਿਵਾਰਾਂ ਨੂੰ ਆਪਣੇ ਦੁੱਖ ਦੇ ਸਮੇਂ ਘੱਟੋ-ਘੱਟ ਪ੍ਰਬੰਧਕੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇ।




# ਈਰਾਨ ਵੱਲੋਂ ਸ਼ਾਂਤੀ ਪ੍ਰਕਿਰਿਆ ਲਈ ਸਖਤ ਸਟੈਂਡ

**■ ਕਿਹਾ : ਬਿਨਾਂ ਗਾਰੰਟੀ ਅਤੇ ਹਰਜਾਨੇ ਦੇ ਜੰਗ ਦਾ ਅੰਤ ਨਾਮੁਮਕਿਨ**



ਤੇਹਰਾਨ, (ਪੰਜਾਬ ਮੇਲ)- ਮੱਧ ਪੂਰਬ ਵਿਚ ਜਾਰੀ ਭਿਆਨਕ ਜੰਗ ਵਿਚਕਾਰ ਈਰਾਨ ਨੇ ਸ਼ਾਂਤੀ ਪ੍ਰਕਿਰਿਆ ਨੂੰ ਲੈ ਕੇ ਇੱਕ ਬੇਹੱਦ ਸਖ਼ਤ ਅਤੇ ਸਪੱਸ਼ਟ ਸਟੈਂਡ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਈਰਾਨ ਨੇ ਐਲਾਨ ਕੀਤਾ ਹੈ ਕਿ ਬਿਨਾਂ ਪੁਖ਼ਤਾ ਗਾਰੰਟੀ ਅਤੇ ਜੰਗ ਦੇ ਹਰਜਾਨੇ ਤੋਂ ਇਸ ਸੰਘਰਸ਼ ਦਾ ਅੰਤ ਸੰਭਵ ਨਹੀਂ ਹੈ।

ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਕਿਹਾ ਹੈ ਕਿ ਮੌਜੂਦਾ ਜੰਗ ਦਾ ਅੰਤ ਤਾਂ ਹੀ ਸੰਭਵ ਹੈ ਜੇਕਰ ਇਸ ਗੱਲ ਦੀ ਪੱਕੀ ਗਾਰੰਟੀ ਦਿੱਤੀ ਜਾਵੇ ਕਿ ਹਮਲੇ ਦੁਹਰਾਏ ਨਹੀਂ ਜਾਣਗੇ। ਇੱਕ ਪ੍ਰਮੁੱਖ ਅਰਬੀ ਅਖਬਾਰ, ਅਲ-ਅਰਬੀ ਅਲ-ਜਾਦੀਦ ਨਾਲ ਗੱਲ ਕਰਦੇ ਹੋਏ ਅਰਾਘਚੀ ਨੇ ਸਪੱਸ਼ਟ ਕੀਤਾ ਕਿ ਜੰਗ ਦਾ ਅੰਤ ਤਾਂ ਹੀ ਸੰਭਵ ਹੈ, ਜੇਕਰ ਪੱਕੀ ਗਾਰੰਟੀ ਦਿੱਤੀ ਜਾਵੇ ਕਿ ਹਮਲੇ ਦੁਹਰਾਏ ਨਹੀਂ ਜਾਣਗੇ। ਉਨ੍ਹਾਂ ਨੇ ਸੰਘਰਸ਼ ਦੌਰਾਨ ਹੋਏ ਨੁਕਸਾਨ ਲਈ ਹਰਜ਼ਾਨੇ ਜਾਂ ਮੁਆਵਜ਼ੇ ਦੀ ਅਦਾਇਗੀ ਦੀ ਵੀ ਮੰਗ ਕੀਤੀ। ਅਰਾਘਚੀ ਨੇ ਖੇਤਰ ਵਿਚ ਹਮਲਿਆਂ ਦੀ ਪੂਰੀ ਜਾਂਚ ਲਈ ਖੇਤਰੀ ਦੇਸ਼ਾਂ ਨਾਲ ਇੱਕ ਸਾਂਝੀ ਜਾਂਚ ਕਮੇਟੀ ਦੇ ਗਠਨ ਦਾ ਵੀ ਪ੍ਰਸਤਾਵ ਰੱਖਿਆ।

ਆਪਣੇ ਬਿਆਨ ਵਿਚ, ਈਰਾਨੀ ਵਿਦੇਸ਼ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਤਹਿਰਾਨ ਦੀਆਂ ਫੌਜੀ ਕਾਰਵਾਈਆਂ ਖੇਤਰ ਵਿਚ ਅਮਰੀਕੀ ਟਿਕਾਣਿਆਂ ਅਤੇ ਹਿੱਤਾਂ ਤੱਕ ਸੀਮਿਤ ਰਹੀਆਂ ਹਨ। ਉਨ੍ਹਾਂ ਨੇ ਇਸ ਗੱਲ ਤੋਂ ਜ਼ੋਰ ਦੇ ਕੇ ਇਨਕਾਰ ਕੀਤਾ ਕਿ ਈਰਾਨ ਨੇ ਗੁਆਂਢੀ ਦੇਸ਼ਾਂ ਵਿਚ ਕਿਸੇ ਵੀ ਨਾਗਰਿਕ ਜਾਂ ਰਿਹਾਇਸ਼ੀ ਖੇਤਰਾਂ ਨੂੰ ਨਿਸ਼ਾਨਾ ਬਣਾਇਆ ਹੈ। ਅਰਾਘਚੀ ਨੇ ਡਰ ਪ੍ਰਗਟ ਕੀਤਾ ਕਿ ਇਜ਼ਰਾਈਲ ਅਰਬ ਦੇਸ਼ਾਂ ਵਿਚ ਨਾਗਰਿਕ ਟੀਚਿਆਂ 'ਤੇ ਹਮਲਿਆਂ ਪਿੱਛੇ ਹੋ ਸਕਦਾ ਹੈ, ਜਿਸਦਾ ਉਦੇਸ਼ ਈਰਾਨ ਅਤੇ ਉਸਦੇ ਗੁਆਂਢੀ ਅਰਬ ਦੇਸ਼ਾਂ ਵਿਚਕਾਰ ਪਾੜਾ ਵਧਾਉਣਾ ਹੈ। ਅਰਾਘਚੀ ਨੇ ਇਹ ਸਨਸਨੀਖੇਜ਼ ਦਾਅਵਾ ਵੀ ਕੀਤਾ ਕਿ ਅਮਰੀਕਾ ਨੇ ਈਰਾਨ ਦੇ "ਸ਼ਾਹਿਦ" ਵਰਗਾ "ਲੂਕਾਸ" ਨਾਮਕ ਇੱਕ ਨਵਾਂ ਡਰੋਨ ਵਿਕਸਤ ਕੀਤਾ ਹੈ, ਜਿਸਦੀ ਵਰਤੋਂ ਅਰਬ ਦੇਸ਼ਾਂ ਵਿਚ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਗਈ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਈਰਾਨੀ ਊਰਜਾ ਕੇਂਦਰਾਂ ਜਾਂ ਤੇਲ ਸਹੂਲਤਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਤਾਂ ਤਹਿਰਾਨ ਸਖ਼ਤ ਜਵਾਬ ਦੇਵੇਗਾ। ਅਜਿਹੀ ਸਥਿਤੀ ਵਿਚ ਈਰਾਨ ਖੇਤਰ ਵਿੱਚ ਕੰਮ ਕਰਨ ਵਾਲੀਆਂ ਅਮਰੀਕੀ ਕੰਪਨੀਆਂ ਦੇ ਠਿਕਾਣਿਆਂ 'ਤੇ ਸਿੱਧਾ ਹਮਲਾ ਕਰੇਗਾ। ਇਹ ਬਿਆਨ ਉਸ ਸਮੇਂ ਆਇਆ ਹੈ, ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਹਿਲਾਂ ਹੀ ਜੰਗਬੰਦੀ ਤੋਂ ਇਨਕਾਰ ਕਰਦਿਆਂ ਈਰਾਨ ਅੱਗੇ ਪਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਸ਼ਰਤ ਰੱਖੀ ਹੋਈ ਹੈ।

# ਈਰਾਨ ਨੂੰ ਫਸਾਉਣ ਲਈ 9/11 ਵਰਗੀ ਰਚੀ ਜਾ ਸਕਦੀ ਹੈ ਕੋਈ ਵੱਡੀ ਅੱਤਵਾਦੀ ਸਾਜ਼ਿਸ਼ !

**■ ਐਪਸਟੀਨ ਨੈੱਟਵਰਕ ਦੇ ਬਚੇ ਮੈਂਬਰਾਂ ਵੱਲੋਂ ਅਜਿਹੀ ਸਾਜ਼ਿਸ਼ ਰਚੇ ਜਾਣ ਦਾ ਕੀਤਾ ਦਾਅਵਾ**

ਤੇਹਰਾਨ, (ਪੰਜਾਬ ਮੇਲ)- ਈਰਾਨ ਦੀ ਸੁਪਰੀਮ ਨੈਸ਼ਨਲ ਸਕਿਓਰਿਟੀ ਕੌਂਸਲ ਦੇ ਸਕੱਤਰ ਅਲੀ ਲਾਰੀਜਾਨੀ ਨੇ ਇੱਕ ਸਨਸਨੀਖੇਜ਼ ਦਾਅਵਾ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ ਈਰਾਨ ਨੂੰ ਫਸਾਉਣ ਲਈ 9/11 ਵਰਗੀ ਕੋਈ ਵੱਡੀ ਅੱਤਵਾਦੀ ਸਾਜ਼ਿਸ਼ ਰਚੀ ਜਾ ਸਕਦੀ ਹੈ। ਲਾਰੀਜਾਨੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਹੈ ਕਿ 'ਐਪਸਟੀਨ ਨੈੱਟਵਰਕ' ਦੇ ਬਚੇ ਹੋਏ ਮੈਂਬਰਾਂ ਨੇ ਇੱਕ ਅਜਿਹੀ ਸਾਜ਼ਿਸ਼ ਤਿਆਰ ਕੀਤੀ ਹੈ, ਜਿਸ ਰਾਹੀਂ 9/11 ਵਰਗੀ ਘਟਨਾ ਨੂੰ ਅੰਜਾਮ ਦੇ ਕੇ ਉਸ ਦਾ ਦੋਸ਼ ਈਰਾਨ ਸਿਰ ਮੜ੍ਹਿਆ ਜਾ ਸਕੇ। ਉਨ੍ਹਾਂ ਸਪੱਸ਼ਟ ਕੀਤਾ ਕਿ ਈਰਾਨ ਅਜਿਹੀਆਂ ਅੱਤਵਾਦੀ ਯੋਜਨਾਵਾਂ ਦਾ ਸਖ਼ਤ ਵਿਰੋਧ ਕਰਦਾ ਹੈ ਅਤੇ ਅਮਰੀਕੀ ਲੋਕਾਂ ਨਾਲ ਉਨ੍ਹਾਂ ਦੀ ਕੋਈ ਜੰਗ ਨਹੀਂ ਹੈ।

ਲਾਰੀਜਾਨੀ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਾਲੇ ਜੰਗ ਬਹੁਤ ਤੇਜ਼ ਹੋ ਚੁੱਕੀ ਹੈ। ਇਹ ਟਕਰਾਅ ਪਿਛਲੇ ਮਹੀਨੇ ਉਦੋਂ ਵਧਿਆ, ਜਦੋਂ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਕੀਤੇ ਗਏ ਸਾਂਝੇ ਹਮਲਿਆਂ ਵਿਚ ਈਰਾਨ ਦੇ 86 ਸਾਲਾ ਸੁਪਰੀਮ ਲੀਡਰ ਆਇਤੁੱਲਾ ਅਲੀ ਖ਼ਾਮੇਨੇਈ ਦੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਪੂਰੇ ਮੱਧ ਪੂਰਬ 'ਚ ਜੰਗ ਫੈਲ ਗਈ ਹੈ। ਰਿਪੋਰਟਾਂ ਅਨੁਸਾਰ, ਇਸ ਜੰਗ 'ਚ ਹੁਣ ਤੱਕ 2,000 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ 'ਚੋਂ ਜ਼ਿਆਦਾਤਰ ਈਰਾਨ ਦੇ ਨਾਗਰਿਕ ਹਨ।

ਪੈਂਟਾਗਨ ਮੁਤਾਬਕ, ਜੰਗ ਸ਼ੁਰੂ ਹੋਣ ਤੋਂ ਬਾਅਦ ਅਮਰੀਕੀ ਅਤੇ ਇਜ਼ਰਾਈਲੀ ਫੌਜਾਂ ਨੇ ਹੁਣ ਤੱਕ ਈਰਾਨ ਵਿਚ 15,000 ਤੋਂ ਵੱਧ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ। ਇਸ ਦੇ ਨਾਲ ਹੀ ਅਮਰੀਕਾ ਨੇ ਖੇਤਰ 'ਚ ਆਪਣਾ ਸਮੁੰਦਰੀ ਹਮਲਾਵਰ ਜਹਾਜ਼ 'ਯੂ.ਐੱਸ.ਐੱਸ. ਤ੍ਰਿਪੋਲੀ' ਅਤੇ ਲਗਭਗ 2,500 ਮਰੀਨ ਵੀ ਤਾਇਨਾਤ ਕਰ ਦਿੱਤੇ ਹਨ। ਦੂਜੇ ਪਾਸੇ ਈਰਾਨ ਨੇ ਵੀ ਜਵਾਬੀ ਕਾਰਵਾਈ ਕਰਦਿਆਂ ਇਜ਼ਰਾਈਲ ਤੇ ਖਾੜੀ ਦੇਸ਼ਾਂ 'ਚ ਸਥਿਤ ਅਮਰੀਕੀ ਫੌਜੀ ਟਿਕਾਣਿਆਂ 'ਤੇ ਹਮਲੇ ਕੀਤੇ ਹਨ।

11 ਸਤੰਬਰ 2001 ਨੂੰ ਅਮਰੀਕਾ 'ਚ ਹੋਏ ਅੱਤਵਾਦੀ ਹਮਲੇ ਆਧੁਨਿਕ ਇਤਿਹਾਸ ਦੀਆਂ ਸਭ ਤੋਂ ਭਿਆਨਕ ਘਟਨਾਵਾਂ ਵਿਚੋਂ ਇੱਕ ਹਨ। ਅਲ-ਕਾਇਦਾ ਨਾਲ ਜੁੜੇ 19 ਹਾਈਜੈਕਰਾਂ ਨੇ ਚਾਰ ਯਾਤਰੀ ਜਹਾਜ਼ਾਂ ਨੂੰ ਅਗਵਾ ਕਰ ਕੇ ਨਿਊਯਾਰਕ ਦੇ ਵਰਲਡ ਟਰੇਡ ਸੈਂਟਰ ਅਤੇ ਪੈਂਟਾਗਨ ਨਾਲ ਟਕਰਾ ਦਿੱਤਾ ਸੀ, ਜਿਸ ਵਿਚ ਲਗਭਗ 3,000 ਲੋਕ ਮਾਰੇ ਗਏ ਸਨ। ਈਰਾਨ ਹੁਣ ਅਜਿਹੀ ਹੀ ਕਿਸੇ ਵੱਡੀ ਘਟਨਾ ਦੀ ਵਰਤੋਂ ਆਪਣੇ ਖਿਲਾਫ ਕੀਤੇ ਜਾਣ ਦਾ ਖਦਸ਼ਾ ਜਤਾ ਰਿਹਾ ਹੈ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**



# ਹਰਿਆਣਾ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਆਪਣੀ ਟੀਮ ਨਾਲ ਮਿਲ ਕੇ ਨਾਨਕਸ਼ਾਹੀ ਸੰਮਤ 558 ਦਾ ਨਵਾਂ ਕੈਲੰਡਰ ਜਾਰੀ ਕੀਤਾ ਹੈ। ਜਥੇਦਾਰ ਝੀਂਡਾ ਨੇ ਦੱਸਿਆ ਕਿ ਹਰਿਆਣਾ ਕਮੇਟੀ ਨੇ ਸਾਲ 2026-27 ਲਈ ਆਪਣਾ ਇਹ ਕੈਲੰਡਰ ਜਾਰੀ ਕੀਤਾ ਹੈ, ਜਿਸ ਵਿਚ ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬਾਂ ਅਤੇ ਹੋਰ ਇਤਿਹਾਸਕ ਦਿਹਾੜਿਆਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਸੰਸਥਾ ਦਾ ਅਗਲਾ ਸਾਲਾਨਾ ਬਜਟ ਤਿਆਰ ਕਰ ਲਿਆ ਗਿਆ ਹੈ ਅਤੇ ਇਸ ਨੂੰ ਪਾਸ ਕਰਨ ਲਈ 31 ਮਾਰਚ ਨੂੰ ਮੀਟਿੰਗ ਸੱਦੀ ਗਈ ਹੈ। ਉਨ੍ਹਾਂ ਸਮੂਹ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਸੰਸਥਾ ਦੇ ਸੇਵਾ ਕਾਰਜਾਂ ਨੂੰ ਮੁੱਖ ਰੱਖਦੇ ਹੋਏ ਬਜਟ ਪਾਸ ਕਰਨ ਲਈ ਮੀਟਿੰਗ ਵਿਚ ਸ਼ਾਮਲ ਹੋਣ। ਉਨ੍ਹਾਂ ਪੇਸ਼ਕਸ਼ ਕੀਤੀ ਕਿ ਜੇ ਕੋਈ ਮੈਂਬਰ ਬਜਟ 'ਤੇ ਪਹਿਲਾਂ ਚਰਚਾ ਕਰਨਾ ਚਾਹੁੰਦਾ ਹੈ, ਤਾਂ 30 ਮਾਰਚ ਨੂੰ ਵੀ ਮੀਟਿੰਗ ਬੁਲਾਈ ਜਾ ਸਕਦੀ ਹੈ।



*ਕੈਲੰਡਰ ਜਾਰੀ ਕਰਦੇ ਹੋਏ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮੈਂਬਰ।*

# ਸਾਬਕਾ ਡੀ.ਆਈ.ਜੀ. ਭੁੱਲਰ ਕੇਸ 'ਚ ਸੀ.ਬੀ.ਆਈ. ਅਦਾਲਤ ਦੇ ਨੋਟਿਸ ਨੂੰ ਚੁਣੌਤੀ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੇ ਆਪਣੇ ਖਿਲਾਫ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਸੀ.ਬੀ.ਆਈ. ਅਦਾਲਤ ਦੇ ਨੋਟਿਸ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਸੀ.ਬੀ.ਆਈ. ਅਦਾਲਤ ਦੇ ਨੋਟਿਸ ਨੂੰ ਵਾਪਸ ਲਿਆ ਜਾਵੇ।

ਭੁੱਲਰ ਨੇ ਦਲੀਲ ਦਿੱਤੀ ਕਿ ਸੀ.ਬੀ.ਆਈ. ਦੁਆਰਾ ਦਾਇਰ ਚਾਰਜਸ਼ੀਟ ਅਧੂਰੀ ਹੈ ਅਤੇ ਮੁਕੱਦਮਾ ਚਲਾਉਣ ਲਈ ਲੋੜੀਂਦੀ ਪ੍ਰਵਾਨਗੀ ਪ੍ਰਾਪਤ ਨਹੀਂ ਕੀਤੀ ਗਈ। ਇਸੇ ਮਾਮਲੇ ਵਿਚ ਵਿਚੋਲੀਏ ਕ੍ਰਿਸ਼ਨੂ ਸ਼ਾਰਦਾ ਨੇ ਵੀ ਅਦਾਲਤ ਦੇ ਨੋਟਿਸ ਆਦੇਸ਼ ਨੂੰ ਚੁਣੌਤੀ ਦਿੱਤੀ ਹੈ। ਚੰਡੀਗੜ੍ਹ ਸੀ.ਬੀ.ਆਈ. ਅਦਾਲਤ ਨੇ ਦੋਵਾਂ ਅਰਜ਼ੀਆਂ 'ਤੇ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕੀਤਾ ਹੈ। ਮਾਮਲੇ ਦੀ ਸੁਣਵਾਈ ਹੁਣ 27 ਮਾਰਚ ਨੂੰ ਹੋਵੇਗੀ।

ਭੁੱਲਰ ਦੇ ਵਕੀਲ, ਐੱਸ.ਪੀ.ਐੱਸ. ਭੁੱਲਰ ਨੇ ਕਿਹਾ ਕਿ ਜਾਂਚ ਏਜੰਸੀ ਨੇ ਅਜੇ ਤੱਕ ਕੇਂਦਰੀ ਫੋਰੈਂਸਿਕ ਸਾਇੰਸ ਲੈਬਾਰਟਰੀ (ਸੀ.ਐੱਫ.ਐੱਸ.ਐੱਲ.) ਰਿਪੋਰਟ ਅਤੇ ਕੁਝ ਜ਼ਰੂਰੀ ਦਸਤਾਵੇਜ਼ ਮੁਹੱਈਆ ਨਹੀਂ ਕਰਵਾਏ ਹਨ। ਇਸ ਤੋਂ ਇਲਾਵਾ, ਕੇਸ ਚਲਾਉਣ ਲਈ ਰਾਜ ਸਰਕਾਰ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਕੀਤੀ ਗਈ ਹੈ।

ਵਕੀਲ ਅਨੁਸਾਰ, ਮਾਮਲੇ ਦਾ ਨੋਟਿਸ ਲੈਣ ਦਾ ਅਦਾਲਤ ਦਾ ਫੈਸਲਾ ਅਣਉਚਿਤ ਹੈ। ਉਨ੍ਹਾਂ ਇਹ ਵੀ ਦਲੀਲ ਦਿੱਤੀ ਕਿ ਭੁੱਲਰ ਉਸ ਸਮੇਂ ਪੰਜਾਬ ਵਿਚ ਤਾਇਨਾਤ ਸੀ, ਇਸ ਲਈ ਕੇਂਦਰ ਸਰਕਾਰ ਦੀ ਬਜਾਏ ਰਾਜ ਸਰਕਾਰ ਤੋਂ ਪ੍ਰਵਾਨਗੀ ਜ਼ਰੂਰੀ ਸੀ।

ਇਸ ਤੋਂ ਪਹਿਲਾਂ, 13 ਮਾਰਚ ਨੂੰ ਸੀ.ਬੀ.ਆਈ. ਅਦਾਲਤ ਨੇ ਭੁੱਲਰ ਅਤੇ ਕ੍ਰਿਸ਼ਨੂ ਸ਼ਾਰਦਾ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ ਦਾ ਨੋਟਿਸ ਲਿਆ। ਜਿਸ ਨਾਲ ਮੁਕੱਦਮੇ ਨੂੰ ਅੱਗੇ ਵਧਾਇਆ ਗਿਆ। ਪਿਛਲੇ ਮਹੀਨੇ, ਭੁੱਲਰ 'ਤੇ ਮੁਕੱਦਮਾ ਚਲਾਉਣ ਲਈ ਕੇਂਦਰ ਸਰਕਾਰ ਤੋਂ ਪ੍ਰਵਾਨਗੀ ਪ੍ਰਾਪਤ ਕੀਤੀ ਗਈ ਸੀ। ਕਿਉਂਕਿ ਉਹ ਇੱਕ ਆਈ.ਪੀ.ਐੱਸ. ਅਧਿਕਾਰੀ ਹੈ।

ਜ਼ਿਕਰਯੋਗ ਹੈ ਕਿ ਸੀ.ਬੀ.ਆਈ. ਨੇ ਭੁੱਲਰ ਅਤੇ ਕ੍ਰਿਸ਼ਨੂ ਸ਼ਾਰਦਾ ਨੂੰ 16 ਅਕਤੂਬਰ, 2025 ਨੂੰ ਗ੍ਰਿਫਤਾਰ ਕੀਤਾ ਸੀ।

# ਵੱਡੇ ਅਫਸਰਾਂ ਦੀ ਪਹਿਲੀ ਪਸੰਦ ਬਣੇ ਗੁਰੂਗ੍ਰਾਮ, ਨਿਊ ਚੰਡੀਗੜ੍ਹ ਤੇ ਪੰਚਕੂਲਾ

**ਚੰਡੀਗੜ੍ਹ, (ਪੰਜਾਬ ਮੇਲ)-** ਹਰਿਆਣਾ ਕਾਡਰ ਦੇ 186 ਆਈ.ਏ.ਐੱਸ. ਅਫਸਰਾਂ ਵੱਲੋਂ ਸਾਲ 2025 ਲਈ ਦਾਇਰ ਕੀਤੇ ਸਾਲਾਨਾ ਅਚੱਲ ਸੰਪਤੀ ਦੇ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਗੁਰੂਗ੍ਰਾਮ, ਨਿਊ ਚੰਡੀਗੜ੍ਹ ਅਤੇ ਪੰਚਕੂਲਾ ਅਫ਼ਸਰਾਂ ਲਈ ਜਾਇਦਾਦ ਖ਼ਰੀਦਣ ਦੀਆਂ ਸਭ ਤੋਂ ਪਸੰਦੀਦਾ ਥਾਵਾਂ ਹਨ, ਜਿੱਥੇ ਕਈਆਂ ਕੋਲ ਪਲਾਟ ਜਾਂ ਫਲੈਟ ਹਨ। ਜਾਇਦਾਦਾਂ ਦੇ ਇਹ ਵੇਰਵੇ ਪਰਸੋਨਲ ਅਤੇ ਟ੍ਰੇਨਿੰਗ ਵਿਭਾਗ ਕੋਲ ਜਮ੍ਹਾਂ ਕਰਵਾਏ ਜਾਂਦੇ ਹਨ।

**▌ ਹਰਿਆਣਾ ਕਾਡਰ ਦੇ ਆਈ.ਏ.ਐੱਸ. ਅਫਸਰਾਂ ਨੇ ਖਰੀਦੀਆਂ ਕਈ ਜਾਇਦਾਦਾਂ**

1989 ਬੈਚ ਦੇ ਅਧਿਕਾਰੀ ਵਿਵੇਕ ਜੋਸ਼ੀ, ਜਿਨ੍ਹਾਂ ਸਵੈ-ਇੱਛਾ ਨਾਲ ਸੇਵਾਮੁਕਤੀ ਲਈ ਅਤੇ ਫਰਵਰੀ 2025 ਵਿਚ ਚੋਣ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ, ਕੋਲ ਨੋਇਡਾ ਵਿਚ 1623.96 ਵਰਗ ਫੁੱਟ ਦਾ ਫਲੈਟ ਹੈ। ਏ.ਸੀ.ਐੱਸ. ਹੋਮ ਸੁਧੀਰ ਰਾਜਪਾਲ ਕੋਲ ਗੁਰੂਗ੍ਰਾਮ ਵਿਚ 420 ਵਰਗ ਮੀਟਰ ਦਾ ਮਕਾਨ, ਦਿੱਲੀ ਵਿਚ ਫਲੈਟ, ਕੋਲਕਾਤਾ ਵਿਚ ਫਲੈਟ, ਗੁਰੂਗ੍ਰਾਮ ਦੇ ਗੋਲਫ ਕੋਰਸ ਐਕਸਟੈਂਸ਼ਨ ਰੋਡ 'ਤੇ ਫਲੈਟ, ਹਿਸਾਰ ਵਿਚ ਪਲਾਟ, ਪੰਚਕੂਲਾ ਦੀ ਹਾਈਲੈਂਡਜ਼ ਕੋਆਪ੍ਰੇਟਿਵ ਗਰੁੱਪ ਹਾਊਸਿੰਗ ਸੁਸਾਇਟੀ ਵਿਚ ਫਲੈਟ ਹੈ। ਵਿੱਤ ਕਮਿਸ਼ਨਰ (ਮਾਲ ਅਤੇ ਆਫ਼ਤ ਪ੍ਰਬੰਧਨ ਵਿਭਾਗ) ਸੁਮਿਤਾ ਮਿਸ਼ਰਾ ਪੰਜਾਬ ਆਈ.ਏ. ਐੱਸ./ਪੀ.ਸੀ.ਐੱਸ. ਅਫ਼ਸਰ ਕੋਲ ਕੋਆਪ੍ਰੇਟਿਵ ਗਰੁੱਪ ਹਾਊਸਿੰਗ ਸੁਸਾਇਟੀ ਮੁਹਾਲੀ ਵਿਚ ਪਲਾਟ, ਲਖਨਊ ਵਿਚ ਮਾਂ ਤੋਂ ਪ੍ਰਾਪਤ ਜ਼ਮੀਨ ਦੇ ਤਿੰਨ ਟੁਕੜੇ, ਨਿਊ ਚੰਡੀਗੜ੍ਹ ਵਿੱਚ ਪਲਾਟ ਅਤੇ ਦਿੱਲੀ ਦੇ ਹੌਜ਼ ਖਾਸ ਵਿੱਚ ਬਿਲਡਰ ਫਲੋਰ ਹੈ। ਏ.ਸੀ.ਐੱਸ. ਫੂਡ ਐਂਡ ਸਿਵਲ ਸਪਲਾਈਜ਼ ਰਾਜਾ ਸ਼ੇਖਰ ਵੁੰਡਰੂ ਕੋਲ ਹੈਦਰਾਬਾਦ ਦੇ ਹਿਮਾਇਤਨਗਰ ਵਿਚ ਪਲਾਟ ਅਤੇ ਨੋਇਡਾ ਵਿਚ ਪਲਾਟ ਹੈ। ਏ.ਸੀ.ਐੱਸ. ਟਾਊਨ ਐਂਡ ਕੰਟਰੀ ਪਲਾਨਿੰਗ ਏ.ਕੇ. ਸਿੰਘ ਕੋਲ ਬਾਗਪਤ ਵਿਚ 28 ਵਿੱਘੇ ਜ਼ਮੀਨ ਹੈ। ਨਿਊ ਚੰਡੀਗੜ੍ਹ ਵਿਚ ਪਲਾਟ ਅਤੇ ਵਪਾਰਕ ਥਾਂ ਹੈ। ਏ.ਸੀ.ਐੱਸ. ਉਚੇਰੀ ਸਿੱਖਿਆ ਵਿਨੀਤ ਗਰਗ ਕੋਲ ਗੁਰੂਗ੍ਰਾਮ ਵਿਚ ਫਲੈਟ, ਪੰਚਕੂਲਾ ਦੇ ਸੈਕਟਰ 7 ਵਿਚ ਘਰ, ਦਿੱਲੀ ਵਿਚ ਫਲੈਟ (ਮਾਂ ਤੋਂ ਵਿਰਸੇ ਵਿਚ ਮਿਲਿਆ), ਸੋਨੀਪਤ ਵਿਚ ਵਾਹੀਯੋਗ ਜ਼ਮੀਨ ਅਤੇ ਪੰਚਕੂਲਾ ਦੇ ਸੈਕਟਰ 6 ਵਿਚ ਮਕਾਨ ਹੈ। ਇਸੇ ਤਰ੍ਹਾਂ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਅਰੁਣ ਕੁਮਾਰ ਗੁਪਤਾ, ਆਈ.ਏ.ਐੱਸ. ਦੀਪਤੀ ਉਮਾਸ਼ੰਕਰ, ਆਈ.ਏ.ਐੱਸ. ਅਧਿਕਾਰੀ ਡਾ. ਡੀ. ਸੁਰੇਸ਼, ਆਈ.ਏ.ਐੱਸ. ਡਾ. ਰਾਕੇਸ਼ ਗੁਪਤਾ, ਆਈ.ਏ.ਐੱਸ. ਮੁਹੰਮਦ ਸ਼ਾਇਨ ਅਤੇ ਆਈ.ਏ.ਐੱਸ. ਅਮਿਤ ਕੁਮਾਰ ਅਗਰਵਾਲ ਕੋਲ ਵੀ ਕਈ ਜਾਇਦਾਦਾਂ ਹਨ।



# ਚੋਣ ਕਮਿਸ਼ਨ ਵੱਲੋਂ 4 ਸੂਬਿਆਂ ਤੇ ਪੁੱਡੂਚੇਰੀ ’ਚ ਚੋਣਾਂ ਦਾ ਐਲਾਨ

## ਪੱਛਮੀ ਬੰਗਾਲ ’ਚ ਦੋ ਗੇੜਾਂ ’ਚ ਹੋਵੇਗੀ ਪੋਲਿੰਗ; ਅਸਾਮ, ਕੇਰਲਾ, ਤਾਮਿਲ ਨਾਡੂ ਤੇ ਪੁੱਡੂਚੇਰੀ ’ਚ ਇੱਕੋ ਗੇੜ ਤਹਿਤ ਪੈਣਗੀਆਂ ਵੋਟਾਂ

**ਨਵੀਂ ਦਿੱਲੀ, (ਪੰਜਾਬ ਮੇਲ)**- ਚੋਣ ਕਮਿਸ਼ਨ ਨੇ ਚਾਰ ਰਾਜਾਂ (ਅਸਾਮ, ਕੇਰਲਾ, ਪੱਛਮੀ ਬੰਗਾਲ ਤੇ ਤਾਮਿਲਨਾਡੂ) ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪੁੱਡੂਚੇਰੀ ’ਚ ਅਸੈਂਬਲੀ ਚੋਣਾਂ ਲਈ ਚੋਣ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਅਸਾਮ, ਕੇਰਲਾ ਤੇ ਪੁੱਡੂਚੇਰੀ ਵਿਚ ਇਕਹਿਰੇ ਗੇੜ ਤਹਿਤ 9 ਅਪ੍ਰੈਲ ਨੂੰ ਪੋਲਿੰਗ ਹੋਵੇਗੀ। ਪੱਛਮੀ ਬੰਗਾਲ ਵਿਚ 23 ਤੇ 29 ਅਪ੍ਰੈਲ ਨੂੰ ਦੋ ਗੇੜਾਂ ਵਿਚ ਵੋਟਾਂ ਪੈਣਗੀਆਂ, ਜਦੋਂਕਿ ਤਾਮਿਲਨਾਡੂ ਵਿਚ 23 ਅਪ੍ਰੈਲ ਨੂੰ ਇਕੋ ਗੇੜ ’ਚ ਵੋਟਿੰਗ ਹੋਵੇਗੀ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ 4 ਰਾਜਾਂ ਅਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਦੀਆਂ ਕੁੱਲ 824 ਸੀਟਾਂ ਲਈ ਵੋਟਾਂ ਦੀ ਗਿਣਤੀ 4 ਮਈ ਨੂੰ ਹੋਵੇਗੀ। ਚੋਣਾਂ ਦੇ ਐਲਾਨ ਨਾਲ ਚੋਣ ਜ਼ਾਬਤਾ ਫੌਰੀ ਅਮਲ ਵਿਚ ਆ ਗਿਆ ਹੈ।

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਦੋ ਚੋਣ ਕਮਿਸ਼ਨਰਾਂ- ਸੁਖਬੀਰ ਸਿੰਘ ਸੰਧੂ ਤੇ ਵਿਵੇਕ ਜੋਸ਼ੀ, ਦੀ ਮੌਜੂਦਗੀ ਵਿਚ ਕਿਹਾ, “ਅਸਾਮ ਦੀਆਂ ਸਾਰੀਆਂ ਸੀਟਾਂ ਲਈ 9 ਅਪ੍ਰੈਲ ਨੂੰ ਵੋਟਿੰਗ ਹੋਵੇਗੀ। ਪੱਛਮੀ ਬੰਗਾਲ ਵਿਚ 23 ਅਪ੍ਰੈਲ ਤੇ 29 ਅਪ੍ਰੈਲ ਨੂੰ ਦੋ ਗੇੜਾਂ ਵਿਚ ਵੋਟਾਂ ਪੈਣਗੀਆਂ। ਕੇਰਲਾ ਤੇ ਪੁੱਡੂਚੇਰੀ ਦੀਆਂ ਸਾਰੀਆਂ ਸੀਟਾਂ ਲਈ 9 ਅਪ੍ਰੈਲ, ਜਦੋਂਕਿ ਤਾਮਿਲਨਾਡੂ ਵਿਚ 23 ਅਪ੍ਰੈਲ ਨੂੰ ਪੋਲਿੰਗ ਹੋਵੇਗੀ। ਚੋਣਾਂ ਹਿੰਸਾ ਜਾਂ ਦਬਾਅ ਮੁਕਤ ਹੋਣਗੀਆਂ ਤੇ ਚੋਣ ਕਮਿਸ਼ਨ ਕਿਸੇ ਵੀ ਉਲੰਘਣਾ ਖਿਲਾਫ਼ ਸਖ਼ਤ ਕਾਰਵਾਈ ਕਰੇਗਾ।”

ਤਾਮਿਲਨਾਡੂ ਵਿਚ ਕੁੱਲ 234 ਅਸੈਂਬਲੀ ਸੀਟਾਂ ਹਨ, ਜਿੱਥੇ ਡੀ.ਐੱਮ.ਕੇ. ਆਗੂ ਐੱਮ.ਕੇ. ਸਟਾਲਿਨ 7 ਮਈ 2021 ਤੋਂ ਮੁੱਖ ਮੰਤਰੀ ਹਨ। ਪੱਛਮੀ ਬੰਗਾਲ ਅਸੈਂਬਲੀ ਵਿਚ 294 ਅਸੈਂਬਲੀ ਸੀਟਾਂ ਹਨ ਤੇ ਮੁੱਖ ਮੰਤਰੀ ਮਮਤਾ ਬੈਨਰਜੀ ਸਾਲ 2011 ਤੋਂ ਇਥੇ ਸੱਤਾ ਵਿਚ ਹੈ। 140 ਮੈਂਬਰੀ ਕੇਰਲਾ ਅਸੈਂਬਲੀ ਵਿਚ ਖੱਬੇਪੱਖੀ ਆਗੂ ਤੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਦੀ ਅਗਵਾਈ ਹੇਠ 2016 ਤੋਂ ਖੱਬੇ ਜਮਹੂਰੀ ਮੋਰਚੇ (ਐੱਲ.ਡੀ.ਐੱਫ.) ਦੀ ਸਰਕਾਰ ਹੈ। ਅਸਾਮ ਵਿਚ 126 ਅਸੈਂਬਲੀ ਸੀਟਾਂ ਹਨ ਤੇ ਉੱਤਰ-ਪੂਰਬੀ ਰਾਜ ਵਿਚ 2016 ਤੋਂ ਭਾਜਪਾ ਸੱਤਾ ’ਚ ਹੈ। ਹਿਮੰਤਾ ਬਿਸਵਾ ਸਰਮਾ 2021 ਤੋਂ ਮੁੱਖ ਮੰਤਰੀ ਹਨ। ਪੁੱਡੂਚੇਰੀ ਦੇ ਮੁੱਖ ਮੰਤਰੀ ਐੱਨ. ਰੰਗਾਸਾਮੀ 2021 ਤੋਂ ਸੱਤਾ ਵਿਚ ਹਨ। ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਕੁੱਲ 33 ਸੀਟਾਂ ਹਨ। ਇਨ੍ਹਾਂ ਵਿਚ ਕੇਂਦਰ ਸਰਕਾਰ ਵੱਲੋਂ ਨਾਮਜ਼ਦ ਤਿੰਨ ਮੈਂਬਰ ਵੀ ਸ਼ਾਮਲ ਹਨ।




*ਚੋਣਾਂ ਦੇ ਐਲਾਨ ਸਮੇਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ (ਵਿਚਾਲੇ), ਚੋਣ ਕਮਿਸ਼ਨਰ ਸੁਖਬੀਰ ਸਿੰਘ ਸੰਧੂ (ਖੱਬੇ) ਤੇ ਵਿਵੇਕ ਜੋਸ਼ੀ।*

## ਚੋਣ ਕਮਿਸ਼ਨ ਵੱਲੋਂ 8 ਹਲਕਿਆਂ ’ਚ ਜ਼ਿਮਨੀ ਚੋਣਾਂ ਦਾ ਐਲਾਨ

**ਨਵੀਂ ਦਿੱਲੀ, (ਪੰਜਾਬ ਮੇਲ)**- ਚੋਣ ਕਮਿਸ਼ਨ ਨੇ 6 ਰਾਜਾਂ ਦੀਆਂ 8 ਅਸੈਂਬਲੀ ਸੀਟਾਂ ’ਤੇ ਜ਼ਿਮਨੀ ਚੋਣਾਂ ਦਾ ਐਲਾਨ ਕੀਤਾ ਹੈ। ਗੋਆ, ਕਰਨਾਟਕ, ਨਾਗਾਲੈਂਡ ਤੇ ਤ੍ਰਿਪੁਰਾ ਵਿਚ 5 ਅਸੈਂਬਲੀ ਸੀਟਾਂ ਲਈ ਜ਼ਿਮਨੀ ਚੋਣ 9 ਅਪ੍ਰੈਲ ਅਤੇ ਗੁਜਰਾਤ ਤੇ ਮਹਾਰਾਸ਼ਟਰ ਦੇ 3 ਹੋਰ ਹਲਕਿਆਂ ਲਈ ਜ਼ਿਮਨੀ ਚੋਣ 23 ਅਪ੍ਰੈਲ ਨੂੰ ਹੋਵੇਗੀ। ਇਨ੍ਹਾਂ 8 ਹਲਕਿਆਂ ਲਈ ਚੋਣ ਨਤੀਜਿਆਂ ਦਾ ਐਲਾਨ 4 ਮਈ ਨੂੰ ਹੋਵੇਗਾ। ਇਨ੍ਹਾਂ ਸੀਟਾਂ ’ਤੇ ਮੌਜੂਦਾ ਵਿਧਾਇਕਾਂ ਦੀ ਮੌਤ ਕਰ ਕੇ ਜ਼ਿਮਨੀ ਚੋਣ ਦੀ ਲੋੜ ਪਈ ਹੈ। ਇਨ੍ਹਾਂ ਅੱਠ ਹਲਕਿਆਂ ਵਿਚ ਪੌਂਡਾ (ਗੋਆ), ਬਾਗਲਕੋਟ ਤੇ ਦਾਵਣਗੇਰੇ ਦੱਖਣੀ (ਕਰਨਾਟਕ), ਕੋਰੀਡਾਂਗ (ਨਾਗਾਲੈਂਡ), ਧਰਮਾਨਗਰ (ਤ੍ਰਿਪੁਰਾ), ਉਮਰੇਠ (ਗੁਜਰਾਤ) ਅਤੇ ਰਾਹੂਰੀ ਤੇ ਬਾਰਾਮਤੀ (ਮਹਾਰਾਸ਼ਟਰ) ਸ਼ਾਮਲ ਹਨ।

MATRIMONIAL

Jatt Sikh, Chatha, Age 33yrs, height 6’-1”, American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.

for more information Contact at : 818-645-9810

895

# ਵਿਧਾਨ ਸਭਾ ਚੋਣਾਂ : ਅਸਾਮ ਤੇ ਕੇਰਲਾ ’ਚ ਇਕੱਲਿਆਂ ਚੋਣ ਲੜੇਗੀ ‘ਆਪ’

## ਪੱਛਮੀ ਬੰਗਾਲ ’ਚ ਤ੍ਰਿਣਮੂਲ ਕਾਂਗਰਸ ਨੂੰ ਹਮਾਇਤ ਦੇਣ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜ ਸੂਬਿਆਂ ਵਿਚ ਅਗਲੇ ਮਹੀਨੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ‘ਆਪ’ ਨੇ ਤਿਆਰੀ ਸ਼ੁਰੂ ਕਰ ਦਿੱਤੀ ਹੈ। ‘ਆਪ’ ਨੇ ਅਸਾਮ ਅਤੇ ਕੇਰਲਾ ਵਿੱਚ ਇਕੱਲਿਆਂ ਹੀ ਚੋਣ ਮੈਦਾਨ ਵਿਚ ਨਿੱਤਰਨ ਅਤੇ ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਦੀ ਹਮਾਇਤ ਕਰਨ ਦਾ ਫ਼ੈਸਲਾ ਕੀਤਾ ਹੈ। ਪਾਰਟੀ ਨੇ ਅਸਾਮ ਵਿਚ 14 ਉਮੀਦਵਾਰਾਂ ਦੀ ਪਹਿਲੀ ਸੂਚੀ ਦਾ ਐਲਾਨ ਵੀ ਕਰ ਦਿੱਤਾ ਹੈ। ‘ਆਪ’ ਦੇ ਕੌਮੀ ਮੀਡੀਆ ਇੰਚਾਰਜ ਅਨੁਰਾਗ ਢਾਂਡਾ ਨੇ ਕਿਹਾ ਕਿ ਪਾਰਟੀ ਵੱਲੋਂ ਅਸਾਮ ਅਤੇ ਕੇਰਲਾ ਵਿਚ ਭਾਜਪਾ ਨੂੰ ਸਿੱਧੀ ਟੱਕਰ ਦਿੱਤੀ ਜਾਵੇਗੀ। ਭਾਜਪਾ ਦੇ ਰਾਜ ਵਿਚ ਦੇਸ਼ ਦੇ ਨਾਲ-ਨਾਲ ਸੂਬਿਆਂ ਦੀ ਹਾਲਤ ਲਗਾਤਾਰ ਵਿਗੜਦੀ ਜਾ ਰਹੀ ਹੈ। ਲੋਕ ਐੱਲ.ਪੀ.ਜੀ. ਸਿਲੰਡਰਾਂ ਨੂੰ ਲੈ ਕੇ ਖੱਜਲ-ਖੁਆਰ ਹੋ ਰਹੇ ਹਨ, ਜਿਨ੍ਹਾਂ ਨੂੰ ਕਈ-ਕਈ ਘੰਟੇ ਕਤਾਰਾਂ ਵਿਚ ਖੜ੍ਹੇ ਹੋਣਾ ਪੈ ਰਿਹਾ ਹੈ। ਸ਼੍ਰੀ ਢਾਂਡਾ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਪਹਿਲਾਂ ਨੋਟਬੰਦੀ ਕੀਤੀ ਸੀ, ਜਿਸ ਕਰਕੇ ਲੋਕਾਂ ਨੂੰ ਬੈਂਕਾਂ ਦੇ ਬਾਹਰ ਲਾਈਨਾਂ ਵਿਚ ਲੱਗਣ ਲਈ ਮਜਬੂਰ ਹੋਣਾ ਪਿਆ ਸੀ। ਦੇਸ਼ ਵਿਚ ਮਹਿੰਗਾਈ ਅਤੇ ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ, ਜਿਸ ਕਰਕੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੋਕ ਭਾਜਪਾ ਦੀਆਂ ਨੀਤੀਆਂ ਤੋਂ ਤੰਗ ਆ ਚੁੱਕੇ ਹਨ ਅਤੇ ਉਹ ਭਾਜਪਾ ਨੂੰ ਨਕਾਰ ਕੇ ‘ਆਪ’ ਨੂੰ ਬਦਲ ਵਜੋਂ ਦੇਖ ਰਹੇ ਹਨ। ਜ਼ਿਕਰਯੋਗ ਹੈ ਕਿ ‘ਆਪ’ ਦੀ ਸਥਾਪਨਾ ਸਾਲ 2013 ਵਿਚ ਹੋਈ ਸੀ, ਜਿਸ ਨੇ ਬਹੁਤ ਘੱਟ ਸਮੇਂ ਵਿਚ ਕੌਮੀ ਪਾਰਟੀ ਦਾ ਦਰਜਾ ਹਾਸਲ ਕਰ ਲਿਆ ਸੀ।

ਸਫਾ 1 ਦਾ ਬਾਕੀ

## 2 ਲੱਖ ਟਰੱਕ ਡਰਾਈਵਰ ਗੁਆਉਣਗੇ ...

ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਪਹਿਲਾਂ ਹੀ ਟਰੱਕ ਡਰਾਈਵਰਾਂ ਦੀ ਕਮੀ ਹੈ ਅਤੇ ਜੇਕਰ ਵੱਡੀ ਗਿਣਤੀ ’ਚ ਪ੍ਰਵਾਸੀ ਡਰਾਈਵਰ ਉਦਯੋਗ ਤੋਂ ਬਾਹਰ ਹੋ ਜਾਂਦੇ ਹਨ, ਤਾਂ ਇਸ ਨਾਲ ਸਮਾਨ ਦੀ ਆਵਾਜਾਈ ਪ੍ਰਭਾਵਿਤ ਹੋ ਸਕਦੀ ਹੈ। ਇਸ ਦਾ ਸਿੱਧਾ ਅਸਰ ਫਰੇਟ ਰੇਟਾਂ ਅਤੇ ਮਾਲ ਦੀ ਕੀਮਤਾਂ ’ਤੇ ਵੀ ਪੈ ਸਕਦਾ ਹੈ। ਮਾਹਿਰਾਂ ਦੇ ਮੁਤਾਬਕ, ਅਮਰੀਕਾ ਵਿਚ ਕਮਰਸ਼ੀਅਲ ਲਾਇਸੈਂਸ ਰੱਖਣ ਵਾਲੇ ਪ੍ਰਵਾਸੀ ਡਰਾਈਵਰ ਕੁੱਲ ਡਰਾਈਵਰਾਂ ਦਾ ਤਕਰੀਬਨ ਪੰਜ ਪ੍ਰਤੀਸ਼ਤ ਹਨ। ਇਹ ਡਰਾਈਵਰ ਦੇਸ਼ ਭਰ ਵਿਚ ਭੋਜਨ ਸਮੱਗਰੀ ਤੋਂ ਲੈ ਕੇ ਭਾਰੀ ਮਸ਼ੀਨਰੀ ਤੱਕ ਦੀ ਢੁਆਈ ਵਿਚ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਇਸ ਦੇ ਨਾਲ ਹੀ ਪਹਿਲਾਂ ਹੀ ਇੱਕ ਹੋਰ ਨਿਯਮ ਵੀ ਲਾਗੂ ਕੀਤਾ ਗਿਆ ਸੀ, ਜਿਸ ਦੇ ਅਧੀਨ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਭਾਸ਼ਾ ਦੀ ਬੁਨਿਆਦੀ ਸਮਝ ਲਾਜ਼ਮੀ ਕਰ ਦਿੱਤੀ ਗਈ ਸੀ, ਤਾਂ ਜੋ ਉਹ ਸੜਕਾਂ ’ਤੇ ਲੱਗੇ ਟ੍ਰੈਫਿਕ ਸਾਈਨਾਂ ਅਤੇ ਨਿਯਮਾਂ ਨੂੰ ਠੀਕ ਤਰੀਕੇ ਨਾਲ ਸਮਝ ਸਕਣ। ਸਰਕਾਰ ਦਾ ਕਹਿਣਾ ਹੈ ਕਿ ਇਹ ਸਾਰੇ ਕਦਮ ਜਨਤਾ ਦੀ ਸੁਰੱਖਿਆ ਅਤੇ ਸੜਕਾਂ ’ਤੇ ਬਿਹਤਰ ਡਰਾਈਵਿੰਗ ਮਿਆਰਾਂ ਲਈ ਲਏ ਜਾ ਰਹੇ ਹਨ, ਜਦਕਿ ਟਰੱਕਿੰਗ ਉਦਯੋਗ ਨਾਲ ਜੁੜੇ ਕਈ ਵਪਾਰਕ ਗਰੁੱਪ ਇਸ ਨੀਤੀ ਦੇ ਆਰਥਿਕ ਪ੍ਰਭਾਵਾਂ ਨੂੰ ਲੈ ਕੇ ਚਿੰਤਾ ਜਤਾ ਰਹੇ ਹਨ। ਆਉਣ ਵਾਲੇ ਸਮੇਂ ਵਿਚ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਇਹ ਨਵੇਂ ਨਿਯਮ ਟਰੱਕਿੰਗ ਉਦਯੋਗ ਅਤੇ ਪ੍ਰਵਾਸੀ ਡਰਾਈਵਰਾਂ ਦੀ ਜ਼ਿੰਦਗੀ ’ਤੇ ਕਿੰਨਾ ਅਸਰ ਪਾਂਦੇ ਹਨ।

ਸਫਾ 1 ਦਾ ਬਾਕੀ

## ਟਰੰਪ ਪ੍ਰਸ਼ਾਸਨ ਆਪਣੀ ਇਮੀਗ੍ਰੇਸ਼ਨ...

ਇਸਦੇ ਨਾਲ ਹੀ ਇੱਕ ਹੋਰ ਵੱਡੀ ਸਮੱਸਿਆ ਵੀ ਸਾਹਮਣੇ ਆ ਰਹੀ ਹੈ। ਸਰਹੱਦ ’ਤੇ ਆਉਣ ਵਾਲੇ ਲੋਕਾਂ ਦੀ ਗਿਣਤੀ ਘੱਟ ਹੋਣ ਕਾਰਨ ਖੇਤੀਬਾੜੀ, ਹੋਟਲ-ਮੋਟਲ, ਰੈਸਟੋਰੈਂਟ, ਕਨਸਟ੍ਰਕਸ਼ਨ ਅਤੇ ਟਰੱਕਿੰਗ ਵਰਗੇ ਖੇਤਰਾਂ ਵਿਚ ਮਜ਼ਦੂਰਾਂ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ।

ਇਸ ਸਥਿਤੀ ਵਿਚ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਟਰੰਪ ਪ੍ਰਸ਼ਾਸਨ ਆਪਣੀ ਇਮੀਗ੍ਰੇਸ਼ਨ ਨੀਤੀ ਵਿਚ ਕੋਈ ਵੱਡਾ ਬਦਲਾਅ ਲਿਆਏਗਾ ਜਾਂ ਫਿਰ ਸਖ਼ਤ ਕਾਰਵਾਈਆਂ ਦਾ ਇਹ ਸਿਲਸਿਲਾ ਪਹਿਲਾਂ ਵਾਂਗ ਹੀ ਜਾਰੀ ਰਹੇਗਾ।

ਇਸ ਮਾਮਲੇ ’ਤੇ ਅਮਰੀਕੀ ਰਾਜਨੀਤੀ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਅਗਲੇ ਕੁਝ ਮਹੀਨਿਆਂ ਦੌਰਾਨ ਹੋਣ ਵਾਲੇ ਫੈਸਲੇ ਬਹੁਤ ਮਹੱਤਵਪੂਰਨ ਮੰਨੇ ਜਾ ਰਹੇ ਹਨ।

ਸਫਾ 1 ਦਾ ਬਾਕੀ

## ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਆਪਣੇ ਦੇਸ਼ ਦੀ ਬਜਾਏ...

ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ (ਡੀ.ਐੱਚ.ਐੱਸ.) ਨੇ ਇਸ ਅਭਿਆਸ ਦਾ ਬਚਾਅ ਇਹ ਕਹਿ ਕੇ ਕੀਤਾ ਹੈ ਕਿ ਇਸਦਾ ਉਦੇਸ਼ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਕੁਝ ਸਭ ਤੋਂ “ਬਰਬਰ” ਵਿਅਕਤੀਆਂ ਨੂੰ ਹਟਾਉਣਾ ਹੈ। ਅਦਾਲਤ ਵਿਚ, ਟਰੰਪ ਪ੍ਰਸ਼ਾਸਨ ਨੇ ਮੁੱਖ ਤੌਰ ’ਤੇ ਦਲੀਲ ਦਿੱਤੀ ਹੈ ਕਿ ਸੰਘੀ ਜੱਜਾਂ ਕੋਲ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ।

ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਫੈਸਲਾ ਉਨ੍ਹਾਂ ਹਜ਼ਾਰਾਂ ਪ੍ਰਵਾਸੀਆਂ ਲਈ ਵੱਡਾ ਝਟਕਾ ਹੈ, ਜੋ ਅਮਰੀਕਾ ਵਿਚ ਸ਼ਰਨ ਲੈਣ ਦੀ ਉਮੀਦ ਰੱਖਦੇ ਸਨ। ਹਾਲਾਂਕਿ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ, ਪਰ ਅਦਾਲਤੀ ਹੁਕਮਾਂ ਤੋਂ ਬਾਅਦ ਹੁਣ ਇਮੀਗ੍ਰੇਸ਼ਨ ਵਿਭਾਗ (ICE) ਕੋਲ ਵਧੇਰੇ ਸ਼ਕਤੀਆਂ ਆ ਗਈਆਂ ਹਨ।

ਸੂਤਰਾਂ ਮੁਤਾਬਕ ਇਹ ਮਾਮਲਾ ਆਉਣ ਵਾਲੇ ਦਿਨਾਂ ਵਿਚ ਸੁਪਰੀਮ ਕੋਰਟ ਤੱਕ ਵੀ ਪਹੁੰਚ ਸਕਦਾ ਹੈ, ਪਰ ਫਿਲਹਾਲ ਲਈ ਟਰੰਪ ਪ੍ਰਸ਼ਾਸਨ ਇਸ ਫੈਸਲੇ ਨੂੰ ਲਾਗੂ ਕਰਕੇ ਡਿਪੋਰਟੇਸ਼ਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਤਿਆਰੀ ਵਿਚ ਹੈ।

ਸਫਾ 1 ਦਾ ਬਾਕੀ

## ਡੋਨਾਲਡ ਟਰੰਪ ਨੇ ਸਰਕਾਰੀ ਧੋਖਾਧੜੀ ’ਤੇ ਸ਼ਿਕੰਜਾ ਕੱਸਣ

ਕੁਝ ਰਾਜਾਂ ਦੀ ਉਦਾਹਰਣ ਦਿੰਦੇ ਹੋਏ, ਟਰੰਪ ਨੇ ਕਿਹਾ ਕਿ ਜੇਕਰ ਦੇਸ਼ ਵਿਚ ਹੋ ਰਹੀ ਅੱਧੀ ਧੋਖਾਧੜੀ ਵੀ ਫੜੀ ਜਾਵੇ, ਤਾਂ ਬਜਟ ਨੂੰ ਸੰਤੁਲਿਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ, “ਚੋਰੀ ਵੱਡੇ ਪੱਧਰ ’ਤੇ ਹੋ ਰਹੀ ਹੈ।” ਵੈਂਸ ਨੇ ਕਿਹਾ ਕਿ ਵੱਖ-ਵੱਖ ਸਰਕਾਰੀ ਏਜੰਸੀਆਂ ਵਿਚਕਾਰ ਤਾਲਮੇਲ ਦੀ ਘਾਟ ਇੱਕ ਵੱਡੀ ਸਮੱਸਿਆ ਰਹੀ ਹੈ। ਉਨ੍ਹਾਂ ਕਿਹਾ, “ਸਰਕਾਰੀ ਏਜੰਸੀਆਂ ਇੱਕ ਦੂਜੇ ਨਾਲ ਸਹੀ ਢੰਗ ਨਾਲ ਜਾਣਕਾਰੀ ਸਾਂਝੀ ਨਹੀਂ ਕਰ ਰਹੀਆਂ ਸਨ।” ਉਨ੍ਹਾਂ ਇਹ ਵੀ ਕਿਹਾ ਕਿ ਹੁਣ ਪੂਰਾ ਸਰਕਾਰੀ ਸਿਸਟਮ ਇਹ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰੇਗਾ ਕਿ ਲਾਭ ਸਿਰਫ਼ ਅਸਲੀ ਅਮਰੀਕੀ ਨਾਗਰਿਕਾਂ ਤੱਕ ਪਹੁੰਚਣ, ਨਾ ਕਿ ਧੋਖੇਬਾਜ਼ਾਂ ਤੱਕ।

ਉਦਾਹਰਣਾਂ ਦਿੰਦੇ ਹੋਏ, ਵੈਂਸ ਨੇ ਮੈਡੀਕੇਡ ਫੰਡਾਂ ਦੀ ਦੁਰਵਰਤੋਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅਜਿਹੀਆਂ ਘਟਨਾਵਾਂ ਅਮਰੀਕਾ ਵਿਚ ਵਾਰ-ਵਾਰ ਵਾਪਰ ਰਹੀਆਂ ਹਨ ਅਤੇ ਇਨ੍ਹਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਸਫਾ 1 ਦਾ ਬਾਕੀ

## ਮੇਰੇ ’ਤੇ ਆਪਣੇ ਵਿਭਾਗ ਵੱਲੋਂ ਹੀ ਹੁੰਦੀ...

ਇਸ ਖੁਲਾਸੇ ਤੋਂ ਬਾਅਦ ਅਮਰੀਕੀ ਰਾਜਨੀਤੀ ਵਿਚ ਨਵੀਂ ਚਰਚਾ ਛਿੜ ਗਈ ਹੈ। ਸੁਰੱਖਿਆ ਮਾਹਿਰ ਇਸ ਨੂੰ ਸਰਕਾਰੀ ਵਿਭਾਗਾਂ ਅੰਦਰ “ਡੀਪ ਸਟੇਟ” ਜਾਂ ਅੰਦਰੂਨੀ ਬਗਾਵਤ ਦੇ ਰੂਪ ਵਿਚ ਦੇਖ ਰਹੇ ਹਨ। ਵਿਰੋਧੀਆਂ ਵੱਲੋਂ ਇਨ੍ਹਾਂ ਇਲਜ਼ਾਮਾਂ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਹ ਮਾਮਲਾ ਅਮਰੀਕੀ ਸੁਰੱਖਿਆ ਏਜੰਸੀਆਂ ਦੇ ਅੰਦਰੂਨੀ ਅਨੁਸ਼ਾਸਨ ਅਤੇ ਸੈਕਟਰੀ ਪੱਧਰ ਦੇ ਅਧਿਕਾਰੀਆਂ ਦੀ ਸੁਰੱਖਿਆ ’ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬੀ ਸਾਹਿਤ ਸਭਾ ਪਟਿਆਲਾ ਅਤੇ ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਵੱਲੋਂ ਰਘਬੀਰ ਸਿੰਘ ਮਹਿਮੀ 26ਵੇਂ 'ਮਾਤਾ ਮਾਨ ਕੌਰ ਮਿੰਨੀ ਕਹਾਣੀ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ

**ਪਟਿਆਲਾ, (ਪੰਜਾਬ ਮੇਲ)-** ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਨਾਰੀ ਦਿਵਸ ਅਤੇ ਸਭਾ ਦੇ ਸਰਪ੍ਰਸਤ ਡਾ. ਗੁਰਬਚਨ ਸਿੰਘ ਰਾਹੀ ਦੀ ਨਿੱਘੀ ਯਾਦ ਨੂੰ ਸਮਰਪਿਤ ਯਾਦਗਾਰੀ ਅਤੇ ਵਿਸ਼ਾਲ ਸਾਹਿਤਕ ਸਮਾਗਮ ਭਾਸ਼ਾ ਵਿਭਾਗ, ਪੰਜਾਬ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਅਤੇ ਪ੍ਰੋ. ਗੁਰਦਿਆਲ ਸਿੰਘ ਚੇਅਰ ਦੇ ਮੁਖੀ ਡਾ. ਰਾਜਵੰਤ ਕੌਰ 'ਪੰਜਾਬੀ' ਨੇ ਕੀਤੀ। ਮੁੱਖ ਮਹਿਮਾਨ ਵਜੋਂ ਮਿੰਨੀ ਕਹਾਣੀ ਲੇਖਕ ਬੀਰ ਇੰਦਰ ਸਿੰਘ ਬਨਭੌਰੀ ਸਨ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ', ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਦੇ ਪ੍ਰਧਾਨ ਡਾ. ਹਰਪ੍ਰੀਤ ਸਿੰਘ ਰਾਣਾ, ਉੱਘੇ ਸਮਾਜ ਸੇਵੀ ਭਗਵਾਨ ਦਾਸ ਗੁਪਤਾ, ਮਿੰਨੀ ਕਹਾਣੀ ਲੇਖਿਕਾ ਸੀਮਾ ਵਰਮਾ (ਲੁਧਿਆਣਾ) ਅਤੇ ਸੁਖਦੇਵ ਸਿੰਘ ਸ਼ਾਂਤ ਸ਼ਾਮਲ ਹੋਏ। ਇਸ ਦੌਰਾਨ ਮਿੰਨੀ ਕਹਾਣੀ ਲੇਖਕ ਰਘਬੀਰ ਸਿੰਘ ਮਹਿਮੀ ਨੂੰ 26ਵੇਂ 'ਮਾਤਾ ਮਾਨ ਕੌਰ ਮਿੰਨੀ ਕਹਾਣੀ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਇਸ ਪੁਰਸਕਾਰ ਵਿਚ ਉਨ੍ਹਾਂ ਨੂੰ ਨਗਦ ਰਾਸ਼ੀ ਤੋਂ ਇਲਾਵਾ ਸ਼ਾਲ ਅਤੇ ਸਨਮਾਨ ਪੱਤਰ ਆਦਿ ਭੇਂਟ ਕੀਤੇ ਗਏ। ਉਨ੍ਹਾਂ ਦੀ ਮਿੰਨੀ ਕਹਾਣੀ ਕਲਾ ਬਾਰੇ ਸਰਬਾਂਗੀ ਲੇਖਕ ਸੁਖਦੇਵ ਸਿੰਘ ਸ਼ਾਂਤ ਨੇ ਭਾਵਪੂਰਤ ਪਰਚਾ ਪੜ੍ਹਿਆ। ਉਨ੍ਹਾਂ ਬਾਰੇ ਸਨਮਾਨ ਪੱਤਰ ਬਲਬੀਰ ਸਿੰਘ ਦਿਲਦਾਰ ਨੇ ਪ੍ਰਸਤੁੱਤ ਕੀਤਾ, ਜਦੋਂਕਿ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਇਸ ਸਨਮਾਨ ਬਾਰੇ ਚਰਚਾ ਕੀਤੀ।



ਰਘਬੀਰ ਸਿੰਘ ਮਹਿਮੀ ਨੂੰ 26ਵੇਂ ਮਾਤਾ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ ਨਾਲ ਸਨਮਾਨਿਤ ਕਰਦੇ ਹੋਏ ਡਾ. ਰਾਜਵੰਤ ਕੌਰ 'ਪੰਜਾਬੀ', ਡਾ. ਹਰਪ੍ਰੀਤ ਸਿੰਘ ਰਾਣਾ, ਡਾ. ਦਰਸ਼ਨ ਸਿੰਘ 'ਆਸ਼ਟ', ਭਗਵਾਨ ਦਾਸ ਗੁਪਤਾ, ਬੀਰ ਇੰਦਰ ਸਿੰਘ ਬਨਭੌਰੀ, ਸੀਮਾ ਵਰਮਾ, ਸੁਖਦੇਵ ਸਿੰਘ ਸ਼ਾਂਤ, ਦਵਿੰਦਰ ਪਟਿਆਲਵੀ, ਬਲਬੀਰ ਸਿੰਘ ਦਿਲਦਾਰ, ਡਾ. ਜਗਜੀਤ ਸਿੰਘ ਅਤੇ ਸਤਨਾਮ ਸਿੰਘ ਆਦਿ।

ਸਮਾਗਮ ਦੇ ਆਰੰਭ ਵਿਚ ਡਾ. ਦਰਸ਼ਨ ਸਿੰਘ ਆਸ਼ਟ ਨੇ ਪੁੱਜੇ ਲੇਖਕਾਂ ਦਾ ਸਵਾਗਤ ਕੀਤਾ। ਉਪਰੰਤ ਡਾ. ਰਾਜਵੰਤ ਕੌਰ ਪੰਜਾਬੀ ਨੇ ਕਿਹਾ ਕਿ ਵਰਤਮਾਨ ਦੌਰ 'ਚ ਯੂਨੀਵਰਸਿਟੀਆਂ ਵਰਗੇ ਅਦਾਰਿਆਂ 'ਚ ਮੌਲਿਕ ਅਤੇ ਖੋਜ ਖੇਤਰ ਦੇ ਹਵਾਲੇ ਨਾਲ ਮਿੰਨੀ ਕਹਾਣੀ ਦੇ ਵਿਕਾਸ ਦੀਆਂ ਭਰਪੂਰ ਸੰਭਾਵਨਾਵਾਂ ਮੌਜੂਦ ਹਨ ਅਤੇ ਇਹ ਵਿਧਾ ਥੋੜ੍ਹੇ ਸ਼ਬਦਾਂ ਵਿਚ ਭਰਪੂਰ ਊਰਜਾ ਨਾਲ ਆਪਣੇ ਮਕਸਦ ਦਾ ਬਿਆਨ ਕਰਦੀ ਹੈ। ਡਾ. ਹਰਪ੍ਰੀਤ ਸਿੰਘ ਰਾਣਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਆਪਣੀ ਮਾਤਾ ਜੀ ਦੀ ਨਿੱਘੀ ਯਾਦ 'ਚ ਪਿਛਲੇ 26 ਸਾਲਾਂ ਤੋਂ ਮਿੰਨੀ ਕਹਾਣੀ ਲੇਖਕਾਂ ਨੂੰ ਪੁਰਸਕਾਰ ਪ੍ਰਦਾਨ ਕਰਨ ਦੀ ਰਵਾਇਤ ਮੱਠੀ ਨਹੀਂ ਪਵੇਗੀ ਕਿਉਂਕਿ ਇਸ ਵਿਧਾ ਨਾਲ ਕਲਮਕਾਰਾਂ ਦਾ ਇਕ ਮਜ਼ਬੂਤ ਕਾਫ਼ਲਾ ਜੁੜ ਚੁੱਕਾ ਹੈ। ਬੀਰ ਇੰਦਰ ਸਿੰਘ ਬਨਭੌਰੀ ਦਾ ਕਹਿਣਾ ਸੀ ਕਿ ਸਾਹਿਤ ਸਭਾ ਅਤੇ ਮਿੰਨੀ ਕਹਾਣੀ ਲੇਖਕ ਮੰਚ ਦੇ ਅਜਿਹੇ ਸਾਂਝੇ ਉਪਰਾਲੇ ਪੰਜਾਬੀ ਮਾਂ ਬੋਲੀ ਦੀ ਤਰੱਕੀ ਦੇ ਨਿਰੰਤਰ ਵਿਕਾਸ ਦਾ ਸੂਚਕ ਹਨ। ਭਗਵਾਨ ਦਾਸ ਗੁਪਤਾ ਨੇ ਕਿਹਾ ਕਿ ਸਾਹਿਤ ਦੇ ਦੀਪਕ ਸਮਾਜ ਨੂੰ ਚੇਤਨਾ ਦੇ ਚਾਨਣ ਨਾਲ ਰੌਸ਼ਨੀ ਪ੍ਰਦਾਨ ਕਰਦੇ ਰਹਿੰਦੇ ਹਨ। ਸੀਮਾ ਵਰਮਾ, ਡਾ. ਜਗਜੀਤ ਸਿੰਘ, ਤ੍ਰਿਲੋਕ ਸਿੰਘ ਢਿੱਲੋਂ ਅਤੇ ਕੁਲਵੰਤ ਸਿੰਘ ਨਾਰੀਕੇ ਨੇ ਵੀ ਸੰਵਾਦ ਰਚਾਇਆ। ਅੰਤ ਵਿਚ ਰਘਬੀਰ ਸਿੰਘ ਮਹਿਮੀ ਨੇ ਮਿਲੇ ਸਨਮਾਨ ਲਈ ਸਭਾ ਅਤੇ ਮੰਚ ਦਾ ਧੰਨਵਾਦ ਕਰਦਿਆਂ ਰਚਨਾ ਪ੍ਰਕਿਰਿਆ ਬਾਰੇ ਚਰਚਾ ਕੀਤੀ। ਇਸ ਤੋਂ ਇਲਾਵਾ ਨਿਰਮਲਾ ਗਰਗ (ਲਹਿਰਾਗਾਗਾ), ਸਤਨਾਮ ਚੌਹਾਨ, ਅਮਰ ਗਰਗ ਕਲਮਦਾਨ (ਧੂਰੀ), ਜਗਤਾਰ ਸਿੰਘ ਸ਼ਹਿਰੀ (ਯੂ.ਕੇ.), ਨਾਇਬ ਸਿੰਘ ਬਦੇਸ਼ਾ, ਸਤਨਾਮ ਸਿੰਘ ਮੱਟੂ, ਅਨਹਦ ਕੌਰ, ਬਚਨ ਸਿੰਘ ਗੁਰਮ, ਕਾਜਲ ਗੋਇਲ, ਜੋਗਾ ਸਿੰਘ ਪੰਜਾਬੀ, ਕਰਮਜੀਤ ਕੌਰ ਬੱਗਾ, ਕੁਲਵਿੰਦਰ ਕੁਮਾਰ ਬਹਾਦਰਗੜ੍ਹ, ਜੱਗਾ ਰੰਗੂਵਾਲ, ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ ਆਦਿ ਨੇ ਵੰਨ-ਸੁਵੰਨੇ ਵਿਸ਼ਿਆਂ ਵਾਲੀਆਂ ਰਚਨਾਵਾਂ ਸੁਣਾਈਆਂ।

ਇਸ ਸਮਾਗਮ 'ਚ ਅਮਰਜੀਤ ਸਿੰਘ ਵਾਲੀਆ, ਅੰਮ੍ਰਿਤਪਾਲ ਸਿੰਘ ਸ਼ੈਦਾ, ਗੁਰਚਰਨ ਸਿੰਘ ਪੱਬਾਰਾਲੀ, ਹਰਬੰਸ ਸਿੰਘ ਮਾਨਕਪੁਰੀ, ਰਣਜੀਤ ਕੌਰ ਆਂਸੂ, ਮਾਸਟਰ ਹਰਦੇਵ ਸਿੰਘ ਪ੍ਰੀਤ (ਪਾਤੜਾਂ), ਬਲਵਿੰਦਰ ਕੌਰ ਸੋਨੀਆ, ਕਿਰਨਦੀਪ ਕੌਰ, ਹਰਦੀਪ ਸਿੰਘ ਭੱਟੀ, ਤੇਜਿੰਦਰ ਸਿੰਘ ਅਨਜਾਨਾ ਆਦਿ ਲੇਖਕਾਂ ਅਤੇ ਸਾਹਿਤ-ਪ੍ਰੇਮੀ ਆਦਿ ਵੱਡੀ ਗਿਣਤੀ 'ਚ ਸ਼ਾਮਲ ਸਨ। ਮੰਚ ਸੰਚਾਲਨ ਮਿੰਨੀ ਕਹਾਣੀ ਲੇਖਕ ਦਵਿੰਦਰ ਪਟਿਆਲਵੀ ਨੇ ਬਾਖੂਬੀ ਨਿਭਾਇਆ। ਵਿਸ਼ੇਸ਼ ਮਹਿਮਾਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਕ੍ਰਿਸ਼ਨ ਲਾਲ ਧੀਮਾਨ ਵੱਲੋਂ ਆਪਣੀ ਖ਼ੂਬਸੂਰਤ ਦਸਤਕਲਾ ਦੇ ਸੁੰਦਰ ਸ਼ਾਬਦਿਕ ਨਮੂਨੇ ਵੀ ਮਹਿਮਾਨਾਂ ਨੂੰ ਭੇਂਟ ਕੀਤੇ ਗਏ। ਸਤਨਾਮ ਸਿੰਘ ਨੇ ਧੰਨਵਾਦ ਕੀਤਾ। ਅੰਤ ਵਿਚ ਸਭਾ ਦੇ ਸਰਪ੍ਰਸਤ ਡਾ. ਗੁਰਬਚਨ ਸਿੰਘ ਰਾਹੀ ਦੀ ਯਾਦ 'ਚ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ।

# ਏਅਰ ਇੰਡੀਆ ਵੱਲੋਂ ਯੂਰਪ ਅਤੇ ਉੱਤਰੀ ਅਮਰੀਕਾ ਲਈ 36 ਵਾਧੂ ਉਡਾਣਾਂ ਦਾ ਐਲਾਨ

**ਨਵੀਂ ਦਿੱਲੀ, (ਪੰਜਾਬ ਮੇਲ)-** ਏਅਰ ਇੰਡੀਆ ਨੇ ਮੰਗਲਵਾਰ ਨੂੰ ਐਲਾਨ ਕੀਤਾ ਹੈ ਕਿ ਉਹ 19 ਮਾਰਚ ਤੋਂ 28 ਮਾਰਚ ਦਰਮਿਆਨ ਉੱਤਰੀ ਅਮਰੀਕਾ ਅਤੇ ਯੂਰਪ ਦੇ ਪੰਜ ਮੁੱਖ ਰੂਟਾਂ 'ਤੇ 36 ਵਾਧੂ ਉਡਾਣਾਂ ਚਲਾਏਗੀ। ਪੱਛਮੀ ਏਸ਼ੀਆ (ਮਿਡਲ ਈਸਟ) ਵਿਚ ਚੱਲ ਰਹੇ ਤਣਾਅ ਅਤੇ ਸੰਘਰਸ਼ ਕਾਰਨ ਅੰਤਰਰਾਸ਼ਟਰੀ ਯਾਤਰਾ ਦੀ ਵਧਦੀ ਮੰਗ ਨੂੰ ਦੇਖਦੇ ਹੋਏ ਇਹ ਕਦਮ ਚੁੱਕਿਆ ਗਿਆ ਹੈ। ਇਨ੍ਹਾਂ ਉਡਾਣਾਂ ਨਾਲ ਕੁੱਲ 10,012 ਸੀਟਾਂ ਦਾ ਵਾਧਾ ਹੋਵੇਗਾ, ਜਿਸ ਨਾਲ ਸੀਮਤ ਯਾਤਰਾ ਵਿਕਲਪਾਂ ਦੇ ਦੌਰ ਵਿਚ ਮੁਸਾਫਰਾਂ ਨੂੰ ਰਾਹਤ ਮਿਲੇਗੀ।

ਏਅਰ ਇੰਡੀਆ ਵੱਲੋਂ ਜਾਰੀ ਬਿਆਨ ਅਨੁਸਾਰ ਇਹ ਵਾਧੂ ਸੇਵਾਵਾਂ ਦਿੱਲੀ-ਲੰਡਨ (ਹੀਥਰੋ), ਮੁੰਬਈ-ਲੰਡਨ (ਹੀਥਰੋ), ਦਿੱਲੀ-ਫਰੈਂਕਫਰਟ, ਦਿੱਲੀ-ਜ਼ਿਊਰਿਖ ਅਤੇ ਦਿੱਲੀ-ਟੋਰਾਂਟੋ ਦੇ ਰੂਟਾਂ 'ਤੇ ਉਪਲਬਧ ਹੋਣਗੀਆਂ। ਇਸ ਤੋਂ ਪਹਿਲਾਂ ਵੀ ਏਅਰ ਇੰਡੀਆ ਨੇ 10 ਤੋਂ 18 ਮਾਰਚ ਦਰਮਿਆਨ 9 ਰੂਟਾਂ 'ਤੇ 78 ਵਾਧੂ ਉਡਾਣਾਂ ਚਲਾਉਣ ਦਾ ਐਲਾਨ ਕੀਤਾ ਸੀ। ਇਸ ਦੇ ਨਾਲ ਹੀ, ਏਅਰ ਇੰਡੀਆ ਐਕਸਪ੍ਰੈੱਸ ਨੇ ਪੱਛਮੀ ਏਸ਼ੀਆ ਖੇਤਰ ਲਈ 48 ਹੋਰ ਉਡਾਣਾਂ ਦਾ ਸੰਚਾਲਨ ਵੀ ਜਾਰੀ ਰੱਖਿਆ ਹੈ।

ਇਹ ਫੈਸਲਾ ਪੱਛਮੀ ਏਸ਼ੀਆ ਵਿਚ ਤੇਜ਼ੀ ਨਾਲ ਵਧ ਰਹੇ ਸੰਘਰਸ਼ ਦੇ ਵਿਚਕਾਰ ਲਿਆ ਗਿਆ ਹੈ। ਇਰਾਨ ਦੇ ਸੁਪਰੀਮ ਲੀਡਰ ਆਇਆਤੁੱਲਾ ਅਲੀ ਖਮੇਨੇਈ ਦੀ ਮੌਤ ਤੋਂ ਬਾਅਦ ਖੇਤਰ ਵਿਚ ਹਾਲਾਤ ਕਾਫੀ ਨਾਜ਼ੁਕ ਹੋ ਗਏ ਸਨ। ਇਰਾਨ ਨੇ ਹੋਰਮੁਜ਼ ਜਲ ਮਾਰਗ ਨੂੰ ਲਗਪਗ ਬੰਦ ਕਰ ਦਿੱਤਾ ਹੈ, ਜਿਸ ਨਾਲ ਗਲੋਬਲ ਸਪਲਾਈ ਚੇਨ ਅਤੇ ਊਰਜਾ ਸਪਲਾਈ ਪ੍ਰਭਾਵਿਤ ਹੋਈ ਹੈ। ਇਨ੍ਹਾਂ ਹਾਲਾਤ ਕਾਰਨ ਅੰਤਰਰਾਸ਼ਟਰੀ ਉਡਾਣਾਂ ਦੇ ਰੂਟ ਬਦਲਣੇ ਪੈ ਰਹੇ ਹਨ ਅਤੇ ਯਾਤਰਾ ਦੀ ਮੰਗ ਵਿਚ ਅਚਾਨਕ ਤੇਜ਼ੀ ਆ ਗਈ ਹੈ।

**19 ਮਾਰਚ ਤੋਂ 28 ਮਾਰਚ ਦਰਮਿਆਨ ਚੱਲਣਗੀਆਂ ਉਡਾਣਾਂ**

ਦਿੱਲੀ ਅਤੇ ਮੁੰਬਈ ਤੋਂ ਇਹ ਸਾਰੀਆਂ ਉਡਾਣਾਂ ਸਿੱਧੀਆਂ (ਨਾਨ-ਸਟਾਪ) ਹੋਣਗੀਆਂ।

ਇਰਾਨ ਅਤੇ ਆਲੇ-ਦੁਆਲੇ ਦੇ ਹਵਾਈ ਖੇਤਰ ਦੇ ਬੰਦ ਹੋਣ ਕਾਰਨ, ਉਡਾਣਾਂ ਦਾ ਰਸਤਾ ਥੋੜ੍ਹਾ ਲੰਬਾ ਹੋ ਸਕਦਾ ਹੈ, ਜਿਸ ਨਾਲ ਯਾਤਰਾ ਦੇ ਸਮੇਂ ਵਿਚ 1 ਤੋਂ 2 ਘੰਟੇ ਦਾ ਵਾਧਾ ਹੋ ਸਕਦਾ ਹੈ।

ਪੱਛਮੀ ਏਸ਼ੀਆ ਦੇ ਹਾਲਾਤ ਬਹੁਤ ਤੇਜ਼ੀ ਨਾਲ ਬਦਲ ਰਹੇ ਹਨ, ਇਸ ਲਈ ਯਾਤਰਾ 'ਤੇ ਜਾਣ ਤੋਂ ਪਹਿਲਾਂ ਫਲਾਈਟ ਸਟੇਟਸ ਜ਼ਰੂਰ ਚੈੱਕ ਕਰਦੇ ਰਹੋ।

# ਕੈਨੇਡਾ 'ਚ ਵੱਖ-ਵੱਖ ਥਾਈਂ 3 ਪੰਜਾਬੀ ਨੌਜਵਾਨਾਂ ਦੀ ਹੱਤਿਆ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ 'ਚ ਵੱਖ-ਵੱਖ ਥਾਈਂ ਬੀਤੇ ਹਫ਼ਤੇ ਦੇ ਅਖ਼ੀਰ ਵਿਚ 3 ਪੰਜਾਬੀ ਨੌਜਵਾਨਾਂ ਦੀ ਹੱਤਿਆ ਕਰ ਦਿੱਤੀ ਗਈ। ਪਹਿਲੀ ਘਟਨਾ ਫੋਰਟ ਸੇਂਟ ਪੌਲ ਜੌਹਨ ਸ਼ਹਿਰ ਵਿਖੇ ਵਾਪਰੀ, ਜਿੱਥੇ ਦੋ ਗਰੁੱਪਾਂ ਦੀ ਲੜਾਈ 'ਚ ਗੁਰਕੀਰਤ ਸਿੰਘ ਮਨੋਚਾ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਮੁੱਢਲੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਉਹ ਉੱਥੇ ਇੱਕ ਸਟੋਰ 'ਚ ਕੰਮ ਕਰਦਾ ਸੀ। ਉਹ ਉਜੈਨ ਤੋਂ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਸਾਲ ਕੁ ਪਹਿਲਾਂ ਕੈਨੇਡਾ ਆਇਆ ਸੀ। ਪੁਲਿਸ ਜਾਂਚ ਕਰ ਰਹੀ ਹੈ ਕਿ ਉਹ ਲੜਾਈ 'ਚ ਅਚਾਨਕ ਮਾਰਿਆ ਗਿਆ ਜਾਂ ਉਸ ਦੀ ਮਿੱਥ ਕੇ ਹੱਤਿਆ ਕੀਤੀ ਗਈ।



ਕੈਨੇਡਾ 'ਚ ਮਾਰੇ ਗਏ ਤਿੰਨ ਪੰਜਾਬੀ ਨੌਜਵਾਨ।

ਦੂਜੀ ਘਟਨਾ ਸਸਕੈਚਵਨ ਸੂਬੇ ਦੇ ਬਰੈਂਟਫੋਰਡ ਸ਼ਹਿਰ ਦੀ ਹੈ, ਜਿੱਥੇ ਟੈਕਸੀ ਚਾਲਕ ਦਵਿੰਦਰ ਸਿੰਘ (30) ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ। ਜਾਣਕਾਰੀ ਮੁਤਾਬਕ ਘਟਨਾ ਮੌਕੇ ਉਹ ਮੋਟਲ ਦੇ ਬਾਹਰ ਕਿਸੇ ਯਾਤਰੀ ਦੀ ਉਡੀਕ ਵਿਚ ਟੈਕਸੀ 'ਚ ਬੈਠਾ ਸੀ। ਮੋਟਲ 'ਚੋਂ ਨਿਕਲੀ ਔਰਤ ਉੱਤੇ ਕਿਸੇ ਵਲੋਂ ਚਲਾਈ ਜਾਨਲੇਵਾ ਗੋਲੀ ਖੁੰਝ ਕੇ ਉਸ ਦੇ ਆ ਵੱਜੀ ਅਤੇ ਉਹ ਮੌਤ ਦੇ ਮੂੰਹ ਜਾ ਪੁੱਜਾ। ਉਹ ਮੋਗਾ ਜ਼ਿਲ੍ਹੇ ਦੇ ਪਿੰਡ ਦੌਲਤਪੁਰ ਨਾਲ ਸਬੰਧ ਰੱਖਦਾ ਸੀ ਤੇ ਕੁਝ ਸਾਲ ਪਹਿਲਾਂ ਪਰਿਵਾਰ ਸਮੇਤ ਕੈਨੇਡਾ ਆਇਆ ਸੀ।

ਤੀਜੀ ਘਟਨਾ ਐਡਮਿੰਟਨ ਨੇੜਲੇ ਸ਼ਹਿਰ ਵਿਚ ਵਾਪਰੀ, ਜਿਥੇ ਬੀਰਇੰਦਰ ਸਿੰਘ ਦੀ ਗੋਲੀ ਲੱਗਣ ਕਾਰਨ ਜਾਨ ਚਲੀ ਗਈ। ਉਹ ਚਾਰ ਕੁ ਸਾਲ ਪਹਿਲਾਂ ਸਟੱਡੀ ਵੀਜੇ 'ਤੇ ਕੈਨੇਡਾ ਆਇਆ ਸੀ। ਹੱਤਿਆ ਦਾ ਕਾਰਨ ਸੜਕ 'ਤੇ ਹੋਇਆ ਬੋਲ ਬੁਲਾਰਾ (ਰੋਡ ਰੇਜ਼) ਦੱਸਿਆ ਗਿਆ ਹੈ। ਬੇਸ਼ੱਕ ਤਿੰਨਾਂ ਘਟਨਾਵਾਂ ਦਾ ਆਪਸ 'ਚ ਕੋਈ ਸਬੰਧ ਨਹੀਂ ਹੈ ਪਰ ਇਸ ਕਾਰਨ ਇੱਥੇ ਵੱਸਦੇ ਪੰਜਾਬੀ ਭਾਈਚਾਰੇ ਵਿਚ ਚਿੰਤਾ ਦਾ ਮਾਹੌਲ ਹੈ।

# 98 ਆਸਕਰ ਐਵਾਰਡ: 'ਵਨ ਬੈਟਲ ਆਫਟਰ ਅਨਦਰ' ਨੇ ਜਿੱਤਿਆ ਸਰਵੋਤਮ ਫ਼ਿਲਮ ਦਾ ਖਿਤਾਬ

**ਲਾਸ ਏਂਜਲਸ, (ਪੰਜਾਬ ਮੇਲ)-** ਹਾਲੀਵੁੱਡ ਦੇ ਸਭ ਤੋਂ ਵੱਕਾਰੀ 98ਵੇਂ ਆਸਕਰ ਐਵਾਰਡਸ ਵਿਚ ਨਿਰਦੇਸ਼ਕ ਪਾਲ ਥਾਮਸ ਐਂਡਰਸਨ ਦੀ ਫ਼ਿਲਮ 'ਵਨ ਬੈਟਲ ਆਫਟਰ ਅਨਦਰ' ਨੇ 'ਸਰਵੋਤਮ ਫ਼ਿਲਮ' ਦਾ ਖ਼ਿਤਾਬ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਰਾਜਨੀਤਿਕ ਵਿਰੋਧ ਦੀ ਇੱਕ ਬਹੁ-ਪੀੜ੍ਹੀ ਅਮਰੀਕੀ ਗਾਥਾ 'ਤੇ ਆਧਾਰਿਤ ਇਸ ਕਾਮਿਕ ਫ਼ਿਲਮ ਨੇ ਐਂਡਰਸਨ ਨੂੰ ਦਹਾਕਿਆਂ ਦੇ ਇੰਤਜ਼ਾਰ ਤੋਂ ਬਾਅਦ ਉਨ੍ਹਾਂ ਦਾ ਪਹਿਲਾ ਆਸਕਰ ਦਿਵਾਇਆ ਹੈ।




ਇਸ ਸ਼ਾਨਦਾਰ ਸਮਾਗਮ ਵਿਚ ਮਾਈਕਲ ਬੀ. ਜਾਰਡਨ ਨੂੰ 'ਸਰਵੋਤਮ ਅਦਾਕਾਰ' ਦਾ ਐਵਾਰਡ ਮਿਲਿਆ, ਜਦੋਂਕਿ ਫ਼ਿਲਮ 'ਸਿਨਰਜ਼' ਲਈ ਆਟਮ ਡੂਰਾਲਡ ਅਰਕਾਪਾ ਨੇ ਆਸਕਰ ਇਤਿਹਾਸ ਵਿਚ ਸਰਵੋਤਮ ਸਿਨੇਮੈਟੋਗ੍ਰਾਫੀ ਦਾ ਐਵਾਰਡ ਜਿੱਤਣ ਵਾਲੀ ਪਹਿਲੀ ਮਹਿਲਾ ਬਣ ਕੇ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ।

ਇਹ ਰਾਤ 'ਵਾਰਨਰ ਬ੍ਰਦਰਜ਼' ਸਟੂਡੀਓ ਲਈ ਜਸ਼ਨ ਅਤੇ ਭਾਵੁਕਤਾ ਦਾ ਸੁਮੇਲ ਰਹੀ, ਜਿਸ ਦੀਆਂ ਦੋ ਪ੍ਰਮੁੱਖ ਫ਼ਿਲਮਾਂ 'ਵਨ ਬੈਟਲ ਆਫਟਰ ਅਨਦਰ' ਅਤੇ ਰਾਇਨ ਕੂਗਲਰ ਦੀ 'ਸਿਨਰਜ਼' ਨੇ ਵੱਡੀ ਸਫਲਤਾ ਹਾਸਲ ਕੀਤੀ। ਜ਼ਿਕਰਯੋਗ ਹੈ ਕਿ ਇਹ ਜਿੱਤ ਅਜਿਹੇ ਸਮੇਂ ਆਈ ਹੈ, ਜਦੋਂ ਕੁਝ ਹਫ਼ਤੇ ਪਹਿਲਾਂ ਹੀ ਇਸ ਇਤਿਹਾਸਕ ਸਟੂਡੀਓ ਨੂੰ 'ਪੈਰਾਮਾਉਂਟ ਸਕਾਈਡਾਂਸ' ਨੂੰ ਵੇਚਣ ਦਾ ਸਮਝੌਤਾ ਹੋਇਆ ਹੈ।




# ਜੰਗ ਕਾਰਨ ਭਾਰਤ 'ਚ ਫ਼ਸੇ ਵਿਦੇਸ਼ੀਆਂ ਦੇ ਵੀਜ਼ਿਆਂ ਸੰਬੰਧੀ ਭਾਰਤ ਸਰਕਾਰ ਵੱਲੋਂ ਰਾਹਤ ਦਾ ਐਲਾਨ

**■ ਵਿਦੇਸ਼ੀਆਂ ਦੇ ਵੀਜ਼ੇ ਦੀ ਮਿਆਦ ਵਧਾਉਣ ਅਤੇ ਓਵਰਸਟੇਅ ਦੇ ਜ਼ੁਰਮਾਨੇ ਨੂੰ ਮੁਆਫ ਕਰਨ ਦਾ ਫੈਸਲਾ**

ਨਵੀਂ ਦਿੱਲੀ, (ਪੰਜਾਬ ਮੇਲ)- ਪੱਛਮੀ ਏਸ਼ੀਆ 'ਚ ਚੱਲ ਰਹੇ ਭਿਆਨਕ ਸੰਘਰਸ਼ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਦੇਸ਼ 'ਚ ਫਸੇ ਵਿਦੇਸ਼ੀ ਨਾਗਰਿਕਾਂ ਲਈ ਵੱਡੇ ਰਾਹਤ ਉਪਾਵਾਂ ਦਾ ਐਲਾਨ ਕੀਤਾ ਹੈ। ਭਾਰਤ ਨੇ ਉਨ੍ਹਾਂ ਵਿਦੇਸ਼ੀਆਂ ਦੇ ਵੀਜ਼ੇ ਦੀ ਮਿਆਦ ਵਧਾਉਣ ਅਤੇ 'ਓਵਰਸਟੇਅ' (ਜ਼ਿਆਦਾ ਦੇਰ ਰੁਕਣ) ਦੇ ਜ਼ੁਰਮਾਨੇ ਨੂੰ ਮੁਆਫ਼ ਕਰਨ ਦਾ ਫੈਸਲਾ ਕੀਤਾ ਹੈ, ਜੋ ਯਾਤਰਾ ਸੇਵਾਵਾਂ 'ਚ ਵਿਘਨ ਪੈਣ ਕਾਰਨ ਭਾਰਤ 'ਚ ਰੁਕੇ ਹੋਏ ਹਨ।

ਦੁਬਈ ਸਥਿਤ ਭਾਰਤੀ ਕੌਂਸਲੇਟ ਦੁਆਰਾ ਜਾਰੀ ਨੋਟੀਫਿਕੇਸ਼ਨ ਅਨੁਸਾਰ, ਜਿਨ੍ਹਾਂ ਵਿਦੇਸ਼ੀ ਨਾਗਰਿਕਾਂ ਦੇ ਵੀਜ਼ੇ ਜਾਂ ਈ-ਵੀਜ਼ੇ ਦੀ ਮਿਆਦ ਖਤਮ ਹੋ ਗਈ ਹੈ ਜਾਂ ਖ਼ਤਮ ਹੋਣ ਵਾਲੀ ਹੈ, ਉਨ੍ਹਾਂ ਨੂੰ ਸਬੰਧਤ ਵਿਦੇਸ਼ੀ ਖੇਤਰੀ ਰਜਿਸਟਰੇਸ਼ਨ ਦਫਤਰਾਂ (ਐੱਫ.ਆਰ.ਆਰ.ਓਜ਼) ਰਾਹੀਂ ਇਕ ਮਹੀਨੇ ਲਈ ਮੁਫ਼ਤ ਐਕਸਟੈਂਸ਼ਨ ਦਿੱਤੀ ਜਾਵੇਗੀ। ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ 28 ਫਰਵਰੀ ਤੋਂ ਬਾਅਦ ਜੰਗ ਕਾਰਨ ਫਸੇ ਵਿਦੇਸ਼ੀਆਂ 'ਤੇ ਕੋਈ ਜੁਰਮਾਨਾ ਨਹੀਂ ਲਗਾਇਆ ਜਾਵੇਗਾ। ਇਸ ਤੋਂ ਇਲਾਵਾ, ਜਦੋਂ ਵੀ ਹਵਾਈ ਰਸਤੇ ਦੁਬਾਰਾ ਖੁੱਲ੍ਹਣਗੇ, ਇਨ੍ਹਾਂ ਨਾਗਰਿਕਾਂ ਨੂੰ ਦੇਸ਼ ਛੱਡਣ ਲਈ ਮੁਫ਼ਤ 'ਐਗਜ਼ਿਟ ਪਰਮਿਟ' ਵੀ ਜਾਰੀ ਕੀਤੇ ਜਾਣਗੇ। ਜੇਕਰ ਕੋਈ ਵਿਦੇਸ਼ੀ ਤਕਨੀਕੀ ਖਰਾਬੀ ਜਾਂ ਕਿਸੇ ਹੋਰ ਕਾਰਨ ਸਮੇਂ ਸਿਰ ਅਪਲਾਈ ਨਹੀਂ ਕਰ ਪਾਉਂਦਾ, ਤਾਂ ਉਸ ਨੂੰ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਨਹੀਂ ਮੰਨਿਆ ਜਾਵੇਗਾ।

ਇਹ ਫੈਸਲਾ ਅਜਿਹੇ ਸਮੇਂ ਲਿਆ ਗਿਆ ਹੈ, ਜਦੋਂ ਪੱਛਮੀ ਏਸ਼ੀਆ 'ਚ ਤਣਾਅ ਸਿਖਰ 'ਤੇ ਹੈ। ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਡਰੋਨ ਅਤੇ ਮਿਜ਼ਾਈਲ ਹਮਲੇ ਕੀਤੇ ਜਾ ਰਹੇ ਹਨ, ਜਿਸ ਦੇ ਜਵਾਬ 'ਚ ਈਰਾਨ ਨੇ ਖਾੜੀ ਖੇਤਰ 'ਚ ਅਮਰੀਕੀ ਫੌਜੀ ਟਿਕਾਣਿਆਂ ਅਤੇ ਸਿੱਧੇ ਇਜ਼ਰਾਈਲ ਨੂੰ ਨਿਸ਼ਾਨਾ ਬਣਾਇਆ ਹੈ। ਇਸ ਸੰਕਟ ਕਾਰਨ ਯੂ.ਏ.ਈ., ਸਾਊਦੀ ਅਰਬ, ਕਤਰ, ਕੁਵੈਤ ਅਤੇ ਜਾਰਡਨ ਸਮੇਤ ਪੂਰੇ ਖੇਤਰ 'ਚ ਸੁਰੱਖਿਆ ਚਿੰਤਾਵਾਂ ਵਧ ਗਈਆਂ ਹਨ। ਇਸ ਦਾ ਅਸਰ ਵਿਸ਼ਵ ਊਰਜਾ ਸਪਲਾਈ 'ਤੇ ਵੀ ਪੈ ਰਿਹਾ ਹੈ, ਕਿਉਂਕਿ ਦੁਨੀਆਂ ਦਾ ਲਗਭਗ 20 ਫੀਸਦੀ ਤੇਲ ਸਟ੍ਰੇਟ ਆਫ ਹੋਰਮੁਜ਼ ਰਾਹੀਂ ਲੰਘਦਾ ਹੈ, ਜੋ ਕਿ ਇਸ ਸੰਘਰਸ਼ ਦਾ ਕੇਂਦਰ ਹੈ।

ਦੋਹਾ 'ਚ ਭਾਰਤੀ ਦੂਤਘਰ ਨੇ ਜਾਣਕਾਰੀ ਦਿੱਤੀ ਹੈ ਕਿ ਕਤਰ ਏਅਰਵੇਜ਼ ਦੀਆਂ ਉਡਾਣਾਂ ਰਾਹੀਂ ਲਗਭਗ 500 ਭਾਰਤੀ ਨਾਗਰਿਕ ਕਤਰ ਤੋਂ ਕੋਚੀ ਅਤੇ ਹੋਰ ਸ਼ਹਿਰਾਂ 'ਚ ਪਹੁੰਚ ਚੁੱਕੇ ਹਨ। ਕਤਰ ਦਾ ਹਵਾਈ ਖੇਤਰ ਅੰਸ਼ਕ ਤੌਰ 'ਤੇ ਖੁੱਲ੍ਹਾ ਹੋਣ ਕਾਰਨ ਉਡਾਣਾਂ ਸੀਮਿਤ ਹਨ। ਮਨੁੱਖੀ ਆਧਾਰ 'ਤੇ ਕਤਰ ਏਅਰਵੇਜ਼ ਨੇ 2 ਭਾਰਤੀਆਂ ਦੀਆਂ ਮ੍ਰਿਤਕ ਦੇਹਾਂ ਨੂੰ ਵੀ ਉਨ੍ਹਾਂ ਦੇ ਪਰਿਵਾਰਾਂ ਸਮੇਤ ਵਾਪਸ ਭੇਜਣ 'ਚ ਮਦਦ ਕੀਤੀ ਹੈ।

# ਇਰਾਨ ਵੱਲੋਂ ਦੁਬਈ ਨਿਵਾਸੀਆਂ ਨੂੰ ਬੇਹੱਦ ਗੰਭੀਰ ਚਿਤਾਵਨੀ ਜਾਰੀ

**■ ਅਮਰੀਕੀ ਫੌਜੀ ਟਿਕਾਣਿਆਂ ਤੇ ਅਮਰੀਕੀ ਅਦਾਰਿਆਂ ਦੇ ਆਸ-ਪਾਸ ਦੇ ਇਲਾਕਿਆਂ ਨੂੰ ਤੁਰੰਤ ਖਾਲੀ ਕਰਨ ਦੀ ਕੀਤੀ ਅਪੀਲ**

ਦੁਬਈ, (ਪੰਜਾਬ ਮੇਲ)- ਇਰਾਨ ਅਤੇ ਅਮਰੀਕਾ ਵਿਚਕਾਰ ਜਾਰੀ ਜੰਗ ਦੇ ਦੌਰਾਨ, ਇਰਾਨ ਦੀ ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕੋਰਪਸ (ਆਈ.ਆਰ.ਜੀ.ਸੀ.) ਨੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਚ ਰਹਿਣ ਵਾਲੇ ਲੋਕਾਂ ਲਈ ਇੱਕ ਬੇਹੱਦ ਗੰਭੀਰ ਚਿਤਾਵਨੀ ਜਾਰੀ ਕੀਤੀ ਹੈ। ਇਰਾਨੀ ਸਰਕਾਰੀ ਮੀਡੀਆ ਅਨੁਸਾਰ, ਆਈ.ਆਰ.ਜੀ.ਸੀ. ਨੇ ਚਿਤਾਵਨੀ ਦਿੱਤੀ ਕਿ ਯੂ.ਏ.ਈ. ਵਿਚ ਅਮਰੀਕਾ ਦੇ ਸਾਰੇ ਅਦਾਰੇ, ਜਿਨ੍ਹਾਂ ਵਿਚ ਬੰਦਰਗਾਹਾਂ, ਡੌਕਸ ਅਤੇ ਫੌਜੀ ਸਹੂਲਤਾਂ ਸ਼ਾਮਲ ਹਨ, ਹੁਣ ਇਰਾਨ ਦੇ ਨਿਸ਼ਾਨੇ 'ਤੇ ਹਨ।

ਇਸ ਚਿਤਾਵਨੀ ਵਿਚ ਵਿਸ਼ੇਸ਼ ਤੌਰ 'ਤੇ ਯੂ.ਏ.ਈ. ਦੇ ਨਿਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਣ ਲਈ ਬੰਦਰਗਾਹਾਂ, ਤੇਲ ਡੌਕਸ ਅਤੇ ਅਮਰੀਕੀ ਫੌਜੀ ਟਿਕਾਣਿਆਂ ਦੇ ਆਸ-ਪਾਸ ਦੇ ਇਲਾਕਿਆਂ ਨੂੰ ਤੁਰੰਤ ਖਾਲੀ ਕਰ ਦੇਣ ਤੇ ਉਨ੍ਹਾਂ ਤੋਂ ਦੂਰ ਚਲੇ ਜਾਣ। ਇਹ ਕਦਮ ਇਰਾਨ ਵੱਲੋਂ ਅਮਰੀਕੀ ਅਦਾਰਿਆਂ 'ਤੇ ਕੀਤੇ ਜਾਣ ਵਾਲੇ ਸੰਭਾਵੀ ਹਮਲਿਆਂ ਦੀ ਤਿਆਰੀ ਵਜੋਂ ਦੇਖਿਆ ਜਾ ਰਿਹਾ ਹੈ।

# ਮਿਡਲ ਈਸਟ ਜੰਗ ਵਿਚਾਲੇ ਉੱਤਰੀ ਕੋਰੀਆ ਵੱਲੋਂ 10 ਬੈਲਿਸਟਿਕ ਮਿਜ਼ਾਈਲਾਂ ਦੀ ਟੈਸਟਿੰਗ

ਟੋਕੀਓ, (ਪੰਜਾਬ ਮੇਲ)- ਮਿਡਲ ਈਸਟ 'ਚ ਛਿੜੀ ਇਰਾਨ ਜੰਗ ਦਰਮਿਆਨ ਉੱਤਰੀ ਕੋਰੀਆ ਨੇ ਵੀ 10 ਬੈਲਿਸਟਿਕ ਮਿਜ਼ਾਈਲਾਂ ਦੀ ਟੈਸਟਿੰਗ ਕੀਤੀ ਹੈ, ਜਿਨ੍ਹਾਂ 'ਚੋਂ ਘੱਟੋ-ਘੱਟ ਇਕ ਜਾਪਾਨ ਦੇ ਉਪਰੋਂ ਗੁਜ਼ਰੀ ਹੈ। ਉੱਤਰੀ ਕੋਰੀਆ ਦੇ ਇਸ ਕਦਮ ਨਾਲ ਇਲਾਕੇ 'ਚ ਹਫੜਾ-ਦਫੜੀ ਮਚ ਗਈ ਹੈ ਤੇ ਜਾਪਾਨ ਸਰਕਾਰ ਨੇ ਤੁਰੰਤ ਐਮਰਜੈਂਸੀ ਪ੍ਰੋਟੋਕੋਲ ਐਕਟੀਵੇਟ ਕਰ ਦਿੱਤੇ ਹਨ। ਜਾਪਾਨ ਦੇ ਪ੍ਰਧਾਨ ਮੰਤਰੀ ਦਫ਼ਤਰ ਨੇ ਇੱਕ ਐਮਰਜੈਂਸੀ ਅਲਰਟ ਜਾਰੀ ਕਰਦਿਆਂ ਲੋਕਾਂ ਨੂੰ ਸੁਚੇਤ ਰਹਿਣ ਲਈ ਕਿਹਾ ਹੈ।

ਜਾਪਾਨ ਕੋਸਟ ਗਾਰਡ ਅਨੁਸਾਰ, ਇਹ ਟੈਸਟਿੰਗ ਸ਼ਨੀਵਾਰ ਦੁਪਹਿਰ 1:20 ਵਜੇ ਦੇ ਕਰੀਬ ਕੀਤੀ ਗਈ ਸੀ। ਰੱਖਿਆ ਮੰਤਰਾਲੇ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਮਿਜ਼ਾਈਲਾਂ ਜਾਪਾਨ ਦੇ ਵਿਸ਼ੇਸ਼ ਆਰਥਿਕ ਖੇਤਰ (ਈ.ਈ.ਜ਼ੈਡ) ਤੋਂ ਬਾਹਰ ਸਮੁੰਦਰ ਵਿਚ ਡਿੱਗੀਆਂ ਹਨ, ਜਿਸ ਕਾਰਨ ਕਿਸੇ ਤੁਰੰਤ ਨੁਕਸਾਨ ਦੀ ਸੂਚਨਾ ਨਹੀਂ ਹੈ। ਪ੍ਰਧਾਨ ਮੰਤਰੀ ਸਾਨਾਏ ਤਾਕਾਈਚੀ ਦੀ ਸਰਕਾਰ ਨੇ ਇੱਕ ਐਮਰਜੈਂਸੀ ਰਿਸਪਾਂਸ ਟੀਮ ਦਾ ਗਠਨ ਕੀਤਾ ਹੈ, ਜੋ ਮਿਜ਼ਾਈਲ ਦੀ ਟ੍ਰੈਜੈਕਟਰੀ ਅਤੇ ਸੁਰੱਖਿਆ ਸਥਿਤੀ 'ਤੇ ਨਜ਼ਰ ਰੱਖ ਰਹੀ ਹੈ।

ਦੱਖਣੀ ਕੋਰੀਆਈ ਫੌਜ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉੱਤਰੀ ਕੋਰੀਆ ਨੇ ਪੂਰਬੀ ਦਿਸ਼ਾ ਵੱਲ ਮਿਜ਼ਾਈਲ ਦਾਗੀ ਹੈ। ਇਹ ਮਿਜ਼ਾਈਲ ਪ੍ਰੀਖਣ ਅਜਿਹੇ ਸਮੇਂ ਹੋਇਆ ਹੈ, ਜਦੋਂ ਅਮਰੀਕਾ ਅਤੇ ਦੱਖਣੀ ਕੋਰੀਆ ਆਪਣੇ ਸਾਲਾਨਾ ਸੰਯੁਕਤ ਫੌਜੀ ਅਭਿਆਸ ਕਰ ਰਹੇ ਹਨ। ਉੱਤਰੀ ਕੋਰੀਆ ਅਕਸਰ ਅਜਿਹੇ ਅਭਿਆਸਾਂ ਦੇ ਜਵਾਬ ਵਿਚ ਆਪਣੀ ਫੌਜੀ ਤਾਕਤ ਦਾ ਪ੍ਰਦਰਸ਼ਨ ਕਰਦਾ ਹੈ।

# ਈਰਾਨ ਵੱਲੋਂ ਟਰੰਪ ਨੂੰ ਅਮਰੀਕੀ ਤੇਲ ਡਿਪੂਆਂ ਨੂੰ ਸੁਆਹ ਕਰਨ ਦੀ ਚਿਤਾਵਨੀ

ਤੇਹਰਾਨ/ਵਾਸ਼ਿੰਗਟਨ, (ਪੰਜਾਬ ਮੇਲ)- ਈਰਾਨ ਤੇ ਅਮਰੀਕਾ-ਇਜ਼ਰਾਈਲ ਵਿਚਾਲੇ ਈਰਾਨ ਨੇ ਅਮਰੀਕਾ ਨੂੰ ਸਿੱਧੀ ਧਮਕੀ ਦਿੱਤੀ ਹੈ ਕਿ ਜੇਕਰ ਉਸ ਦੇ ਤੇਲ ਟਿਕਾਣਿਆਂ 'ਤੇ ਹਮਲਾ ਕੀਤਾ ਗਿਆ, ਤਾਂ ਉਹ ਅਮਰੀਕਾ ਨਾਲ ਜੁੜੀਆਂ ਤੇਲ ਸਹੂਲਤਾਂ ਨੂੰ 'ਸੁਆਹ ਦੇ ਢੇਰ' ਵਿਚ ਬਦਲ ਦੇਵੇਗਾ। ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਸਖ਼ਤ ਰੁਖ਼ ਅਖਤਿਆਰ ਕਰਦਿਆਂ ਕਿਹਾ ਹੈ ਕਿ ਜੇਕਰ ਈਰਾਨ ਨੇ 'ਸਟ੍ਰੇਟ ਆਫ ਹਰਮੁਜ਼' ਵਿਚ ਜਹਾਜ਼ਾਂ ਦੀ ਆਵਾਜਾਈ ਵਿਚ ਕੋਈ ਰੁਕਾਵਟ ਪਾਈ, ਤਾਂ ਈਰਾਨ ਦੇ ਸਭ ਤੋਂ ਵੱਡੇ ਤੇਲ ਨਿਰਯਾਤ ਕੇਂਦਰ 'ਖਾਰਗ ਟਾਪੂ' ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਜਾਵੇਗਾ।



ਜ਼ਿਕਰਯੋਗ ਹੈ ਕਿ ਪਿਛਲੇ 2 ਹਫਤਿਆਂ ਤੋਂ ਜਾਰੀ ਇਸ ਭਿਆਨਕ ਜੰਗ 'ਚ ਹੁਣ ਤੱਕ 1300 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ ਅਤੇ ਸੰਯੁਕਤ ਰਾਸ਼ਟਰ ਅਨੁਸਾਰ ਲਗਭਗ 32 ਲੱਖ ਲੋਕ ਵਿਸਥਾਪਿਤ ਹੋ ਚੁੱਕੇ ਹਨ। ਇਸ ਜੰਗ ਕਾਰਨ ਗਲੋਬਲ ਤੇਲ ਬਾਜ਼ਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਤੇ ਕੱਚੇ ਤੇਲ ਦੀਆਂ ਕੀਮਤਾਂ 'ਚ 40 ਫੀਸਦੀ ਤੋਂ ਜ਼ਿਆਦਾ ਦਾ ਵਾਧਾ ਦਰਜ ਕੀਤਾ ਗਿਆ ਹੈ।

ਸਟ੍ਰੇਟ ਆਫ ਹੋਰਮੁਜ਼ ਦੁਨੀਆਂ ਦਾ ਸਭ ਤੋਂ ਮਹੱਤਵਪੂਰਨ ਤੇਲ ਮਾਰਗ ਹੈ, ਜਿੱਥੋਂ ਦੁਨੀਆਂ ਦੇ ਕੁੱਲ ਤੇਲ ਦਾ 20 ਫੀਸਦੀ ਹਿੱਸਾ ਲੰਘਦਾ ਹੈ। ਈਰਾਨ ਵੱਲੋਂ ਤੇਲ ਟੈਂਕਰਾਂ 'ਤੇ ਹਮਲੇ ਦੀ ਧਮਕੀ ਤੋਂ ਬਾਅਦ ਇਸ ਰਸਤੇ ਰਾਹੀਂ ਜਹਾਜ਼ਾਂ ਦੀ ਆਵਾਜਾਈ ਲਗਭਗ ਰੁੱਕ ਗਈ ਹੈ। ਅਮਰੀਕੀ ਰਾਸ਼ਟਰਪਤੀ ਅਨੁਸਾਰ, ਅਮਰੀਕੀ ਫੌਜ ਨੇ ਖਾਰਗ ਟਾਪੂ ਦੇ ਸਾਰੇ ਫੌਜੀ ਟਿਕਾਣਿਆਂ ਨੂੰ ਪਹਿਲਾਂ ਹੀ ਤਬਾਹ ਕਰ ਦਿੱਤਾ ਹੈ, ਪਰ ਹੁਣ ਉਨ੍ਹਾਂ ਦੀਆਂ ਤੇਲ ਸਹੂਲਤਾਂ ਵੀ ਨਿਸ਼ਾਨੇ 'ਤੇ ਹਨ।

ਇਹ ਵੀ ਜ਼ਿਕਰਯੋਗ ਹੈ ਕਿ ਜੰਗ ਦੇ ਪਹਿਲੇ ਹੀ ਦਿਨ ਈਰਾਨ ਦੇ ਸਰਵਉੱਚ ਨੇਤਾ ਅਯਾਤੁੱਲਾ ਅਲੀ ਖਾਮੇਨੇਈ ਦੀ ਮੌਤ ਹੋ ਗਈ ਸੀ। ਉਨ੍ਹਾਂ ਦੇ ਪੁੱਤਰ ਮੋਜਤਬਾ ਖਾਮੇਨੇਈ ਨੂੰ ਨਵਾਂ ਨੇਤਾ ਨਿਯੁਕਤ ਕੀਤਾ ਗਿਆ ਹੈ, ਪਰ ਉਨ੍ਹਾਂ ਦੇ ਜ਼ਖਮੀ ਹੋਣ ਦੀਆਂ ਖਬਰਾਂ ਹਨ।

ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ ਵਿਚ 15,000 ਤੋਂ ਵੱਧ ਟਿਕਾਣਿਆਂ 'ਤੇ ਹਮਲੇ ਕੀਤੇ ਹਨ।

ਈਰਾਨ ਨੇ ਜਵਾਬੀ ਕਾਰਵਾਈ ਵਿਚ ਘੱਟੋ-ਘੱਟ 10 ਦੇਸ਼ਾਂ 'ਤੇ ਮਿਜ਼ਾਈਲ ਅਤੇ ਡਰੋਨ ਹਮਲੇ ਕੀਤੇ ਹਨ। ਕਤਰ, ਸਾਊਦੀ ਅਰਬ ਅਤੇ ਤੁਰਕੀ ਨੇ ਵੀ ਕਈ ਡਰੋਨ ਅਤੇ ਮਿਜ਼ਾਈਲਾਂ ਨੂੰ ਰੋਕਣ ਦਾ ਦਾਅਵਾ ਕੀਤਾ ਹੈ।

ਅਮਰੀਕਾ ਨੇ ਜਪਾਨ ਤੋਂ ਆਪਣਾ ਵੱਡਾ ਨੌਸੈਨਿਕ ਬੇੜਾ ਯੂ.ਐੱਸ.ਐੱਸ. ਤ੍ਰਿਪੋਲੀ 2500 ਮਰੀਨ ਸੈਨਿਕਾਂ ਨਾਲ ਖੇਤਰ 'ਚ ਭੇਜ ਦਿੱਤਾ ਹੈ। ਬਗਦਾਦ 'ਚ ਅਮਰੀਕੀ ਦੂਤਾਵਾਸ 'ਤੇ ਵੀ ਡਰੋਨ ਹਮਲਾ ਹੋਇਆ ਹੈ।

# ਟਰੰਪ ਦੇ ਦਾਅਵਿਆਂ ਵਿਚਾਲੇ ਈਰਾਨੀ ਸੁਪਰੀਮ ਲੀਡਰ ਮੁਜਤਬਾ ਖਮੇਨੀ ਵੱਲੋਂ ਸਖਤ ਚੇਤਾਵਨੀ

**■ ਕਿਹਾ : ਮੁਆਵਜ਼ਾ ਦਿਓ ਜਾਂ ਅੰਜਾਮ ਭੁਗਤਣ ਲਈ ਤਿਆਰ ਰਹੋ**

ਤੇਹਰਾਨ/ਵਾਸ਼ਿੰਗਟਨ, (ਪੰਜਾਬ ਮੇਲ)- ਮੱਧ ਪੂਰਬ ਵਿੱਚ ਜਾਰੀ ਭਿਆਨਕ ਜੰਗ ਦਰਮਿਆਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਰ-ਵਾਰ ਦਾਅਵਾ ਕੀਤਾ ਹੈ ਕਿ 28 ਫਰਵਰੀ ਤੋਂ ਸ਼ੁਰੂ ਹੋਈ ਜੰਗ ਹੁਣ ਖ਼ਤਮ ਹੋਣ ਵਾਲੀ ਹੈ। ਟਰੰਪ ਮੁਤਾਬਕ ਈਰਾਨ ਕੋਲ ਪਲਟਵਾਰ ਕਰਨ ਦੀ ਤਾਕਤ ਨਹੀਂ ਬਚੀ ਹੈ। ਹੁਣ ਟਰੰਪ ਦੇ ਦਾਅਵਿਆਂ ਨੂੰ ਚੁਣੌਤੀ ਦਿੰਦਿਆਂ ਈਰਾਨ ਦੇ ਨਵੇਂ ਸੁਪਰੀਮ ਲੀਡਰ ਮੁਜਤਬਾ ਖ਼ਮੇਨੀ ਨੇ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ। ਮੁਜਤਬਾ ਨੇ ਸਾਫ਼ ਸ਼ਬਦਾਂ ਵਿਚ ਕਿਹਾ ਹੈ ਕਿ ਜੰਗ ਵਿਚ ਹੋਏ ਨੁਕਸਾਨ ਦਾ ਮੁਆਵਜ਼ਾ ਦੇਣਾ ਪਵੇਗਾ, ਨਹੀਂ ਤਾਂ ਗੰਭੀਰ ਨਤੀਜੇ ਭੁਗਤਣੇ ਪੈਣਗੇ।

ਸਰੋਤਾਂ ਅਨੁਸਾਰ ਮੁਜਤਬਾ ਖ਼ਮੇਨੀ ਨੇ ਦੁਸ਼ਮਣ ਦੇਸ਼ਾਂ ਤੋਂ ਹਰਜਾਨੇ ਦੀ ਮੰਗ ਕੀਤੀ ਹੈ। ਨਾਲ ਹੀ ਕਿਹਾ ਕਿ ਜੇਕਰ ਮੁਆਵਜ਼ਾ ਦੇਣ ਤੋਂ ਇਨਕਾਰ ਕੀਤਾ ਗਿਆ, ਤਾਂ ਈਰਾਨ ਦੁਸ਼ਮਣ ਦੀ ਓਨੀ ਜਾਇਦਾਦ ਜ਼ਬਤ ਕਰ ਲਵੇਗਾ, ਜਿੰਨੀ ਉਹ ਖ਼ੁਦ ਤੈਅ ਕਰੇਗਾ। ਉਨ੍ਹਾਂ ਇਹ ਚੇਤਾਵਨੀ ਵੀ ਦਿੱਤੀ ਕਿ ਜੇਕਰ ਜਾਇਦਾਦ ਜ਼ਬਤ ਕਰਨਾ ਸੰਭਵ ਨਾ ਹੋਇਆ, ਤਾਂ ਉਹ ਉਸ ਦੀ ਓਨੀ ਹੀ ਜਾਇਦਾਦ ਨੂੰ ਤਬਾਹ ਕਰ ਦੇਣਗੇ। ਖ਼ਮੇਨੀ ਨੇ ਜੰਗ ਵਿਚ ਮਾਰੇ ਗਏ ਲੋਕਾਂ ਦੇ ਖ਼ੂਨ ਦਾ ਬਦਲਾ ਲੈਣ ਦੀ ਵੀ ਸਹੁੰ ਖਾਧੀ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਤਹਿਰਾਨ ਆਪਣੇ ਸ਼ਹੀਦਾਂ ਦੇ ਖ਼ੂਨ ਦਾ ਬਦਲਾ ਜ਼ਰੂਰ ਲਵੇਗਾ। ਇੱਕ ਮਹਿਲਾ ਐਂਕਰ ਨੇ ਉਸਦਾ ਸੁਨੇਹਾ ਪੜ੍ਹਿਆ। ਸੁਨੇਹੇ ਅਨੁਸਾਰ ਜੇ ਲੋੜ ਪਈ, ਤਾਂ ਈਰਾਨ ਹੋਰ ਮੋਰਚੇ ਖੋਲ੍ਹ ਸਕਦਾ ਹੈ। ਈਰਾਨ ਆਪਣੇ ਗੁਆਂਢੀਆਂ ਨਾਲ ਚੰਗੇ ਸਬੰਧ ਚਾਹੁੰਦਾ ਹੈ। ਇਹ ਸਿਰਫ਼ ਉਨ੍ਹਾਂ ਟਿਕਾਣਿਆਂ 'ਤੇ ਹਮਲਾ ਕਰੇਗਾ, ਜਿੱਥੋਂ ਉਸ 'ਤੇ ਹਮਲਾ ਕੀਤਾ ਜਾਂਦਾ ਹੈ।

ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਗਾਤਾਰ ਇਹ ਦਾਅਵਾ ਕਰ ਰਹੇ ਹਨ ਕਿ ਈਰਾਨ ਵਿਰੁੱਧ ਸ਼ੁਰੂ ਹੋਈ ਜੰਗ ਹੁਣ ਆਪਣੇ ਆਖਰੀ ਦੌਰ ਵਿਚ ਹੈ। ਇਸ ਦੇ ਨਾਲ ਹੀ ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਦਾਅਵਾ ਕੀਤਾ ਹੈ ਕਿ ਮੁਜਤਬਾ ਖ਼ਮੇਨੀ ਅਮਰੀਕੀ ਹਮਲਿਆਂ ਕਾਰਨ ਜ਼ਖ਼ਮੀ ਹੋ ਗਏ ਹਨ ਅਤੇ ਉਨ੍ਹਾਂ ਨੂੰ ਲੁਕਣ ਲਈ ਮਜਬੂਰ ਹੋਣਾ ਪਿਆ ਹੈ।

ਈਰਾਨ ਦੇ ਵਿਦੇਸ਼ ਮੰਤਰੀ ਸਈਅਦ ਅੱਬਾਸ ਅਰਾਗਚੀ ਨੇ ਸਪੱਸ਼ਟ ਕੀਤਾ ਹੈ ਕਿ ਈਰਾਨ ਅਮਰੀਕਾ ਨਾਲ ਕਿਸੇ ਵੀ ਤਰ੍ਹਾਂ ਦੀ ਜੰਗਬੰਦੀ ਜਾਂ ਗੱਲਬਾਤ ਦੀ ਮੰਗ ਨਹੀਂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਈਰਾਨ ਉਦੋਂ ਤੱਕ ਆਪਣੀ ਰੱਖਿਆ ਜਾਰੀ ਰੱਖੇਗਾ, ਜਦੋਂ ਤੱਕ ਟਰੰਪ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਇਹ ਇੱਕ ਗ਼ੈਰ-ਕਾਨੂੰਨੀ ਜੰਗ ਹੈ। ਈਰਾਨ ਦੇ ਇਸ ਹਮਲਾਵਰ ਰੁਖ ਨੇ ਸੰਕੇਤ ਦਿੱਤਾ ਹੈ ਕਿ ਮੱਧ ਪੂਰਬ ਵਿਚ ਸੰਕਟ ਫਿਲਹਾਲ ਥਮਣ ਵਾਲਾ ਨਹੀਂ ਹੈ, ਭਾਵੇਂ ਅਮਰੀਕਾ ਜਿੱਤ ਦੇ ਦਾਅਵੇ ਕਿਉਂ ਨਾ ਕਰ ਰਿਹਾ ਹੋਵੇ।




# ਕਿਮ ਜੌਂਗ ਵੱਲੋਂ ਰਾਕੇਟ ਲਾਂਚ ਪ੍ਰਣਾਲੀ ਦੇ ਪਰੀਖਣ ਦਾ ਨਿਰੀਖਣ

■ ਅਮਰੀਕਾ ਅਤੇ ਦੱਖਣੀ ਕੋਰੀਆ ਦੀਆਂ ਚੱਲ ਰਹੀਆਂ ਫੌਜੀ ਮਸ਼ਕਾਂ ਦੇ ਜਵਾਬ 'ਚ ਕੀਤੀ ਕਾਰਵਾਈ

**ਸਿਓਲ, (ਪੰਜਾਬ ਮੇਲ)**- ਉੱਤਰੀ ਕੋਰੀਆ ਦੇ ਨੇਤਾ ਕਿਮ ਜੌਂਗ ਉਨ ਨੇ ਆਪਣੀ ਅੱਲ੍ਹੜ ਉਮਰ ਧੀ ਦੇ ਨਾਲ ਕਈ ਰਾਕੇਟ ਲਾਂਚ ਪ੍ਰਣਾਲੀਆਂ ਦੇ ਲਾਈਵ-ਫਾਇਰ ਪਰੀਖਣ ਦਾ ਨਿਰੀਖਣ ਕੀਤਾ। ਜਾਣਕਾਰੀ ਮੁਤਾਬਕ ਇਹ ਕਾਰਵਾਈ ਸੰਭਾਵੀ ਤੌਰ 'ਤੇ ਅਮਰੀਕਾ ਅਤੇ ਦੱਖਣੀ ਕੋਰੀਆ ਦੀਆਂ ਚੱਲ ਰਹੀਆਂ ਜੰਗੀ ਮਸ਼ਕਾਂ ਦੇ ਜਵਾਬ ਵਜੋਂ ਕੀਤੀ ਗਈ ਹੈ, ਜਿਸ ਨੂੰ ਉੱਤਰੀ ਕੋਰੀਆ ਹਮਲੇ ਦੀ ਤਿਆਰੀ ਵਜੋਂ ਦੇਖਦਾ ਹੈ।

ਸਰਕਾਰੀ ਕੋਰੀਅਨ ਸੈਂਟਰਲ ਨਿਊਜ਼ ਏਜੰਸੀ ਨੇ ਦੱਸਿਆ ਕਿ ਕਿਮ ਨੇ ਸ਼ਨਿੱਚਰਵਾਰ ਨੂੰ ਉੱਤਰੀ ਕੋਰੀਆ ਦੇ ਪੂਰਬੀ ਸਾਹਿਲ 'ਤੇ 600 ਐੱਮ.ਐੱਮ.-ਸਮਰੱਥਾ ਦੇ ਬਹੁਤ ਹੀ ਸਟੀਕ ਰਾਕੇਟ ਲਾਂਚਰਾਂ ਨਾਲ ਜੁੜੀਆਂ ਮਸ਼ਕਾਂ ਨੂੰ ਦੇਖਿਆ।



*ਰਾਕੇਟ ਲਾਂਚ ਪ੍ਰਣਾਲੀਆਂ ਦੇ ਲਾਈਵ-ਫਾਇਰ ਟੈਸਟ ਦਾ ਨਿਰੀਖਣ ਕਰਨ ਪੁੱਜੇ ਉੱਤਰੀ ਕੋਰੀਆ ਦੇ ਨੇਤਾ ਕਿਮ ਜੌਂਗ ਤੇ ਉਨ੍ਹਾਂ ਦੀ ਧੀ।*

ਦੱਖਣੀ ਕੋਰੀਆ ਦੀ ਫੌਜ ਨੇ ਕਿਹਾ ਕਿ ਉਸ ਨੇ ਉੱਤਰੀ ਕੋਰੀਆ ਦੀ ਰਾਜਧਾਨੀ ਦੇ ਖੇਤਰ ਤੋਂ ਪੂਰਬੀ ਸਮੁੰਦਰ ਵੱਲ ਦਾਗ਼ੀਆਂ ਲਗਪਗ 10 ਬੈਲਿਸਟਿਕ ਮਿਜ਼ਾਈਲਾਂ ਦਾ ਪਤਾ ਲਗਾਇਆ ਹੈ। ਦੱਖਣੀ ਕੋਰੀਆ ਦੀ ਕੌਮੀ ਸੁਰੱਖਿਆ ਕੌਂਸਲ ਨੇ ਇਨ੍ਹਾਂ ਲਾਂਚਾਂ ਨੂੰ ਭੜਕਾਹਟ ਵਾਲੀ ਕਾਰਵਾਈ ਕਰਾਰ ਦਿੱਤਾ ਹੈ, ਜੋ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਉਨ੍ਹਾਂ ਮਤਿਆਂ ਦੀ ਉਲੰਘਣਾ ਕਰਦੀ ਹੈ, ਕਿਉਂ ਜੋ ਇਹ ਉੱਤਰੀ ਕੋਰੀਆ ਦੀਆਂ ਕਿਸੇ ਵੀ ਬੈਲਿਸਟਿਕ ਗਤੀਵਿਧੀਆਂ 'ਤੇ ਪਾਬੰਦੀ ਲਗਾਉਂਦੇ ਹਨ। ਕਿਮ ਨੇ ਕਿਹਾ ਕਿ ਇਹ ਪਰੀਖਣ 420 ਕਿਲੋਮੀਟਰ (260 ਮੀਲ) ਦੀ ਮਾਰਕ ਸਮਰੱਥਾ ਦੇ ਅੰਦਰ ਦੁਸ਼ਮਣਾਂ ਵਿਚ ਬੇਚੈਨੀ ਪੈਦਾ ਕਰਨਗੇ ਤੇ ਉਨ੍ਹਾਂ ਨੂੰ ਤਕਨੀਕੀ ਪਰਮਾਣੂ ਹਥਿਆਰਾਂ ਦੀ ਤਬਾਹਕੁੰਨ ਸ਼ਕਤੀ ਬਾਰੇ ਡੂੰਘੀ ਸਮਝ ਦੇਣਗੀਆਂ। ਉਹ ਸਪੱਸ਼ਟ ਤੌਰ 'ਤੇ ਦੱਖਣੀ ਕੋਰੀਆ ਅਤੇ ਉੱਥੇ ਤਾਇਨਾਤ ਅਮਰੀਕੀ ਸੈਨਿਕਾਂ ਦਾ ਹਵਾਲਾ ਦੇ ਰਹੇ ਸਨ।

# ਤੇਲ ਤੋਂ ਬਾਅਦ ਹੁਣ ਰੂਸ ਵੱਲੋਂ ਭਾਰਤ ਨੂੰ ਐੱਲ.ਐੱਨ.ਜੀ. ਸਪਲਾਈ ਦੀ ਪੇਸ਼ਕਸ਼



**ਮਾਸਕੋ/ਨਵੀਂ ਦਿੱਲੀ, (ਪੰਜਾਬ ਮੇਲ)**- ਮੱਧ ਪੂਰਬ ਵਿਚ ਜਾਰੀ ਜੰਗ ਅਤੇ ਭਾਰਤ ਵਿਚ ਗੈਸ-ਸਿਲੰਡਰਾਂ ਦੀ ਹੋ ਰਹੀ ਕਿੱਲਤ ਦੇ ਵਿਚਕਾਰ ਰੂਸ ਇੱਕ ਵਾਰ ਫਿਰ ਭਾਰਤ ਲਈ 'ਸੰਕਟਮੋਚਕ' ਬਣ ਕੇ ਸਾਹਮਣੇ ਆਇਆ ਹੈ। ਰੂਸ ਨੇ ਭਾਰਤ ਨੂੰ ਐੱਲ.ਐੱਨ.ਜੀ. (ਲਿਕੁਈਫਾਈਡ ਨੈਚੂਰਲ ਗੈਸ) ਦੀ ਸਪਲਾਈ ਦੇਣ ਦੀ ਵੱਡੀ ਪੇਸ਼ਕਸ਼ ਕੀਤੀ ਹੈ, ਜੋ ਕਿ ਦੇਸ਼ ਵਿਚ ਵਧ ਰਹੇ ਊਰਜਾ ਸੰਕਟ ਨੂੰ ਹੱਲ ਕਰਨ ਵਿਚ ਮਦਦਗਾਰ ਸਾਬਤ ਹੋ ਸਕਦੀ ਹੈ।

ਭਾਰਤ ਵਿਚ ਰੂਸ ਦੇ ਰਾਜਦੂਤ ਡੇਨਿਸ ਅਲੀਪੋਵ ਨੇ ਇੱਕ ਇੰਟਰਵਿਊ ਦੌਰਾਨ ਕਿਹਾ ਹੈ ਕਿ ਰੂਸ ਭਾਰਤ ਨੂੰ ਸਿੱਧੇ ਤੌਰ 'ਤੇ ਐੱਲ.ਐੱਨ.ਜੀ. ਸਪਲਾਈ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਪੱਛਮੀ ਦੇਸ਼ਾਂ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਕਾਰਨ ਪਿਛਲੇ ਕਰਾਰਾਂ ਵਿਚ ਰੁਕਾਵਟ ਆਈ ਸੀ, ਪਰ ਹੁਣ ਰੂਸ ਭਾਰਤ ਨੂੰ ਗੈਸ ਭੇਜਣ ਲਈ ਨਵੇਂ ਕੂਟਨੀਤਕ ਰਸਤੇ ਤਲਾਸ਼ ਰਿਹਾ ਹੈ।

ਜ਼ਿਕਰਯੋਗ ਹੈ ਕਿ ਭਾਰਤੀ ਕੰਪਨੀ GAIL ਨੇ ਰੂਸ ਦੀ ਸਰਕਾਰੀ ਕੰਪਨੀ ਗਜ਼ਪ੍ਰੋਮ ਨਾਲ 20 ਸਾਲਾਂ ਲਈ ਇੱਕ ਲੰਬਾ ਕਰਾਰ ਕੀਤਾ ਸੀ। ਇਸ ਸਮਝੌਤੇ ਤਹਿਤ ਰੂਸ ਨੇ ਹਰ ਸਾਲ 25 ਲੱਖ ਟਨ ਐੱਲ.ਐੱਨ.ਜੀ. ਦੀ ਸਪਲਾਈ ਕਰਨੀ ਸੀ। ਪਰ ਯੂਕਰੇਨ ਜੰਗ ਤੋਂ ਬਾਅਦ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਕਾਰਨ ਇਹ ਸਪਲਾਈ ਰੁਕ ਗਈ ਸੀ। ਹੁਣ ਈਰਾਨ-ਇਜ਼ਰਾਈਲ ਜੰਗ ਦੌਰਾਨ ਜਦੋਂ ਭਾਰਤ ਵਿਚ ਊਰਜਾ ਦੀ ਮੰਗ ਵਧੀ ਹੈ, ਤਾਂ ਰੂਸ ਨੇ ਮੁੜ ਮਦਦ ਦਾ ਹੱਥ ਵਧਾਇਆ ਹੈ।

ਰੂਸੀ ਰਾਜਦੂਤ ਨੇ ਭਾਰਤ ਵੱਲੋਂ ਰੂਸੀ ਤੇਲ ਦੀ ਖਰੀਦ ਦਾ ਜ਼ੋਰਦਾਰ ਬਚਾਅ ਕਰਦਿਆਂ ਅਮਰੀਕਾ ਸਮੇਤ ਹੋਰ ਦੇਸ਼ਾਂ ਨੂੰ ਕਰਾਰਾ ਜਵਾਬ ਦਿੱਤਾ ਹੈ। ਉਨ੍ਹਾਂ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦੇ ਸਟੈਂਡ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨਵੀਂ ਦਿੱਲੀ ਨੂੰ ਆਪਣੀਆਂ ਊਰਜਾ ਲੋੜਾਂ ਪੂਰੀਆਂ ਕਰਨ ਲਈ ਕਿਸੇ ਵੀ ਦੇਸ਼ ਤੋਂ ਇਜਾਜ਼ਤ ਲੈਣ ਦੀ ਲੋੜ ਨਹੀਂ ਹੈ।

ਰੂਸ ਤੋਂ ਗੈਸ ਦੀ ਸਪਲਾਈ ਸ਼ੁਰੂ ਹੋਣ ਨਾਲ ਭਾਰਤ ਦੇ ਨਾਗਰਿਕਾਂ ਨੂੰ ਵੱਡੀ ਰਾਹਤ ਮਿਲ ਸਕਦੀ ਹੈ। ਇਹ ਸੌਦਾ ਦੁਨੀਆਂ ਦੇ ਸਭ ਤੋਂ ਸਸਤੇ ਐੱਲ.ਐੱਨ.ਜੀ. ਸੌਦਿਆਂ ਵਿਚੋਂ ਇੱਕ ਮੰਨਿਆ ਜਾਂਦਾ ਹੈ, ਜਿਸ ਦੀ ਅੰਦਾਜ਼ਨ ਕੀਮਤ 20 ਸਾਲਾਂ ਲਈ 25 ਬਿਲੀਅਨ ਡਾਲਰ ਹੈ। ਅਜਿਹੇ ਸਮੇਂ ਵਿਚ ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿਚ ਤੇਲ ਅਤੇ ਗੈਸ ਦੀਆਂ ਕੀਮਤਾਂ ਅਸਮਾਨੀ ਚੜ੍ਹ ਰਹੀਆਂ ਹਨ, ਰੂਸ ਦੀ ਇਹ ਪੇਸ਼ਕਸ਼ ਭਾਰਤ ਲਈ ਇੱਕ ਰਣਨੀਤਕ ਜਿੱਤ ਵਜੋਂ ਦੇਖੀ ਜਾ ਰਹੀ ਹੈ।

# ਪਾਕਿਸਤਾਨੀ ਹਵਾਈ ਹਮਲੇ 'ਚ ਕਾਬੁਲ ਦਾ ਹਸਪਤਾਲ ਤਬਾਹ; 400 ਮੌਤਾਂ, 250 ਜ਼ਖਮੀ

**ਕਾਬੁਲ/ਇਸਲਾਮਾਬਾਦ, (ਪੰਜਾਬ ਮੇਲ)**-ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿਚ ਸੋਮਵਾਰ ਰਾਤ ਪਾਕਿਸਤਾਨੀ ਹਵਾਈ ਸੈਨਾ ਵੱਲੋਂ ਕੀਤੇ ਗਏ ਇੱਕ ਵੱਡੇ ਹਮਲੇ ਨੇ ਦੋਵਾਂ ਗੁਆਂਢੀ ਮੁਲਕਾਂ ਵਿਚਾਲੇ ਤਣਾਅ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ। ਅਫ਼ਗਾਨ ਤਾਲਿਬਾਨ ਸਰਕਾਰ ਦੇ ਬੁਲਾਰੇ ਹਮਦੁੱਲਾ ਫ਼ਿਤਰਤ ਨੇ ਦਾਅਵਾ ਕੀਤਾ ਹੈ ਕਿ ਇਸ ਹਮਲੇ ਵਿਚ ਇੱਕ ਨਸ਼ਾ ਛੁਡਾਊ ਹਸਪਤਾਲ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਵਿਚ ਮਰਨ ਵਾਲਿਆਂ ਦੀ ਗਿਣਤੀ 400 ਤੱਕ ਪਹੁੰਚ ਗਈ ਹੈ, ਜਦੋਂਕਿ 250 ਦੇ ਕਰੀਬ ਲੋਕ ਜ਼ਖ਼ਮੀ ਹੋਏ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ, ਕਾਬੁਲ ਸਥਿਤ 'ਓਮੀਦ' ਨਸ਼ਾ ਛੁਡਾਊ ਕੇਂਦਰ (2,000 ਬਿਸਤਰਿਆਂ ਵਾਲਾ ਹਸਪਤਾਲ) ਉੱਤੇ ਹੋਏ ਇਸ ਹਮਲੇ ਨੇ ਇਮਾਰਤ ਦੇ ਵੱਡੇ ਹਿੱਸੇ ਨੂੰ ਤਬਾਹ ਕਰ ਦਿੱਤਾ ਹੈ। ਤਾਲਿਬਾਨ ਦੇ ਮੁੱਖ ਬੁਲਾਰੇ ਜ਼ਬੀਉੱਲ੍ਹਾ ਮੁਜਾਹਿਦ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਸਾਂਝੀ ਕਰਦਿਆਂ ਕਿਹਾ ਕਿ ਹਮਲੇ ਸਮੇਂ



*ਕਾਬੁਲ ਵਿਚ ਇੱਕ ਧਮਾਕੇ ਤੋਂ ਬਾਅਦ ਉੱਠ ਰਿਹਾ ਧੂੰਆਂ, ਜਿਸਨੂੰ ਤਾਲਿਬਾਨ ਨੇ ਪਾਕਿਸਤਾਨੀ ਹਵਾਈ ਹਮਲਾ ਦੱਸਿਆ ਸੀ।*

ਹਸਪਤਾਲ ਵਿਚ ਸੈਂਕੜੇ ਮਰੀਜ਼ ਇਲਾਜ ਅਧੀਨ ਸਨ। ਸਥਾਨਕ ਟੈਲੀਵਿਜ਼ਨ ਚੈਨਲਾਂ ਵੱਲੋਂ ਦਿਖਾਈਆਂ ਤਸਵੀਰਾਂ ਵਿਚ ਦਮਕਲ ਵਿਭਾਗ ਦੀਆਂ ਟੀਮਾਂ ਇਮਾਰਤ ਦੇ ਮਲਬੇ ਵਿਚ ਲੱਗੀ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦੀਆਂ ਦਿਖਾਈ ਦਿੱਤੀਆਂ।

ਦੂਜੇ ਪਾਸੇ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੇ ਪ੍ਰਵਕਤਾ ਮੁਸ਼ੱਰਫ਼ ਜ਼ੈਦੀ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਪਾਕਿਸਤਾਨੀ ਸੂਚਨਾ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਫ਼ੌਜ ਨੇ ਸਿਰਫ਼ 'ਫ਼ੌਜੀ ਟਿਕਾਣਿਆਂ ਅਤੇ ਅੱਤਵਾਦੀਆਂ ਦੇ ਸਹਾਇਕ ਬੁਨਿਆਦੀ ਢਾਂਚੇ' ਨੂੰ ਨਿਸ਼ਾਨਾ ਬਣਾਇਆ ਹੈ। ਪਾਕਿਸਤਾਨ ਅਨੁਸਾਰ ਇਹ ਟਿਕਾਣੇ ਪਾਕਿਸਤਾਨੀ ਨਾਗਰਿਕਾਂ ਵਿਰੁੱਧ ਹਮਲਿਆਂ ਲਈ ਵਰਤੇ ਜਾ ਰਹੇ ਸਨ। ਉਨ੍ਹਾਂ ਤਾਲਿਬਾਨ ਦੇ ਦਾਅਵਿਆਂ ਨੂੰ 'ਗੁੰਮਰਾਹਕੁੰਨ' ਕਰਾਰ ਦਿੰਦਿਆਂ ਕਿਹਾ ਕਿ ਇਹ ਕਾਰਵਾਈ ਬਹੁਤ ਸਟੀਕ ਸੀ, ਤਾਂ ਜੋ ਕੋਈ ਵੀ ਜਾਨੀ ਨੁਕਸਾਨ ਨਾ ਹੋਵੇ।

ਜ਼ਿਕਰਯੋਗ ਹੈ ਕਿ ਪਿਛਲੇ ਤਿੰਨ ਹਫ਼ਤਿਆਂ ਤੋਂ ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੀ ਇਹ ਲੜਾਈ ਹੁਣ 'ਖੁੱਲ੍ਹੀ ਜੰਗ' ਦਾ ਰੂਪ ਧਾਰਦੀ ਜਾ ਰਹੀ ਹੈ। ਪਾਕਿਸਤਾਨੀ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ ਕਿਹਾ ਕਿ ਤਾਲਿਬਾਨ ਵੱਲੋਂ ਡਰੋਨ ਹਮਲੇ ਕਰਕੇ 'ਰੈੱਡ ਲਾਈਨ' ਪਾਰ ਕੀਤੀ ਗਈ ਹੈ। ਦੂਜੇ ਪਾਸੇ, ਅਫ਼ਗਾਨਿਸਤਾਨ ਦੇ ਉਪ-ਪ੍ਰਧਾਨ ਮੰਤਰੀ ਅਬਦੁਲ ਸਲਾਮ ਹਨਫੀ ਨੇ ਕਿਹਾ ਕਿ ਅਫ਼ਗਾਨਿਸਤਾਨ 'ਤੇ ਜੰਗ ਥੋਪੀ ਗਈ ਹੈ ਅਤੇ ਆਪਣੀ ਪ੍ਰਭੁਸੱਤਾ ਦੀ ਰੱਖਿਆ ਕਰਨਾ ਹਰ ਨਾਗਰਿਕ ਦਾ ਫ਼ਰਜ਼ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਈਰਾਨ ਜੰਗ; ਯੂ.ਏ.ਈ. 'ਚ ਗੁੰਮਰਾਹਕੁੰਨ ਵੀਡੀਓ ਕਲਿੱਪ ਪ੍ਰਸਾਰਿਤ ਕਰਨ ਵਾਲੇ 10 ਵਿਅਕਤੀ ਗ੍ਰਿਫ਼ਤਾਰ

**ਦੁਬਈ, (ਪੰਜਾਬ ਮੇਲ)**- ਈਰਾਨ 'ਚ ਜਾਰੀ ਜੰਗ ਨੂੰ ਲੈ ਕੇ ਖੇਤਰੀ ਤਣਾਅ ਵਿਚਕਾਰ ਸੰਯੁਕਤ ਅਰਬ ਅਮੀਰਾਤ (ਯੂ.ਏ.ਈ) ਨੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਗੁੰਮਰਾਹਕੁੰਨ ਅਤੇ ਮਨਘੜਤ ਸਮੱਗਰੀ ਵਾਲੇ ਵੀਡੀਓ ਕਲਿੱਪ ਪ੍ਰਸਾਰਿਤ ਕਰਨ ਲਈ ਵੱਖ-ਵੱਖ ਦੇਸ਼ਾਂ ਦੇ 10 ਨਾਗਰਿਕਾਂ ਨੂੰ ਗ੍ਰਿਫਤਾਰ ਕਰਨ ਅਤੇ ਤੁਰੰਤ ਮੁਕੱਦਮਾ ਚਲਾਉਣ ਦਾ ਹੁਕਮ ਦਿੱਤਾ ਹੈ। ਇੱਕ ਬਿਆਨ ਵਿਚ ਯੂ.ਏ.ਈ ਦੇ ਅਟਾਰਨੀ ਜਨਰਲ ਡਾ. ਹਮਦ ਸੈਫ ਅਲ ਸ਼ਮਸੀ ਨੇ ਕਿਹਾ ਕਿ ਇਹ ਕਾਰਵਾਈ ਖੇਤਰੀ ਵਿਕਾਸ ਦੇ ਮੱਦੇਨਜ਼ਰ ਡਿਜ਼ੀਟਲ ਪਲੇਟਫਾਰਮਾਂ ਦੀ ਨਿਰੰਤਰ ਨਿਗਰਾਨੀ ਤੋਂ ਬਾਅਦ ਕੀਤੀ ਗਈ ਸੀ।

ਅਟਾਰਨੀ ਜਨਰਲ ਨੇ ਦੋਸ਼ੀਆਂ ਦੀ ਕੌਮੀਅਤ ਦਾ ਖੁਲਾਸਾ ਨਹੀਂ ਕੀਤਾ। ਉਨ੍ਹਾਂ ਕਿਹਾ, "ਅਜਿਹੀਆਂ ਘਟਨਾਵਾਂ ਦਾ ਫਾਇਦਾ ਜਨਤਾ ਨੂੰ ਜਾਣਬੁੱਝ ਕੇ ਗੁੰਮਰਾਹ ਕਰਨ ਅਤੇ



ਰਾਸ਼ਟਰੀ ਸੁਰੱਖਿਆ, ਵਿਵਸਥਾ ਅਤੇ ਸਥਿਰਤਾ ਨੂੰ ਕਮਜ਼ੋਰ ਕਰਨ ਦੇ ਉਦੇਸ਼ ਨਾਲ ਗਲਤ ਜਾਣਕਾਰੀ ਫੈਲਾਉਣ ਲਈ ਕੀਤਾ ਜਾ ਰਿਹਾ ਹੈ।" ਡਾ. ਅਲ ਸ਼ਮਸੀ ਨੇ ਕਿਹਾ ਕਿ ਦੋਸ਼ੀ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਕੇ ਬਣਾਈ ਗਈ ਵੀਡੀਓ ਫੁਟੇਜ ਪ੍ਰਸਾਰਿਤ ਕੀਤੀ, ਜੋ ਯੂ.ਏ.ਈ. ਦੇ ਵੱਖ-ਵੱਖ ਖੇਤਰਾਂ ਵਿਚ ਵਿਸਫੋਟਾਂ, ਪ੍ਰਮੁੱਖ ਸਥਾਨਾਂ 'ਤੇ ਹਮਲੇ ਜਾਂ ਧੂੰਏਂ ਦੇ ਨਾਲ ਵੱਡੇ ਪੱਧਰ 'ਤੇ ਅੱਗ ਲੱਗਣ ਦਾ ਝੂਠਾ ਸੁਝਾਅ ਦਿੰਦੇ ਸਨ। ਉਨ੍ਹਾਂ ਨੇ ਕਿਹਾ, "ਕੁਝ ਫੁਟੇਜ ਵਿਚ ਦੇਸ਼ ਦੇ ਅੰਦਰ ਫੌਜੀ ਠਿਕਾਣਿਆਂ ਦੀ ਤਬਾਹੀ ਨੂੰ ਦਿਖਾਉਣ ਜਾਂ ਵਿਦੇਸ਼ੀ ਘਟਨਾਵਾਂ ਨੂੰ ਯੂ.ਏ.ਈ. ਦੇ ਸਥਾਨਾਂ ਨਾਲ ਜੋੜਨ ਦਾ ਦਾਅਵਾ ਕੀਤਾ ਗਿਆ ਸੀ। ਇਨ੍ਹਾਂ ਦਾ ਉਦੇਸ਼ ਲੋਕਾਂ ਨੂੰ ਗੁੰਮਰਾਹ ਕਰਨਾ ਅਤੇ ਡਰ ਫੈਲਾਉਣਾ ਸੀ"। ਉਸਦੇ ਅਨੁਸਾਰ, ਜਨਤਕ ਮੁਕੱਦਮੇ ਨੇ ਦੋਸ਼ੀਆਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ ਅਤੇ ਉਨ੍ਹਾਂ ਨੂੰ ਹਿਰਾਸਤ ਵਿਚ ਲੈਣ ਦਾ ਹੁਕਮ ਦਿੱਤਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਮਨੁੱਖ ਤੇ ਮਨੁੱਖਤਾ ਵਿਰੁੱਧ : ਯੁੱਧ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲUSA




ਦੂਜੇ ਸੰਸਾਰ ਮਹਾਂਯੁੱਧ ਸਮੇਂ ਅਮਰੀਕਾ ਦੇ ਮਸ਼ਹੂਰ ਸੈਨਿਕ ਜਨਰਲ ਡਵਾਈਟ ਡੀ. ਆਇਜ਼ਨਹਾਵਰ, ਜੋ ਬਾਅਦ ਵਿਚ ਅਮਰੀਕਾ ਦੇ 34ਵੇਂ ਰਾਸ਼ਟਰਪਤੀ ਵੀ ਬਣੇ, ਨੇ ਕਿਹਾ ਸੀ ਕਿ ਯੁੱਧ ਅੱਤਿਆਚਾਰੀ, ਬੇਅਰਥ ਅਤੇ ਬੇਵਕੂਫ਼ੀ ਭਰਿਆ ਹੁੰਦਾ ਹੈ। ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ ਦੇ ਵਿਰੁੱਧ 28 ਫਰਵਰੀ 2026 ਨੂੰ ਬਿਨਾਂ ਸੋਚੇ ਸਮਝੇ ਯੁੱਧ ਸ਼ੁਰੂ ਕੀਤਾ ਗਿਆ ਹੈ। ਇਸ ਯੁੱਧ ਦੇ ਨਤੀਜੇ ਦੁਨੀਆਂ ਨੂੰ ਲੰਮੇ ਸਮੇਂ ਤੱਕ ਭੁਗਤਣੇ ਪੈਣਗੇ।

ਦੋ ਹਫ਼ਤਿਆਂ ਦੇ ਇਸ ਭਿਆਨਕ ਯੁੱਧ ਵਿਚ ਇਰਾਨ ਤਬਾਹ ਹੋਇਆ ਲੱਗਦਾ ਹੈ, ਪਰ ਕੀ ਇਰਾਨ ਯੁੱਧ ਹਾਰ ਗਿਆ ਹੈ ? ਯੁੱਧ ਦੇ ਪਹਿਲੇ ਦਿਨ ਹੀ ਇਰਾਨ ਦਾ ਪ੍ਰਮੁੱਖ ਆਯਤੁੱਲਾ ਅਲੀ ਖਾਮਨੇਈ ਸਮੇਤ ਉਸਦੇ ਕਈ ਉੱਚ ਕੋਟੀ ਦੇ ਸਾਥੀ ਸਮੇਤ ਮਾਰਿਆ ਗਿਆ। ਪਰ ਵੱਡੀ ਤੇਜ਼ੀ ਨਾਲ ਇਰਾਨ ਨੇ ਆਪਣਾ ਨਵਾਂ ਨੇਤਾ ਚੁਣ ਲਿਆ। ਹੁਣ ਤੱਕ ਹਜ਼ਾਰਾਂ ਇਰਾਨੀ ਮਾਰੇ ਗਏ ਹਨ ਅਤੇ ਦਸ ਹਜ਼ਾਰ ਤੋਂ ਵੱਧ ਜ਼ਖ਼ਮੀ ਹੋਏ ਹਨ।

ਇੱਕ ਅਮਰੀਕੀ ਟੋਮਹਾਕ ਮਿਜ਼ਾਈਲ ਇੱਕ ਇਰਾਨੀ ਸਕੂਲ ਉੱਤੇ ਡਿੱਗੀ, ਜਿਸ ਵਿਚ 168 ਬੱਚੇ ਅਤੇ 14 ਅਧਿਆਪਕ ਮਾਰੇ ਗਏ। ਆਖ਼ਿਰ ਉਨ੍ਹਾਂ ਦਾ ਕੀ ਕਸੂਰ ਸੀ ?

ਇਜ਼ਰਾਇਲ ਨੇ ਅਮਰੀਕਾ ਨੂੰ ਉਕਸਾਇਆ ਕਿ ਇਰਾਨ ਨੇ ਵੱਡੀ ਮਾਤਰਾ ਵਿਚ ਯੂਰੇਨੀਅਮ ਇਕੱਠਾ ਕਰ ਲਿਆ ਹੈ ਅਤੇ ਉਸਨੇ ਪਰਮਾਣੂ ਹਥਿਆਰਾਂ ਦੇ ਨਿਰਮਾਣ ਨੂੰ ਲਗਭਗ ਪੂਰਾ ਕਰ ਲਿਆ ਹੈ।

ਇਸ ਸਬੰਧ ਵਿਚ ਕਤਰ ਦੇਸ਼ ਨੇ ਗੱਲਬਾਤ ਲਈ ਭੂਮਿਕਾ ਨਿਭਾਉਣ ਦਾ ਯਤਨ ਕੀਤਾ। ਓਮਾਨ ਦੇ ਵਿਦੇਸ਼ ਮੰਤਰੀ ਨੇ ਵਾਸ਼ਿੰਗਟਨ ਪਹੁੰਚ ਕੇ ਇਰਾਨ ਦਾ ਇਹ ਵਾਇਦਾ ਅਮਰੀਕਾ ਦੇ ਰਾਸ਼ਟਰਪਤੀ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਕਿ ਇਰਾਨ ਯੂਰੇਨੀਅਮ ਦਾ ਕੋਈ ਭੰਡਾਰਨ ਨਾ ਰੱਖਣ ਲਈ ਸਹਿਮਤ ਹੋ ਗਿਆ ਹੈ ਅਤੇ ਉਸਨੇ ਕਦੇ ਵੀ ਪਰਮਾਣੂ ਹਥਿਆਰ ਨਾ ਰੱਖਣ ਦੀ ਕਸਮ ਖਾਧੀ ਹੈ। ਪਰ ਇਸ ਵਾਇਦੇ ਨੂੰ ਦਰਕਿਨਾਰ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਚਾਨਕ ਗੱਲਬਾਤ ਖ਼ਤਮ ਕਰ ਦਿੱਤੀ ਅਤੇ ਇਰਾਨ ਉੱਤੇ ਹਮਲੇ ਦਾ ਹੁਕਮ ਚਾੜ੍ਹ ਦਿੱਤਾ। ਕੀ ਇਹ ਜਾਇਜ਼ ਹੈ ?

ਅਮਰੀਕਾ, ਇਜ਼ਰਾਇਲ ਅਤੇ ਇਰਾਨ ਦੇ ਦਰਮਿਆਨ ਚੱਲ ਰਹੇ ਇਸ ਯੁੱਧ ਦੇ ਪਿੱਛੇ ਸਿਰਫ਼ ਪਰਮਾਣੂ ਹਥਿਆਰ ਰੱਖਣ ਦੀ ਗੱਲ ਹੀ ਨਹੀਂ ਹੈ, ਸਗੋਂ ਨਸਲੀ ਅਤੇ ਧਾਰਮਿਕ ਭਾਵਨਾਵਾਂ ਵੀ ਕੰਮ ਕਰ ਰਹੀਆਂ ਹਨ। ਇਜ਼ਰਾਇਲ ਇੱਕ ਸਾਮਰਾਜਵਾਦੀ ਦੇਸ਼ ਦੇ ਰੂਪ ਵਿਚ ਦੁਨੀਆਂ ਸਾਹਮਣੇ ਆਇਆ ਹੈ। ਇਸ ਵੇਲੇ ਅਮਰੀਕਾ ਉਨ੍ਹਾਂ ਸਾਰੇ ਸਿਧਾਂਤਾਂ ਨੂੰ ਛਿੱਕੇ ਟੰਗ ਕੇ, ਜਿਨ੍ਹਾਂ ਉੱਤੇ ਉਸ ਦੀ ਨੀਂਹ ਰੱਖੀ ਗਈ ਸੀ, ਇਜ਼ਰਾਇਲ ਨਾਲ ਰਲ ਕੇ ਵਿਸਥਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਦੇ ਰਾਹ ਪੈ ਗਿਆ ਹੈ। ਦੁਨੀਆਂ ਭਰ ਵਿਚ ਹਥਿਆਰਾਂ ਦਾ ਵੱਡਾ ਵਪਾਰੀ ਅਤੇ ਹੈਂਕੜਬਾਜ਼ ਥਾਣੇਦਾਰ ਵਜੋਂ ਵੀ ਉਸਦੀ ਵੱਡੀ ਭੂਮਿਕਾ ਹੈ।

ਪਰ ਸਵਾਲ ਇਹ ਹੈ ਕਿ ਅਮਰੀਕਾ ਨੇ ਵੀਅਤਨਾਮ ਨਾਲ ਯੁੱਧ ਲੜ ਕੇ ਕੀ ਪ੍ਰਾਪਤ ਕੀਤਾ ਸੀ ? ਉੱਥੇ ਲੰਮਾ ਯੁੱਧ ਚੱਲਿਆ ਅਤੇ ਅਖ਼ੀਰ ਅਮਰੀਕਾ ਨੂੰ ਵੀਅਤਨਾਮ ਦੇ ਲੋਕਾਂ ਦੇ ਦ੍ਰਿੜ੍ਹ ਵਿਸ਼ਵਾਸ ਕਾਰਨ ਉੱਥੋਂ ਵਾਪਸ ਮੁੜਨਾ ਪਿਆ। ਰੂਸ ਨੇ ਚਾਰ ਸਾਲ ਪਹਿਲਾਂ ਯੂਕਰੇਨ ਉੱਤੇ ਹਮਲਾ ਕੀਤਾ, ਪਰ ਉਹ ਹੁਣ ਤੱਕ ਯੁੱਧ ਜਿੱਤ ਨਹੀਂ ਸਕਿਆ। ਇਸ ਦੌਰਾਨ ਰੂਸ ਉੱਤੇ ਕਰਜ਼ੇ ਦਾ ਬੋਝ ਵਧਿਆ, ਤੇਲ ਤੋਂ ਹੋਣ ਵਾਲੀ ਕਮਾਈ ਘੱਟ ਗਈ ਹੈ ਅਤੇ ਰੂਸੀ ਸੈਨਿਕਾਂ ਨੂੰ ਹੁਣ ਕਿਰਾਏ ਦੇ ਵਿਦੇਸ਼ੀ ਸੈਨਿਕਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ।

ਇਰਾਨ ਨਾਲ ਅਮਰੀਕੀ ਯੁੱਧ ਵੀ ਉਦੋਂ ਤੱਕ ਚੱਲੇਗਾ, ਜਿੰਨਾ ਚਿਰ ਤੱਕ ਅਮਰੀਕੀ ਮਸ਼ੀਨਾਂ ਕੰਮ ਕਰ ਰਹੀਆਂ ਹਨ। ਜਦ ਤੱਕ ਮਸ਼ੀਨਾਂ ਦੀ ਪੂਰਤੀ ਹੁੰਦੀ ਰਹੇਗੀ, ਅਮਰੀਕਾ ਆਪਣੀ ਜੰਗ ਜਾਰੀ ਰੱਖ ਸਕਦਾ ਹੈ। ਪਰ ਇਸ ਨਾਲ ਉਹ ਕਿਹੜੇ ਨਿਸ਼ਾਨੇ ਦੀ ਪੂਰਤੀ ਕਰ ਸਕੇਗਾ ? ਵੇਖਣ ਵਾਲੀ ਗੱਲ ਇਹ ਹੈ ਕਿ ਜਦੋਂ ਵੀ ਕੋਈ ਦੇਸ਼ ਯੁੱਧ ਸ਼ੁਰੂ ਕਰਦਾ ਹੈ, ਤਾਂ ਉਸ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਸਨੇ ਯੁੱਧ ਕਦੋਂ ਰੋਕਣਾ ਹੈ। ਇੱਕ ਗੱਲ ਜੋ ਸੋਲ੍ਹਾਂ ਆਨੇ ਸੱਚ ਹੈ- ਯੁੱਧ ਵਿਚ ਮਨੁੱਖਤਾ ਨੂੰ ਵੱਡੀ ਕੀਮਤ ਤਾਰਨੀ ਪੈਂਦੀ ਹੈ। ਇਸ ਕੀਮਤ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ।

ਅਸਲ 'ਚ ਇਹ ਯੁੱਧ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਹੈਂਕੜਬਾਜ਼ ਸੋਚ ਦਾ ਨਤੀਜਾ ਹੈ। ਜੇਕਰ ਸੋਚਿਆ ਜਾਵੇ ਤਾਂ ਅਮਰੀਕਾ ਦੇ ਕੋਲ ਇਹ



ਤੈਅ ਕਰਨ ਦਾ ਅਧਿਕਾਰ ਕਿਸ ਨੇ ਦਿੱਤਾ ਕਿ ਕਿਸ ਦੇਸ਼ ਕੋਲ ਪਰਮਾਣੂ ਹਥਿਆਰ ਹੋਣ ਚਾਹੀਦੇ ਹਨ ਅਤੇ ਕਿਸ ਕੋਲ ਨਹੀਂ ? ਸਵਾਲ ਇਹ ਵੀ ਉੱਠਦਾ ਹੈ ਕਿ ਕੀ ਅਮਰੀਕਾ ਭਾਰਤ, ਪਾਕਿਸਤਾਨ ਜਾਂ ਉੱਤਰੀ ਕੋਰੀਆ ਦੀ ਪਰਮਾਣੂ ਸਮਰੱਥਾ ਵਿਚ ਵੀ ਦਖ਼ਲ ਦੇ ਕੇ ਉਨ੍ਹਾਂ ਨੂੰ ਤਬਾਹ ਕਰਨ ਦਾ ਫ਼ੈਸਲਾ ਕਰੇਗਾ ? ਜੇਕਰ ਐਸਾ ਹੋਇਆ ਤਾਂ ਇਸ ਦਾ ਸਿੱਟਾ ਕੀ ਨਿਕਲੇਗਾ ?

ਜਿਸ ਖ਼ਤਰਨਾਕ ਸਥਿਤੀ ਵਿਚ ਅੱਜ ਦੁਨੀਆਂ ਇਸ ਜੰਗ ਕਾਰਨ ਫਸ ਚੁੱਕੀ ਹੈ, ਉਸ ਸਥਿਤੀ ਵਿਚੋਂ ਬਾਹਰ ਨਿਕਲਣਾ ਮੁਸ਼ਕਲ ਜਾਪਦਾ ਹੈ। ਟਰੰਪ ਦੀ ਮਨਮਾਨੀ ਕਾਰਨ ਪੈਦਾ ਹੋਏ ਇਸ ਟਕਰਾਅ ਦੇ ਸਿੱਟੇ ਵਜੋਂ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ। ਅਮਰੀਕਾ ਵਿਚ ਮਹਿੰਗਾਈ ਵਧ ਗਈ ਹੈ। ਭਾਰਤ ਵਿਚ ਗੈਸ ਸਿਲੰਡਰਾਂ ਦੀ ਕਮੀ ਵੇਖਣ ਨੂੰ ਮਿਲ ਰਹੀ ਹੈ ਅਤੇ ਉਨ੍ਹਾਂ ਦੀਆਂ ਕੀਮਤਾਂ ਵੀ ਵਧ ਰਹੀਆਂ ਹਨ। ਇੱਥੋਂ ਤੱਕ ਕਿ ਸ਼ੇਅਰ ਬਾਜ਼ਾਰ ਵੀ ਡਿੱਗਦਾ ਨਜ਼ਰ ਆ ਰਿਹਾ ਹੈ।

ਇੱਕ ਅੰਦਾਜ਼ੇ ਮੁਤਾਬਕ ਇਸ ਯੁੱਧ ਉੱਤੇ ਹਰ ਦਿਨ ਅਰਬਾਂ ਡਾਲਰ ਖ਼ਰਚ ਹੋ ਰਹੇ ਹਨ। ਵਾਤਾਵਰਣ ਜਿਸ ਢੰਗ ਨਾਲ ਦੂਸ਼ਿਤ ਹੋ ਰਿਹਾ ਹੈ, ਉਸਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਲ ਹੈ। ਹਵਾਈ ਸਫ਼ਰ ਮਹਿੰਗਾ ਹੋ ਚੁੱਕਾ ਹੈ ਅਤੇ ਪੂਰੀ ਦੁਨੀਆਂ ਦਹਿਸ਼ਤ ਦੇ ਮਾਹੌਲ ਵਿਚ ਜਿਊ ਰਹੀ ਹੈ ਅਤੇ ਜੰਗ ਦੇ ਖਿਡਾਰੀ ਆਪਣੇ ਹਥਿਆਰ ਵੇਚ ਕੇ ਨਫ਼ਾ ਕਮਾ ਰਹੇ ਹਨ। ਪਰ ਇਹ ਕਦੋਂ ਤੱਕ ਸੰਭਵ ਹੈ ?

ਵੈਨਜ਼ੁਏਲਾ ਵਿਚ ਉਥੋਂ ਦੇ ਰਾਸ਼ਟਰਪਤੀ ਨੂੰ ਹਟਾਉਣ ਤੋਂ ਬਾਅਦ ਉਸਦੇ ਪੈਰ ਧਰਤੀ ਤੋਂ ਉੱਪਰ ਉੱਠੇ ਨਜ਼ਰ ਆਉਂਦੇ ਹਨ। ਟਰੰਪ ਨੇ ਸੋਚਿਆ ਤਾਂ ਇਹ ਸੀ ਕਿ ਇਰਾਨ ਦੇ ਖਾਮੀਨੀ ਨੂੰ ਮਾਰਨ ਤੋਂ ਬਾਅਦ ਇਰਾਨ ਗੋਡਿਆਂ ਭਾਰ ਹੋ ਜਾਏਗਾ, ਲਿਫ਼ ਜਾਏਗਾ, ਢਹਿ ਜਾਏਗਾ। ਪਰ ਇਰਾਨ ਨੇ ਜਿਸ ਢੰਗ ਨਾਲ ਅਮਰੀਕਾ-ਇਜ਼ਰਾਇਲ ਸੈਨਾ ਦਾ ਮੁਕਾਬਲਾ ਕੀਤਾ ਹੈ, ਉਸ ਤੋਂ ਇੰਝ ਲੱਗਦਾ ਹੈ ਕਿ ਟਰੰਪ ਇਸ ਨਵੇਂ ਯੁੱਧ ਦੀ ਦਲਦਲ ਵਿਚ ਫਸ ਗਏ ਹਨ, ਜਿੱਥੋਂ ਲੰਮਾ ਸਮਾਂ ਸ਼ਾਇਦ ਉਹ ਨਿਕਲ ਹੀ ਨਾ ਸਕਣ।

ਪੰਦਰਾਂ ਦਿਨਾਂ ਦੇ ਯੁੱਧ ਤੋਂ ਬਾਅਦ ਟਰੰਪ ਦੇ ਆਪਣੇ ਨਿਸ਼ਾਨੇ ਵਿਚ ਬਦਲਾਅ ਆ ਗਿਆ ਹੈ। ਉਸ ਦਾ ਧਿਆਨ ਇਰਾਨ ਦੇ ਪਰਮਾਣੂ ਹਥਿਆਰਾਂ ਦੇ ਖ਼ਾਤਮੇ ਤੋਂ ਹਟ ਕੇ ਇਰਾਨ ਦੀ ਸੈਨਿਕ ਸਮਰੱਥਾ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਵੱਲ, ਇਰਾਨ ਵਿਚ ਸੱਤਾ ਦੀ ਤਬਦੀਲੀ ਅਤੇ ਆਖ਼ਿਰਕਾਰ ਇਰਾਨ ਨੂੰ ਬਿਨਾਂ ਕਿਸੇ ਸ਼ਰਤ ਦੇ ਆਤਮ ਸਮਰਪਣ ਕਰਨ ਵੱਲ ਕੇਂਦਰਿਤ ਹੋ ਗਿਆ ਹੈ।

ਉਸ ਨੇ ਇਰਾਨ ਦੀ ਜਨਤਾ ਨੂੰ ਕਿਹਾ ਹੈ ਕਿ ਤੁਸੀਂ ਆਪਣੀ ਸਰਕਾਰ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਵੋ। ਇਹ ਤੁਹਾਡੀ ਸਾਰਿਆਂ ਦੀ ਸਰਕਾਰ ਹੋਵੇਗੀ। ਪਰ ਟਰੰਪ ਦੀਆਂ ਇਨ੍ਹਾਂ ਆਸਾਂ ਨੂੰ ਬੂਰ ਨਹੀਂ ਪਿਆ। ਉਸ ਦਾ ਇਹ ਬਿਆਨ ਬੇਅਸਰ ਰਿਹਾ।

ਬਿਨਾਂ ਸ਼ੱਕ ਇਰਾਨ ਵਿਚ ਕੱਟੜਪੰਥੀ ਇਸਲਾਮੀ ਨਿਜ਼ਾਮ ਰਾਜ ਕਰਦਾ ਹੈ। ਉਥੋਂ ਦੇ ਸਾਧੂ-ਸੰਤ ਧਰਮ ਅਤੇ ਮਜ਼ਹਬ ਦੇ ਦਾਇਰੇ ਵਿਚੋਂ ਨਿਕਲ ਕੇ ਸਿਆਸਤ ਅਤੇ ਸ਼ਾਸਨ ਵਿਚ ਦਖ਼ਲ ਦਿੰਦੇ ਹਨ, ਜਿਸ ਦਾ ਨਤੀਜਾ ਆਮ ਜਨਤਾ, ਖ਼ਾਸ ਕਰਕੇ ਇਰਾਨੀ ਔਰਤਾਂ ਨੂੰ ਭੁਗਤਣਾ ਪੈਂਦਾ ਹੈ। ਇਰਾਨ ਦੇ ਸ਼ਾਸਕਾਂ ਨੇ ਹਮਾਸ ਅਤੇ ਹਿਜ਼ਬੁੱਲਾ ਜਿਹੀਆਂ ਆਤੰਕੀ ਸੈਨਾਵਾਂ ਅਮਰੀਕਾ-ਇਜ਼ਰਾਇਲ ਵਰਗੇ ਮੁਲਕਾਂ ਵਿਰੁੱਧ ਲੜਨ ਲਈ ਤਿਆਰ ਕੀਤੀਆਂ ਹਨ। ਇਨ੍ਹਾਂ ਸੈਨਾਵਾਂ ਨੇ ਲਿਬਨਾਨ ਅਤੇ ਸੀਰੀਆ ਜਿਹੇ ਪ੍ਰਗਤੀਸ਼ੀਲ ਦੇਸ਼ਾਂ ਨੂੰ ਬਰਬਾਦ ਕੀਤਾ ਹੈ। ਪਿਛਲੇ ਮਹੀਨੇ ਜਦੋਂ ਇਰਾਨ ਦੇ ਆਮ ਲੋਕਾਂ ਨੇ ਸਰਕਾਰ ਦੇ ਵਿਰੁੱਧ ਪ੍ਰਦਰਸ਼ਨ ਕੀਤੇ, ਤਾਂ ਖਾਮੀਨੀ ਸਰਕਾਰ ਨੇ ਨਿਹੱਥੇ ਲੋਕਾਂ 'ਤੇ ਗੋਲੀਆਂ ਚਲਾਉਣ ਦੇ ਹੁਕਮ ਦਿੱਤੇ। ਕਿਹਾ ਜਾਂਦਾ ਹੈ ਕਿ ਇਸ ਅੰਦੋਲਨ ਦੌਰਾਨ 20 ਤੋਂ 30 ਹਜ਼ਾਰ ਲੋਕ ਮਾਰ ਦਿੱਤੇ ਗਏ।

ਪਰ ਇਸ ਸਭ ਕੁਝ ਦੇ ਦਰਮਿਆਨ ਅਮਰੀਕਾ-ਇਜ਼ਰਾਇਲ ਦਾ ਇਰਾਨ ਅਤੇ ਖਾੜੀ ਮੁਲਕਾਂ ਨੂੰ ਯੁੱਧ ਵਿਚ ਧੱਕਣਾ ਯੂ.ਐੱਨ.ਓ. ਦੇ ਚਾਰਟਰ ਦੇ ਆਰਟੀਕਲ 2(4), ਜੋ ਕਿ ਕਿਸੇ ਵੀ ਮੁਲਕ ਦੀ ਇਲਾਕਾਈ ਅਖੰਡਤਾ ਅਤੇ ਸਿਆਸੀ ਆਜ਼ਾਦੀ ਦੀ ਸੰਭਾਵਨਾ ਨੂੰ ਨਕਾਰਦਾ ਹੈ, ਦੀ ਸਿੱਧੀ ਉਲੰਘਣਾ ਹੈ।

ਇਜ਼ਰਾਇਲ 1948 ਵਿਚ ਬਰਤਾਨੀਆ ਅਤੇ ਅਮਰੀਕਾ ਸਮੇਤ ਹੋਰ ਸਮਰਾਜੀ ਸ਼ਕਤੀਆਂ ਵੱਲੋਂ ਫਲਸਤੀਨ ਦੀ ਧਰਤੀ 'ਤੇ ਕਬਜ਼ਾ ਕਰਕੇ ਹੋਂਦ ਵਿਚ ਲਿਆਂਦਾ ਗਿਆ ਸੀ। ਉਦੋਂ ਤੋਂ ਹੁਣ ਤੱਕ ਇਜ਼ਰਾਇਲ ਅਮਰੀਕਾ ਲਈ ਇੱਕ ਗੈਂਗਸਟਰ ਦੀ ਤਰ੍ਹਾਂ ਕੰਮ ਕਰ ਰਿਹਾ ਹੈ ਅਤੇ ਅਰਬ ਦੇਸ਼ਾਂ ਦੇ ਭੰਡਾਰਾਂ 'ਤੇ ਕਬਜ਼ਾ ਕਰਨ ਲਈ ਅਮਰੀਕੀ ਅੱਡੇ ਦੇ ਤੌਰ 'ਤੇ ਕੰਮ ਕਰ ਰਿਹਾ ਹੈ।

ਇਜ਼ਰਾਇਲ ਦੁਨੀਆਂ ਵਿਚ ਵੱਡੇ ਹਥਿਆਰ ਸੌਦਾਗਰ ਦੇ ਤੌਰ 'ਤੇ ਉਭਰਿਆ ਹੈ। ਅਮਰੀਕਾ ਵੱਲੋਂ ਵਪਾਰ ਲਈ ਧੌਂਸ ਨੀਤੀ, ਵਿਸਥਾਰਵਾਦੀ ਸੋਚ ਅਤੇ ਥਾਣੇਦਾਰਾਂ ਵਾਲੀ ਪ੍ਰਵਿਰਤੀ ਅੱਜ ਸੰਸਾਰਕ ਅਮਨ ਲਈ ਵੱਡਾ ਖਤਰਾ ਬਣੀ ਹੋਈ ਹੈ ਅਤੇ ਵੱਸਦੇ-ਰਸਦੇ ਸੰਸਾਰ ਨੂੰ ਯੁੱਧ ਵੱਲ ਧੱਕ ਰਹੀ ਹੈ। ਯੁੱਧ ਕਦੇ ਵੀ ਇਨਸਾਨੀ ਭਲਾਈ ਵਾਲਾ ਨਹੀਂ ਹੋ ਸਕਦਾ, ਭਾਵੇਂ ਕਿ ਇਹ ਮਜ਼ਬੂਰੀ ਵਜੋਂ ਹੀ ਕਿਉਂ ਨਾ ਲੜਿਆ ਗਿਆ ਹੋਵੇ। ਯੁੱਧ ਮਨੁੱਖ ਦਾ ਦੁਸ਼ਮਣ ਹੈ।

ਭਾਵੇਂ ਕਿਹਾ ਜਾਂਦਾ ਹੈ ਕਿ ਜਿਸ ਕੋਲ ਤਾਕਤ ਹੈ, ਉਸ ਦਾ ਰਾਜ ਚੱਲਦਾ ਹੈ, ਪਰ ਲੋਕ-ਸ਼ਕਤੀ ਇੱਕ ਐਸੀ ਤਾਕਤ ਹੈ, ਜਿਸ ਅੱਗੇ ਵੱਡੇ-ਵੱਡੇ ਤਾਨਾਸ਼ਾਹ ਵੀ ਝੁਕਣ ਲਈ ਮਜਬੂਰ ਹੋ ਜਾਂਦੇ ਹਨ। ਯੁੱਧ ਕਿਸੇ ਮਸਲੇ ਦਾ ਸਥਾਈ ਹੱਲ ਨਹੀਂ ਹੈ। ਹਜ਼ਾਰਾਂ-ਲੱਖਾਂ ਲੋਕ ਯੁੱਧ ਦੀ ਭੇਟ ਚੜ੍ਹ ਜਾਂਦੇ ਹਨ। ਹਿੰਸਾ ਕਾਰਨ ਲੋਕ ਮਾਨਸਿਕ ਬਿਮਾਰੀਆਂ ਅਤੇ ਭੁੱਖਮਰੀ ਦਾ ਸ਼ਿਕਾਰ ਹੋ ਜਾਂਦੇ ਹਨ। ਲੱਖਾਂ ਲੋਕ ਘਰੋਂ ਬੇਘਰ ਹੋ ਜਾਂਦੇ ਹਨ। ਉਨ੍ਹਾਂ ਦੇ ਬੱਚੇ ਸਿੱਖਿਆ ਅਤੇ ਸਿਹਤ ਸਹੂਲਤਾਂ ਤੋਂ ਵਿਰਵੇ ਰਹਿ ਜਾਂਦੇ ਹਨ।

ਇਹ ਯੁੱਧ ਹੀ ਹਨ, ਜੋ ਕਿਸੇ ਖਿੱਤੇ ਦੇ ਵਿਨਾਸ਼ ਦਾ ਕਾਰਨ ਹੋ ਨਿਬੜਦੇ ਹਨ। ਆਧੁਨਿਕ ਯੁੱਧ ਹੁਣ ਕੇਵਲ ਸੀਮਾਵਾਂ ਤੱਕ ਸੀਮਿਤ ਨਹੀਂ ਰਹੇ, ਸਗੋਂ ਸ਼ਹਿਰਾਂ ਦੇ ਵਿੱਚੋਂ-ਵਿੱਚ ਲੜੇ ਜਾ ਰਹੇ ਹਨ।

ਰੂਸ-ਯੂਕਰੇਨ ਅਤੇ ਅਮਰੀਕਾ-ਇਜ਼ਰਾਇਲ ਯੁੱਧ ਇਸ ਦੀ ਵੱਡੀ ਉਦਾਹਰਨ ਹਨ। ਦੁਨੀਆਂ ਦੇ ਦੇਸ਼ ਆਪਣੀ ਸੁਰੱਖਿਆ ਦੇ ਡਰ ਤੋਂ ਸਿਹਤ ਅਤੇ ਸਿੱਖਿਆ ਸਹੂਲਤਾਂ 'ਤੇ ਖ਼ਰਚਾ ਘਟਾ ਕੇ ਜੰਗੀ ਸਮਾਨ ਖਰੀਦਣ 'ਤੇ ਵੱਧ ਖ਼ਰਚ ਕਰਨ ਲੱਗੇ ਹਨ।

2024 ਵਿਚ ਵਿਸ਼ਵ ਦੀਆਂ ਸੈਨਾਵਾਂ 'ਤੇ 2.7 ਟ੍ਰਿਲੀਅਨ ਡਾਲਰ ਖਰਚੇ ਦਾ ਅਨੁਮਾਨ ਹੈ। ਯੁੱਧ ਅਸਲ ਵਿਚ ਵਿਕਾਸ ਦਾ ਉਲਟਾ ਪਹੀਆ ਸਾਬਤ ਹੋਇਆ ਹੈ, ਜੋ ਵਿਨਾਸ਼ ਦਾ ਕਾਰਨ ਬਣਦਾ ਹੈ।

ਯੁੱਧ ਮਾਨਵੀ ਕਦਰਾਂ-ਕੀਮਤਾਂ ਅਤੇ ਸੰਵੇਦਨਾਵਾਂ ਦੇ ਖ਼ਾਤਮੇ ਦਾ ਕਾਰਨ ਹੈ। ਯੁੱਧ ਹੀ ਹੈ ਜੋ ਮਾਨਸਿਕ ਵਿਕਾਸ ਉੱਤੇ ਸਥਾਈ ਤੌਰ 'ਤੇ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ।

ਯੁੱਧ ਵਿਚ ਬੱਚੇ ਅਤੇ ਔਰਤਾਂ ਭੁੱਖਮਰੀ ਅਤੇ ਹਿੰਸਾ ਦਾ ਸਭ ਤੋਂ ਵੱਧ ਸ਼ਿਕਾਰ ਹੁੰਦੇ ਹਨ। ਨਵੀਆਂ ਤਕਨੀਕਾਂ, ਖ਼ਾਸ ਕਰਕੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਡਰੋਨ ਯੁੱਧ ਮਨੁੱਖਤਾ ਲਈ ਵੱਡੇ ਘਾਤਕ ਸਾਬਤ ਹੋ ਰਹੇ ਹਨ।

ਮਨੁੱਖ ਦੀ ਹੋਂਦ ਬਚਾਈ ਰੱਖਣ ਲਈ ਵਿਨਾਸ਼ਕਾਰੀ ਯੁੱਧ ਵਿਰੁੱਧ ਅਮਨ ਸਮੇਂ ਦੀ ਲੋੜ ਹੈ।



ਗੁਰਜਤਿੰਦਰ ਸਿੰਘ ਰੰਧਾਵਾ
ਕੈਲੀਫੋਰਨੀਆ, ਯੂ.ਐੱਸ.ਏ.
ਫੋਨ : 916-320-9444
ਪੰਜਾਬ ਮੇਲ USA



# ਜਨਮੇਜਾ ਸਿੰਘ ਜੌਹਲ : ਇੱਕ ਨਾਮ ਨਹੀਂ, ਇੱਕ ਸੰਸਥਾ















ਕੁਝ ਲੋਕ ਆਪਣੀ ਪਹਿਚਾਣ ਆਪਣੇ ਅਹੁਦੇ ਨਾਲ ਬਣਾਉਂਦੇ ਹਨ, ਕੁਝ ਆਪਣੇ ਧਨ ਨਾਲ, ਕੁਝ ਆਪਣੇ ਪਰਿਵਾਰਕ ਪਿਛੋਕੜ ਨਾਲ; ਪਰ ਕੁਝ ਵਿਲੱਖਣ ਇਨਸਾਨ ਅਜਿਹੇ ਵੀ ਹੁੰਦੇ ਹਨ, ਜੋ ਆਪਣੀ ਸਾਰੀ ਜ਼ਿੰਦਗੀ ਨੂੰ ਹੀ ਇੱਕ ਮਕਸਦ ਬਣਾ ਲੈਂਦੇ ਹਨ। ਅਜਿਹੇ ਲੋਕ ਸਿਰਫ਼ ਵਿਅਕਤੀ ਨਹੀਂ ਰਹਿੰਦੇ, ਉਹ ਆਪਣੇ ਆਪ ਵਿਚ ਇੱਕ ਵਿਚਾਰ, ਇੱਕ ਚਲਦੀ-ਫਿਰਦੀ ਪਾਠਸ਼ਾਲਾ, ਇੱਕ ਜਿਉਂਦੀ ਜਾਗਦੀ ਸੰਸਥਾ ਬਣ ਜਾਂਦੇ ਹਨ। ਜਨਮੇਜਾ ਸਿੰਘ ਜੌਹਲ ਉਨ੍ਹਾਂ ਹੀ ਵਿਲੱਖਣ ਸ਼ਖਸੀਅਤਾਂ ਵਿਚੋਂ ਇੱਕ ਹਨ।

ਅੱਜ ਜਦੋਂ ਉਨ੍ਹਾਂ ਦੀ ਉਮਰ ਸੱਤ ਦਹਾਕਿਆਂ ਤੋਂ ਉੱਪਰ ਪਹੁੰਚ ਚੁੱਕੀ ਹੈ, ਤਾਂ ਉਨ੍ਹਾਂ ਦੇ ਜੀਵਨ ਨੂੰ ਵੇਖ ਕੇ ਇਹ ਕਹਿਣਾ ਬਿਲਕੁਲ ਵੀ ਅਤਿਕਥਨੀ ਨਹੀਂ ਕਿ ਜਨਮੇਜਾ ਸਿੰਘ ਜੌਹਲ ਇੱਕ ਨਾਮ ਨਹੀਂ, ਸੱਚਮੁੱਚ ਇੱਕ ਸੰਸਥਾ ਹਨ। ਜਿਹੜਾ ਮਨੁੱਖ ਆਪਣੀ ਕਲਮ ਨਾਲ ਵੀ ਸਿੱਖਿਆ ਦੇਵੇ, ਆਪਣੇ ਕੈਮਰੇ ਨਾਲ ਵੀ ਜੀਵਨ ਦਾ ਸੱਚ ਕੈਦ ਕਰੇ, ਆਪਣੇ ਸੋਚ-ਵਿਚਾਰ ਨਾਲ ਵੀ ਸਮਾਜ ਨੂੰ ਦਿਸ਼ਾ ਦੇਵੇ ਅਤੇ ਆਪਣੇ ਕਰਮ ਨਾਲ ਵੀ ਲੋਕ-ਭਲਾਈ ਦੀ ਮਿਸਾਲ ਕਾਇਮ ਕਰੇ, ਉਸ ਨੂੰ ਸਿਰਫ਼ ਇੱਕ ਲੇਖਕ, ਇੱਕ ਫੋਟੋਗ੍ਰਾਫਰ ਜਾਂ ਇੱਕ ਸਮਾਜ ਸੇਵਕ ਕਹਿ ਦੇਣਾ ਉਸ ਦੀ ਸ਼ਖਸੀਅਤ ਨਾਲ ਇਨਸਾਫ਼ ਨਹੀਂ ਹੋਵੇਗਾ।

ਜਨਮੇਜਾ ਸਿੰਘ ਜੌਹਲ ਦਾ ਜਨਮ 22 ਦਸੰਬਰ, 1953 ਨੂੰ ਹੋਇਆ। ਉਹ ਮੁਕੰਦਪੁਰ, ਹੁਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨਾਲ ਸੰਬੰਧਿਤ ਹਨ। ਉਹ ਪੰਜਾਬੀ ਫੋਟੋਗ੍ਰਾਫਰ, ਚਿੱਤਰਕਾਰ ਅਤੇ ਸਾਹਿਤਕਾਰ ਵਜੋਂ ਪਹਿਚਾਣੇ ਜਾਂਦੇ ਹਨ, ਖਾਸ ਕਰਕੇ ਬਾਲ ਸਾਹਿਤ ਲਈ। ਉਨ੍ਹਾਂ ਦੇ ਪਿਤਾ ਡਾ. ਸਰਦਾਰਾ ਸਿੰਘ ਜੌਹਲ ਖੇਤੀ ਅਰਥਸ਼ਾਸਤਰ ਅਤੇ ਉੱਚ ਸਿੱਖਿਆ ਦੀ ਦੁਨੀਆਂ ਵਿਚ ਵੱਡਾ ਨਾਮ ਰਹੇ ਹਨ; ਸਰੋਤਾਂ ਵਿਚ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਉਪਕੁਲਪਤੀ ਅਤੇ ਖੇਤੀ-ਅਰਥਸ਼ਾਸਤਰੀ ਵਜੋਂ ਦਰਸਾਇਆ ਗਿਆ ਹੈ।

ਪਰ ਜਨਮੇਜਾ ਸਿੰਘ ਜੌਹਲ ਦੀ ਅਸਲ ਪਹਿਚਾਣ ਸਿਰਫ਼ ਇਹ ਨਹੀਂ ਕਿ ਉਹ ਕਿਸ ਘਰਾਣੇ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਨੇ ਆਪਣਾ ਰਸਤਾ ਆਪ ਬਣਾਇਆ, ਆਪਣੀ ਸ਼ਖਸੀਅਤ ਆਪ ਘੜੀ, ਆਪਣੀ ਮਿਹਨਤ ਨਾਲ ਆਪਣਾ ਦਰਜਾ ਆਪ ਹਾਸਲ ਕੀਤਾ। ਉਨ੍ਹਾਂ ਨੂੰ ਜਾਣਨ ਵਾਲਾ ਹਰ ਇਨਸਾਨ ਇਹ ਗਵਾਹੀ ਦੇ ਸਕਦਾ ਹੈ ਕਿ ਉਹ ਹਮੇਸ਼ਾ ਕਿਸੇ ਨਾ ਕਿਸੇ ਰਚਨਾਤਮਕ ਕਾਰਜ ਵਿਚ ਰੁੱਝੇ ਰਹਿੰਦੇ ਹਨ। ਕਦੇ ਕਲਮ ਹੱਥ ਵਿਚ ਹੁੰਦੀ ਹੈ, ਕਦੇ ਕੈਮਰਾ ਮੋਢੇ 'ਤੇ, ਕਦੇ ਕਿਸੇ ਨਵੇਂ ਪੌਦੇ ਦੀ ਸੰਭਾਲ ਵਿਚ ਮਨ ਲੱਗਿਆ ਹੁੰਦਾ ਹੈ, ਤੇ ਕਦੇ ਕਿਸੇ ਲੇਖਕ, ਪਾਠਕ ਜਾਂ ਸਾਧਾਰਣ ਮਨੁੱਖ ਦੀ ਸਹਾਇਤਾ ਵਿਚ ਦਿਲ ਜੁਟਿਆ ਹੋਇਆ ਹੁੰਦਾ ਹੈ।

ਉਹ ਇੱਕ ਅਧਿਆਪਕ ਹਨ - ਭਾਵੇਂ ਰਵਾਇਤੀ ਮਾਅਨਿਆਂ ਵਿਚ ਸਰਕਾਰੀ ਨੌਕਰੀ ਵਾਲੇ ਅਧਿਆਪਕ ਨਹੀਂ। ਅਸਲ ਅਧਿਆਪਕ ਤਾਂ ਉਹ ਹੁੰਦਾ ਹੈ, ਜੋ ਦੂਜਿਆਂ ਨੂੰ ਸਿੱਖਣ ਜੋਗਾ ਕੁਝ ਦੇਵੇ। ਜਨਮੇਜਾ ਸਿੰਘ ਜੌਹਲ ਦੀਆਂ ਕਿਤਾਬਾਂ ਅਤੇ ਲਿਖਤਾਂ ਇਹ ਕੰਮ ਨਿਰੰਤਰ ਕਰਦੀਆਂ ਆਈਆਂ ਹਨ। ਬੱਚਿਆਂ ਲਈ ਲਿਖੀ ਸਹਿਜ, ਰੰਗੀਨੀ ਅਤੇ ਗਿਆਨਵਰਧਕ ਰਚਨਾ ਤੋਂ ਲੈ ਕੇ ਵੱਡਿਆਂ ਲਈ ਸੋਚ ਦਾ ਵਿਸਥਾਰ ਕਰਨ ਵਾਲੀ ਲਿਖਤ ਤੱਕ, ਉਨ੍ਹਾਂ ਦੀ ਕਲਮ ਕਈ ਪੀੜ੍ਹੀਆਂ ਨੂੰ ਛੂਹਦੀ ਹੈ। ਪੰਜਾਬੀ ਵਿਕੀਪੀਡੀਆ ਵਿਚ ਦਰਜ ਉਨ੍ਹਾਂ ਦੀਆਂ ਪੁਸਤਕਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਉਨ੍ਹਾਂ ਨੇ ਬਾਲ ਸਾਹਿਤ, ਕਾਵਿ, ਵਿਅੰਗ, ਫੋਟੋਗ੍ਰਾਫੀ ਅਤੇ ਪੌਦਿਆਂ ਵਰਗੇ ਵਿਸ਼ਿਆਂ 'ਤੇ ਲਿਖਿਆ। 'ਸੌਖੀ ਤੇ ਸਰਲ ਫੋਟੋਗ੍ਰਾਫੀ', 'ਗੁਣਕਾਰੀ ਪੌਦੇ', 'ਤਿਤਲੀਆਂ ਵਾਲੀ ਫ਼ਰਾਕ', 'ਚੈਨੀ ਵਾਲੀ ਚਿੜੀ', 'ਟਾਈ ਵਾਲਾ ਬਾਂਦਰ', 'ਕੀੜੀ ਤੇ ਫੁੱਲ', 'ਚਿੱਠੀ ਕਿਵੇਂ ਲਿਖੀਏ' ਵਰਗੀਆਂ ਕਿਤਾਬਾਂ ਉਨ੍ਹਾਂ ਦੇ ਵਿਸ਼ਾਲ ਰਚਨਾਤਮਕ ਘੇਰੇ ਦੀ ਮਿਸਾਲ ਹਨ।

ਬਾਲ ਸਾਹਿਤ ਖੇਤਰ ਵਿਚ ਉਨ੍ਹਾਂ ਦੀ ਖਾਸ ਪਛਾਣ ਬਣੀ। ਇਹ ਕੋਈ ਆਮ ਗੱਲ ਨਹੀਂ। ਬੱਚਿਆਂ ਲਈ ਲਿਖਣਾ ਸਭ ਤੋਂ ਔਖਾ ਕੰਮ ਹੁੰਦਾ ਹੈ, ਕਿਉਂਕਿ ਉਥੇ ਭਾਸ਼ਾ ਸੌਖੀ ਵੀ ਹੋਵੇ, ਵਿਚਾਰ ਸਾਫ਼ ਵੀ ਹੋਣ, ਰੁਚਿਕਰਤਾ ਵੀ ਹੋਵੇ ਤੇ ਸੰਦੇਸ਼ ਵੀ ਹੋਵੇ। ਜਨਮੇਜਾ ਸਿੰਘ ਜੌਹਲ ਇਸ ਕਲਾ ਦੇ ਮਾਹਿਰ ਹਨ। ਉਨ੍ਹਾਂ ਦੀਆਂ ਲਿਖਤਾਂ ਵਿਚ ਬੱਚਿਆਂ ਲਈ ਮਨੋਰੰਜਨ ਹੈ, ਪਰ ਸਿਰਫ਼ ਮਨੋਰੰਜਨ ਨਹੀਂ; ਉਸ ਵਿਚ ਸੰਸਕਾਰ ਹੈ, ਸਿੱਖਿਆ ਹੈ, ਜੀਵਨ ਨਾਲ ਪਿਆਰ ਹੈ ਅਤੇ ਪ੍ਰਕਿਰਤੀ ਨਾਲ ਜੁੜਾਅ ਹੈ। ਇਸ ਲਈ ਉਹ ਸਿਰਫ਼ ਲੇਖਕ ਨਹੀਂ, ਇੱਕ ਸੱਚੇ ਅਰਥਾਂ ਵਿਚ ਮਾਰਗਦਰਸ਼ਕ ਹਨ।

ਫੋਟੋਗ੍ਰਾਫੀ ਦੀ ਗੱਲ ਕੀਤੀ ਜਾਵੇ, ਤਾਂ ਜਨਮੇਜਾ ਸਿੰਘ ਜੌਹਲ ਦਾ ਨਾਮ ਕੈਮਰੇ ਨਾਲ ਲਗਭਗ ਇਕਰੂਪ ਹੋ ਜਾਂਦਾ ਹੈ। ਜਿਨ੍ਹਾਂ ਨੇ ਉਨ੍ਹਾਂ ਨੂੰ ਨੇੜੇ ਤੋਂ ਵੇਖਿਆ ਹੈ, ਉਹ ਜਾਣਦੇ ਹਨ ਕਿ ਉਨ੍ਹਾਂ ਦੇ ਹੱਥ ਜਾਂ ਮੋਢੇ 'ਤੇ ਕੈਮਰਾ ਸਿਰਫ਼ ਇੱਕ ਸਾਜ਼ ਨਹੀਂ ਹੁੰਦਾ, ਉਹ ਉਨ੍ਹਾਂ ਦੀ ਜੀਵਨ-ਦ੍ਰਿਸ਼ਟੀ ਦਾ ਹਿੱਸਾ ਹੁੰਦਾ ਹੈ। ਇੱਕ ਫੋਟੋਗ੍ਰਾਫਰ ਸਿਰਫ਼ ਤਸਵੀਰ ਨਹੀਂ ਖਿੱਚਦਾ; ਉਹ ਪਲ ਨੂੰ ਅਰਥ ਦਿੰਦਾ ਹੈ, ਘਟਨਾ ਨੂੰ ਯਾਦ ਵਿਚ ਬਦਲਦਾ ਹੈ ਅਤੇ ਆਮ ਦ੍ਰਿਸ਼ ਨੂੰ ਅਸਾਧਾਰਣ ਅਨੁਭਵ ਬਣਾ ਦਿੰਦਾ ਹੈ। ਜਨਤਕ ਸਰੋਤ ਵੀ ਉਨ੍ਹਾਂ ਨੂੰ ਫੋਟੋਗ੍ਰਾਫਰ ਵਜੋਂ ਮੰਨਦੇ ਹਨ ਅਤੇ ਉਨ੍ਹਾਂ ਦੀ ਆਪਣੀ ਪੁਸਤਕ 'ਸੌਖੀ ਤੇ ਸਰਲ ਫੋਟੋਗ੍ਰਾਫੀ' ਵੀ ਦਰਸਾਉਂਦੀ ਹੈ ਕਿ ਉਹ ਇਸ ਕਲਾ ਨੂੰ ਸਿਰਫ਼ ਵਰਤਦੇ ਨਹੀਂ ਸਨ, ਸਗੋਂ ਹੋਰਨਾਂ ਤੱਕ ਪਹੁੰਚਾਉਣ ਦਾ ਕੰਮ ਵੀ ਕਰਦੇ ਰਹੇ।

ਫੋਟੋਗ੍ਰਾਫੀ ਉਨ੍ਹਾਂ ਲਈ ਦਿਖਾਵੇ ਦਾ ਸਾਧਨ ਨਹੀਂ, ਲੋਕ-ਜਾਗਰੂਕਤਾ ਦਾ ਮਾਧਿਅਮ ਹੈ। ਉਹ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਗਏ, ਦ੍ਰਿਸ਼ ਕੈਦ ਕੀਤੇ ਅਤੇ ਉਨ੍ਹਾਂ ਦ੍ਰਿਸ਼ਾਂ ਰਾਹੀਂ ਲੋਕਾਂ ਅੱਗੇ ਦੁਨੀਆਂ ਦੀਆਂ ਚੰਗੀਆਂ ਗੱਲਾਂ, ਸਿਹਤਮੰਦ ਰੁਝਾਨਾਂ, ਸੱਭਿਆਚਾਰਕ ਰੰਗਾਂ ਅਤੇ ਜੀਵਨ ਦੀਆਂ ਸਿੱਖਿਆਵਾਂ ਰੱਖੀਆਂ। ਉਹ ਫੋਟੋਆਂ ਨੂੰ ਖਾਮੋਸ਼ ਭਾਸ਼ਾ ਵਾਂਗ ਵਰਤਦੇ ਹਨ- ਜਿੱਥੇ ਬਿਨਾਂ ਸ਼ਬਦਾਂ ਦੇ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ।

ਜਨਮੇਜਾ ਸਿੰਘ ਜੌਹਲ ਦੀ ਸ਼ਖਸੀਅਤ ਦਾ ਇੱਕ ਹੋਰ ਮਹੱਤਵਪੂਰਨ ਪੱਖ ਹੈ - ਸਮਾਜਿਕ ਜ਼ਿੰਮੇਵਾਰੀ। ਉਹ ਉਨ੍ਹਾਂ ਲੋਕਾਂ ਵਿਚੋਂ ਨਹੀਂ, ਜੋ ਸਮਾਜ ਦੀਆਂ ਖਾਮੀਆਂ ਵੇਖ ਕੇ ਸਿਰਫ਼ ਸ਼ਿਕਾਇਤ ਕਰਦੇ ਰਹਿਣ; ਉਹ ਉਨ੍ਹਾਂ ਲੋਕਾਂ ਵਿਚੋਂ ਹਨ, ਜੋ ਆਪਣੇ ਅੰਦਾਜ਼ ਵਿਚ ਸੁਧਾਰ ਦਾ ਰਾਹ ਵੀ ਦੱਸਦੇ ਹਨ। ਲੇਖਨ ਰਾਹੀਂ, ਸੰਪਰਕ ਰਾਹੀਂ, ਪ੍ਰੇਰਣਾ ਰਾਹੀਂ, ਰੁੱਖਾਂ-ਬੂਟਿਆਂ ਰਾਹੀਂ ਅਤੇ ਆਪਣੇ ਨਿੱਜੀ ਜੀਵਨ ਦੇ ਉਦਾਹਰਨ ਰਾਹੀਂ ਉਹ ਹਮੇਸ਼ਾਂ ਲੋਕ-ਹਿਤ ਦੀ ਗੱਲ ਕਰਦੇ ਰਹੇ ਹਨ। ਸਮਾਜ ਸੇਵਾ ਸਿਰਫ਼ ਲੰਗਰ ਲਗਾਉਣ ਜਾਂ ਦਾਨ ਦੇਣ ਦਾ ਨਾਮ ਨਹੀਂ; ਸਮਾਜ ਸੇਵਾ ਉਹ ਵੀ ਹੈ, ਜਦੋਂ ਕੋਈ ਮਨੁੱਖ ਸਮਾਜ ਵਿਚ ਚੰਗੀ ਸੋਚ, ਸਿਹਤ, ਪ੍ਰਕਿਰਤੀ-ਪ੍ਰੇਮ, ਭਾਸ਼ਾ-ਚੇਤਨਾ ਅਤੇ ਮਨੁੱਖਤਾ ਦਾ ਬੀਜ ਬੀਜੇ। ਜੌਹਲ ਜੀ ਨੇ ਇਹ ਸਭ ਕੁਝ ਕੀਤਾ ਹੈ।

ਇਸ ਸੰਦਰਭ ਵਿਚ "ਪਿੰਕੀ ਹਰਬਲ ਗਾਰਡਨ" ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਲਾਜ਼ਮੀ ਹੈ। ਕਈ ਜਨਤਕ ਸਰੋਤਾਂ ਵਿਚ ਇਸ ਗੱਲ ਦਾ ਉਲੇਖ ਮਿਲਦਾ ਹੈ ਕਿ ਆਪਣੀ ਧਰਮਪਤਨੀ ਪਿੰਕੀ ਜੌਹਲ ਦੀ ਯਾਦ ਵਿਚ ਉਨ੍ਹਾਂ ਨੇ "ਪਿੰਕੀ ਹਰਬਲ ਗਾਰਡਨ" ਨਾਮ ਨਾਲ ਇੱਕ ਵਿਲੱਖਣ ਯਤਨ ਖੜ੍ਹਾ ਕੀਤਾ, ਜਿੱਥੇ ਅਨੇਕਾਂ ਪੌਦਿਆਂ ਅਤੇ ਵਿਰਲੇ ਬੂਟਿਆਂ ਨੂੰ ਸੰਭਾਲਿਆ ਗਿਆ। ਕੁਝ ਇਸਨੂੰ ਲੁਧਿਆਣਾ ਵਿਚ ਸਥਿਤ ਇੱਕ ਐਸਾ ਸਥਾਨ ਦੱਸਦੇ ਹਨ, ਜਿੱਥੇ ਸੈਂਕੜਿਆਂ ਪੌਦਿਆਂ ਅਤੇ ਦੁਰਲੱਭ ਕਿਸਮਾਂ ਦੀ ਪਰਵਰਿਸ਼ ਕੀਤੀ ਗਈ। ਇਹ ਸਿਰਫ਼ ਇੱਕ ਬਾਗ ਨਹੀਂ; ਇਹ ਯਾਦ, ਪ੍ਰੇਮ, ਪ੍ਰਕਿਰਤੀ ਅਤੇ ਲੋਕ-ਹਿਤ ਦਾ ਸੰਯੁਕਤ ਰੂਪ ਹੈ। ਆਪਣੀ ਜੀਵਨ ਸਾਥਣ ਦੀ ਯਾਦ ਨੂੰ ਰੁੱਖਾਂ, ਬੂਟਿਆਂ, ਸੁਗੰਧ, ਜੜੀ-ਬੂਟੀਆਂ ਅਤੇ ਸਿਹਤਮੰਦ ਜੀਵਨ ਦੇ ਸੰਦੇਸ਼ ਨਾਲ ਜੋੜ ਦੇਣਾ ਬੜੀ ਉੱਚੀ ਸੰਵੇਦਨਾ ਦੀ ਗੱਲ ਹੈ। ਜਿੱਥੇ ਆਮ ਤੌਰ 'ਤੇ ਮਨੁੱਖ ਦੁੱਖ ਨੂੰ ਚੁੱਪਚਾਪ ਨਿੱਜੀ ਹੱਦਾਂ ਵਿਚ ਬੰਨ੍ਹ ਲੈਂਦਾ ਹੈ, ਉੱਥੇ ਜਨਮੇਜਾ ਸਿੰਘ ਜੌਹਲ ਨੇ ਉਸ ਦੁੱਖ ਨੂੰ ਲੋਕ-ਭਲਾਈ ਵਿਚ ਬਦਲ ਦਿੱਤਾ। ਇਹੀ ਵਿਲੱਖਣਤਾ ਉਨ੍ਹਾਂ ਨੂੰ ਵੱਡਾ ਬਣਾਉਂਦੀ ਹੈ।

ਉਨ੍ਹਾਂ ਦੀ ਰੁਚੀ ਸਿਰਫ਼ ਬਾਗਬਾਨੀ ਤੱਕ ਸੀਮਿਤ ਨਹੀਂ। 'ਗੁਣਕਾਰੀ ਪੌਦੇ' ਵਰਗੀ ਕਿਤਾਬ ਇਸ ਗੱਲ ਦੀ ਨਿਸ਼ਾਨਦੇਹੀ ਕਰਦੀ ਹੈ ਕਿ ਉਹ ਪੌਦਿਆਂ ਨੂੰ ਸਿਰਫ਼ ਸਜਾਵਟੀ ਅੰਗ ਵਜੋਂ ਨਹੀਂ, ਸਗੋਂ ਜਨ-ਸਿਹਤ ਅਤੇ ਗਿਆਨ ਨਾਲ ਜੋੜ ਕੇ ਵੇਖਦੇ ਸਨ। ਜਦੋਂ ਕੋਈ ਲੇਖਕ ਰੁੱਖਾਂ-ਬੂਟਿਆਂ ਨੂੰ ਲਿਖਤ ਦਾ ਵਿਸ਼ਾ ਬਣਾਉਂਦਾ ਹੈ, ਤਾਂ ਉਹ ਮਨੁੱਖ ਨੂੰ ਮੁੜ ਪ੍ਰਕਿਰਤੀ ਦੇ ਨੇੜੇ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਅੱਜ ਦੇ ਸਮੇਂ ਵਿਚ ਇਹ ਬਹੁਤ ਜ਼ਰੂਰੀ ਕੰਮ ਹੈ।

ਜਨਮੇਜਾ ਸਿੰਘ ਜੌਹਲ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੇ ਜੀਵਨ-ਸਫ਼ਰ ਬਾਰੇ 2025 ਵਿਚ ਛਪੀ ਇੱਕ ਸਮੀਖਿਆਤਮਕ ਲਿਖਤ "ਮੇਰੇ ਕਾਰਨਾਮੇ" ਨਾਮੀ ਪੁਸਤਕ ਨੂੰ ਉਨ੍ਹਾਂ ਦੀ ਜੀਵਨ-ਯਾਤਰਾ ਦੀ ਬੇਬਾਕ ਪੇਸ਼ਕਾਰੀ ਵਜੋਂ ਦਰਸਾਉਂਦੀ ਹੈ। ਉਸ ਲਿਖਤ ਵਿਚ ਉਨ੍ਹਾਂ ਨੂੰ ਲਗਾਤਾਰ ਰਚਨਾਤਮਕ ਕਾਰਜਾਂ ਵਿਚ ਸਰਗਰਮ, ਲੇਖ, ਕਹਾਣੀ, ਬਾਲ ਸਾਹਿਤ, ਕਵਿਤਾ ਅਤੇ ਅਨੁਵਾਦ ਨਾਲ ਜੁੜਿਆ ਹੋਇਆ ਦਰਸਾਇਆ ਗਿਆ ਹੈ। ਇਸ ਤੋਂ ਇਹ ਅਹਿਸਾਸ ਹੋਰ ਮਜ਼ਬੂਤ ਹੁੰਦਾ ਹੈ ਕਿ ਜੌਹਲ ਜੀ ਦਾ ਜੀਵਨ ਇੱਕ ਹੀ ਖੇਤਰ ਤੱਕ ਸੀਮਿਤ ਨਹੀਂ, ਸਗੋਂ ਬਹੁਆਯਾਮੀ ਰਿਹਾ ਹੈ।

ਤੁਹਾਡੇ ਵੇਰਵਿਆਂ ਅਨੁਸਾਰ ਉਹ ਅਜਿਹੇ ਇਨਸਾਨ ਹਨ, ਜਿਨ੍ਹਾਂ ਨੇ ਆਪਣੀ ਨਿੱਜੀ ਸਹੂਲਤ ਨੂੰ ਕਦੇ ਤਰਜੀਹ ਨਹੀਂ ਦਿੱਤੀ। ਆਪਣੇ ਕੱਪੜਿਆਂ, ਆਪਣੀ ਦਸਤਾਰ, ਆਪਣੇ ਸਰੀਰ ਜਾਂ ਆਪਣੇ ਠਾਠ-ਬਾਠ ਨਾਲੋਂ ਉਨ੍ਹਾਂ ਨੂੰ ਸਮਾਜ, ਲੋਕਾਂ, ਸਾਹਿਤ, ਰੁੱਖਾਂ-ਬੂਟਿਆਂ ਅਤੇ ਪੰਜਾਬੀ ਭਾਸ਼ਾ ਦੀ ਵਧੇਰੇ ਚਿੰਤਾ ਰਹੀ। ਇਹ ਗੱਲ ਉਨ੍ਹਾਂ ਦੀ ਸਾਦਗੀ ਦਾ ਹੀ ਨਹੀਂ, ਉਨ੍ਹਾਂ ਦੀ ਅਰਪਣ-ਭਾਵਨਾ ਦਾ ਵੀ ਸਬੂਤ ਹੈ। ਬਹੁਤ ਘੱਟ ਲੋਕ ਹੁੰਦੇ ਹਨ, ਜੋ ਆਪਣੇ ਲਈ ਘੱਟ ਅਤੇ ਸਮਾਜ ਲਈ ਵੱਧ ਜੀਉਂਦੇ ਹਨ। ਇਨ੍ਹਾਂ ਹੀ ਲੋਕਾਂ ਦੇ ਕਾਰਨ ਸਮਾਜ ਵਿਚ ਰੌਸ਼ਨੀ ਬਣੀ ਰਹਿੰਦੀ ਹੈ।

ਜਿਹੜਾ ਮਨੁੱਖ ਆਪਣੀ ਕਮਾਈ ਦੇ ਵੱਡੇ ਰਸਤੇ ਛੱਡ ਕੇ ਕਿਤਾਬਾਂ, ਲੇਖਕਾਂ, ਪਾਠਕਾਂ ਅਤੇ ਸਮਾਜਿਕ ਕੰਮਾਂ ਨਾਲ ਜੁੜਿਆ ਰਹੇ, ਉਸਦੇ ਜੀਵਨ ਨੂੰ ਵਪਾਰ ਦੀ ਤਰਾਜੂ ਨਾਲ ਨਹੀਂ ਤੋਲਿਆ ਜਾ ਸਕਦਾ। ਤੁਸੀਂ ਜਿਵੇਂ ਉਲੇਖ ਕੀਤਾ, ਕਈ ਲੇਖਕਾਂ ਦੀਆਂ ਕਿਤਾਬਾਂ ਛਾਪਣ ਵਿਚ ਉਨ੍ਹਾਂ ਨੇ ਮਦਦ ਕੀਤੀ ਅਤੇ ਕਈ ਵਾਰ ਆਰਥਿਕ ਹਾਨੀ ਸਹਿ ਕੇ ਵੀ ਇਹ ਸੇਵਾ ਜਾਰੀ ਰੱਖੀ। ਇਹ ਇੱਕ ਵੱਡਾ ਸੱਭਿਆਚਾਰਕ ਯੋਗਦਾਨ ਹੈ। ਕਿਤਾਬ ਛਪਾਉਣਾ ਸਿਰਫ਼ ਪ੍ਰਿੰਟਿੰਗ ਦਾ ਕੰਮ ਨਹੀਂ ਹੁੰਦਾ; ਇਹ ਲੇਖਕ ਦੀ ਆਵਾਜ਼ ਨੂੰ ਜਨਤਾ ਤੱਕ ਪਹੁੰਚਾਉਣ ਦਾ ਕੰਮ ਹੁੰਦਾ ਹੈ। ਜੇਕਰ ਕੋਈ ਮਨੁੱਖ ਅਜਿਹਾ ਨਿਸ਼ਕਾਮ ਭਾਵ ਨਾਲ ਕਰਦਾ ਹੈ, ਤਾਂ ਉਹ ਸਾਹਿਤਕ ਪਰਿਵਾਰ ਦਾ ਇੱਕ ਵੱਡਾ ਸਰਪ੍ਰਸਤ ਮੰਨਿਆ ਜਾਣਾ ਚਾਹੀਦਾ ਹੈ।

ਪੰਜਾਬੀ ਮਾਂ ਬੋਲੀ ਪ੍ਰਤੀ ਉਨ੍ਹਾਂ ਦਾ ਪਿਆਰ ਵੀ ਵਿਸ਼ੇਸ਼ ਧਿਆਨ ਜੋਗ ਹੈ। ਜਿਹੜਾ ਮਨੁੱਖ ਬੱਚਿਆਂ ਲਈ ਪੰਜਾਬੀ ਵਿਚ ਲਿਖੇ, ਵਿਦੇਸ਼ਾਂ ਵਿਚ ਜਾ ਕੇ ਪੰਜਾਬੀ ਸਕੂਲਾਂ, ਗੁਰਦੁਆਰਿਆਂ ਅਤੇ ਸੱਭਿਆਚਾਰਕ ਮੰਚਾਂ 'ਤੇ ਮਾਂ ਬੋਲੀ ਦੀ ਗੱਲ ਕਰੇ, ਉਹ ਸਿਰਫ਼ ਲੇਖਕ ਨਹੀਂ ਰਹਿੰਦਾ, ਉਹ ਭਾਸ਼ਾ ਦਾ ਸਿਪਾਹੀ ਬਣ ਜਾਂਦਾ ਹੈ। ਦੁਨੀਆਂ ਭਰ ਵਿਚ ਫੈਲੇ ਪੰਜਾਬੀ ਪਰਿਵਾਰਾਂ ਲਈ ਮਾਂ ਬੋਲੀ ਦੀ ਰੱਖਿਆ ਇੱਕ ਜਜ਼ਬਾਤੀ ਅਤੇ ਸੱਭਿਆਚਾਰਕ ਲੋੜ ਹੈ। ਜਨਮੇਜਾ ਸਿੰਘ ਜੌਹਲ ਵਰਗੇ ਲੋਕ ਇਸ ਲੜੀ ਨੂੰ ਜੋੜ ਕੇ ਰੱਖਦੇ ਹਨ।

ਉਨ੍ਹਾਂ ਦੀਆਂ ਲਿਖਤਾਂ 'ਚ ਪ੍ਰਕਿਰਤੀ ਹੈ, ਜੀਵਨ ਹੈ, ਹਾਸਾ ਹੈ, ਅਨੁਭਵ ਹੈ ਅਤੇ ਇੱਕ ਆਮ ਮਨੁੱਖ ਨਾਲ ਗਹਿਰਾ ਸੰਬੰਧ ਹੈ। ਇਹੀ ਕਾਰਨ ਹੈ ਕਿ ਛੋਟੇ ਬੱਚਿਆਂ ਤੋਂ ਲੈ ਕੇ ਵੱਡੀ ਉਮਰ ਦੇ ਲੋਕਾਂ ਤੱਕ ਸਭ ਕੋਈ ਉਨ੍ਹਾਂ ਦੀਆਂ ਕਿਤਾਬਾਂ ਨਾਲ ਜੁੜ ਜਾਂਦਾ ਹੈ। ਉਨ੍ਹਾਂ ਦੀ ਸ਼ੈਲੀ ਉਪਦੇਸ਼ਕ ਨਹੀਂ, ਸਾਂਝੇਦਾਰ ਹੈ; ਉਹ ਪਾਠਕ ਨੂੰ ਥੋਪਦੇ ਨਹੀਂ, ਨਾਲ ਲੈ ਕੇ ਚਲਦੇ ਹਨ।

ਜਨਮੇਜਾ ਸਿੰਘ ਜੌਹਲ ਨੂੰ ਸਮਝਣ ਲਈ ਉਨ੍ਹਾਂ ਦੇ ਪਹਿਰਾਵੇ ਜਾਂ ਦਿਖਾਵੇ ਨੂੰ ਨਹੀਂ, ਉਨ੍ਹਾਂ ਦੇ ਕਰਮਾਂ ਨੂੰ ਦੇਖਣਾ ਚਾਹੀਦਾ ਹੈ। ਜਿਹੜੇ ਇਨਸਾਨ ਦੇ ਹੱਥ ਵਿਚ ਹਮੇਸ਼ਾ ਕੈਮਰਾ ਹੋਵੇ, ਦਿਲ ਵਿਚ ਹਮੇਸ਼ਾ ਸਮਾਜ ਦੀ ਚਿੰਤਾ ਹੋਵੇ, ਮਨ ਵਿਚ ਹਮੇਸ਼ਾ ਭਾਸ਼ਾ ਤੇ ਸਾਹਿਤ ਲਈ ਪਿਆਰ ਹੋਵੇ ਅਤੇ ਘਰ-ਪਰਿਵਾਰ ਦੀਆਂ ਨਿੱਜੀ ਪੀੜਾਂ ਨੂੰ ਵੀ ਲੋਕ-ਸੇਵਾ ਵਿਚ ਬਦਲਣ ਦੀ ਸਮਰੱਥਾ ਹੋਵੇ - ਉਸ ਇਨਸਾਨ ਨੂੰ ਆਮ ਨਹੀਂ ਕਿਹਾ ਜਾ ਸਕਦਾ।

ਸੱਚ ਇਹ ਹੈ ਕਿ ਜਨਮੇਜਾ ਸਿੰਘ ਜੌਹਲ ਨੇ ਆਪਣਾ ਜੀਵਨ "ਆਪਣੇ ਲਈ" ਘੱਟ ਤੇ "ਲੋਕਾਂ ਲਈ" ਵੱਧ ਜੀਆ ਹੈ। ਉਨ੍ਹਾਂ ਦੀ ਕਲਮ ਲੋਕਾਂ ਲਈ ਚੱਲੀ, ਉਨ੍ਹਾਂ ਦਾ ਕੈਮਰਾ ਲੋਕਾਂ ਲਈ ਚੱਲਿਆ, ਉਨ੍ਹਾਂ ਦੇ ਬਾਗ ਲੋਕਾਂ ਲਈ ਖਿੜੇ, ਉਨ੍ਹਾਂ ਦੀਆਂ ਕਿਤਾਬਾਂ ਲੋਕਾਂ ਲਈ ਛਪੀਆਂ, ਉਨ੍ਹਾਂ ਦੀਆਂ ਯਾਤਰਾਵਾਂ ਲੋਕਾਂ ਲਈ ਅਰਥਵਾਨ ਬਣੀਆਂ। ਇਹੋ ਜਿਹੀ ਸ਼ਖਸੀਅਤ ਬਾਰੇ "ਸੰਸਥਾ" ਸ਼ਬਦ ਵਰਤਣਾ ਬਿਲਕੁਲ ਯੋਗ ਹੈ।

ਜਨਮੇਜਾ ਸਿੰਘ ਜੌਹਲ ਉਨ੍ਹਾਂ ਬੰਦਿਆਂ ਵਿਚੋਂ ਹਨ, ਜੋ ਆਪਣੀ ਜ਼ਿੰਦਗੀ ਨੂੰ ਮਕਸਦ ਦੇ ਨਾਲ ਜੋੜਦੇ ਹਨ। ਉਨ੍ਹਾਂ ਦੀ ਸਾਦਗੀ ਵਿਚ ਡੂੰਘਾਈ ਹੈ, ਕਰਮ ਵਿਚ ਲਗਨ ਹੈ, ਸੋਚ ਵਿਚ ਲੋਕ-ਹਿਤ ਹੈ ਅਤੇ ਸ਼ਖਸੀਅਤ ਵਿਚ ਇੱਕ ਕਿਸਮ ਦੀ ਨਿਰਵਿਰੋਧ ਚਮਕ ਹੈ। ਉਹ ਸਾਨੂੰ ਯਾਦ ਦਿਵਾਉਂਦੇ ਹਨ ਕਿ ਇਨਸਾਨ ਦੀ ਵਡਿਆਈ ਉਸਦੇ ਬੈਂਕ ਬੈਲੈਂਸ ਨਾਲ ਨਹੀਂ, ਉਸਦੇ ਅਸਰ ਨਾਲ ਤੌਲੀ ਜਾਂਦੀ ਹੈ; ਉਹ ਕਿੰਨੇ ਲੋਕਾਂ ਨੂੰ ਰਾਹ ਦਿਖਾ ਸਕਿਆ, ਕਿੰਨੇ ਚਿਹਰਿਆਂ 'ਤੇ ਮੁਸਕਾਨ ਲਿਆ ਸਕਿਆ, ਕਿੰਨਿਆਂ ਨੂੰ ਆਪਣੀ ਭਾਸ਼ਾ, ਆਪਣੀ ਧਰਤੀ, ਆਪਣੀ ਸਿਹਤ ਅਤੇ ਆਪਣੀ ਮਨੁੱਖਤਾ ਨਾਲ ਜੋੜ ਸਕਿਆ।

ਅੱਜ ਦੇ ਸਮੇਂ ਵਿਚ ਜਦੋਂ ਦਿਖਾਵਾ, ਸਵਾਰਥ ਅਤੇ ਨਿੱਜੀ ਲਾਭ ਅਕਸਰ ਜੀਵਨ ਦੇ ਕੇਂਦਰ ਵਿਚ ਆ ਜਾਂਦੇ ਹਨ, ਜਨਮੇਜਾ ਸਿੰਘ ਜੌਹਲ ਵਰਗੇ ਮਨੁੱਖ ਸਾਨੂੰ ਦੱਸਦੇ ਹਨ ਕਿ ਅਸਲੀ ਜੀਵਨ ਉਹ ਹੈ, ਜੋ ਵੰਡਿਆ ਜਾਵੇ — ਗਿਆਨ ਵੰਡਿਆ ਜਾਵੇ, ਪਿਆਰ ਵੰਡਿਆ ਜਾਵੇ, ਰੁੱਖ ਵੰਡੇ ਜਾਣ, ਤਸਵੀਰਾਂ ਰਾਹੀਂ ਅਨੁਭਵ ਵੰਡੇ ਜਾਣ, ਕਿਤਾਬਾਂ ਰਾਹੀਂ ਚੇਤਨਾ ਵੰਡਾਈ ਜਾਵੇ ਅਤੇ ਮਾਂ ਬੋਲੀ ਰਾਹੀਂ ਪਛਾਣ ਵੰਡਾਈ ਜਾਵੇ।

ਇਸ ਲਈ ਜੇ ਕੋਈ ਪੁੱਛੇ ਕਿ ਜਨਮੇਜਾ ਸਿੰਘ ਜੌਹਲ ਕੌਣ ਹਨ, ਤਾਂ ਜਵਾਬ ਸਿਰਫ਼ ਇਹ ਨਹੀਂ ਕਿ ਉਹ ਲੇਖਕ ਹਨ, ਫੋਟੋਗ੍ਰਾਫਰ ਹਨ, ਚਿੱਤਰਕਾਰ ਹਨ ਜਾਂ ਸਮਾਜ ਸੇਵਕ ਹਨ। ਅਸਲ ਜਵਾਬ ਇਹ ਹੈ ਕਿ ਉਹ ਇੱਕ ਸੋਚ ਹਨ, ਇੱਕ ਰੂਹਾਨੀ ਮਿਹਨਤ ਹਨ, ਇੱਕ ਲਗਾਤਾਰ ਚੱਲਦਾ ਸੱਭਿਆਚਾਰਕ ਯਤਨ ਹਨ — ਉਹ ਇੱਕ ਨਾਮ ਨਹੀਂ, ਇੱਕ ਸੰਸਥਾ ਹਨ।

# ਪੱਛਮੀ ਬੰਗਾਲ 'ਚ ਰਾਸ਼ਟਰਪਤੀ-ਮੁੱਖ ਮੰਤਰੀ ਟਕਰਾਅ - ਕੀ ਇਹ ਸੰਵਿਧਾਨਕ ਮਾਣ-ਸਨਮਾਨ ਦਾ ਸਵਾਲ ਹੈ ਜਾਂ ਚੋਣ ਰਣਨੀਤੀ ਦਾ?

## ਚੋਣ ਰਾਜਨੀਤੀ, ਸੰਵਿਧਾਨਕ ਸੰਸਥਾਵਾਂ ਅਤੇ ਸੰਘੀ ਢਾਂਚੇ ਵਿਚਕਾਰ ਸੰਤੁਲਨ ਬਣਾਈ ਰੱਖਣਾ ਮਹੱਤਵਪੂਰਨ ਹੈ - ਇੱਕ ਵਿਆਪਕ ਵਿਸ਼ਲੇਸ਼ਣ


ਕੰਪਾਈਲਰ ਲੇਖਕ
ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ
ਗੋਂਡੀਆ, ਮਹਾਰਾਸ਼ਟਰ
92841-41425




ਪੰਜਾਬ ਮੇਲ USA

ਵਿਸ਼ਵ ਪੱਧਰ 'ਤੇ, ਪੱਛਮੀ ਬੰਗਾਲ ਦੀ ਰਾਜਨੀਤੀ ਇੱਕ ਅਜਿਹੇ ਮੋੜ 'ਤੇ ਜਾਪਦੀ ਹੈ, ਜਿੱਥੇ ਸੰਵਿਧਾਨਕ ਨਿਯਮਾਂ, ਪ੍ਰੋਟੋਕੋਲ, ਰਾਜਨੀਤੀ ਅਤੇ ਚੋਣ ਰਣਨੀਤੀਆਂ ਟਕਰਾਉਂਦੀਆਂ ਹਨ। 2026 ਦੀਆਂ ਵਿਧਾਨ ਸਭਾ ਚੋਣਾਂ ਦੀ ਉਲਟੀ ਗਿਣਤੀ ਸ਼ੁਰੂ ਹੋ ਗਈ ਹੈ, ਅਤੇ ਰਾਸ਼ਟਰਪਤੀ ਦੀ ਉੱਤਰੀ ਬੰਗਾਲ ਫੇਰੀ ਦੇ ਆਲੇ-ਦੁਆਲੇ ਵਿਵਾਦ ਰਾਸ਼ਟਰੀ ਬਹਿਸ ਦਾ ਵਿਸ਼ਾ ਬਣ ਗਿਆ ਹੈ। ਇਸ ਵਿਵਾਦ ਦੇ ਕੇਂਦਰ ਵਿਚ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਅਤੇ ਭਾਰਤੀ ਪ੍ਰਧਾਨ ਮੰਤਰੀ ਵਿਚਕਾਰ ਇੱਕ ਰਾਜਨੀਤਿਕ ਟਕਰਾਅ ਹੈ। ਇੱਕ ਪਾਸੇ, ਕੇਂਦਰ ਸਰਕਾਰ ਅਤੇ ਸੱਤਾਧਾਰੀ ਪਾਰਟੀ ਇਸਨੂੰ ਰਾਸ਼ਟਰਪਤੀ ਦੇ ਅਹੁਦੇ ਦੀ ਸ਼ਾਨ ਅਤੇ ਸੰਵਿਧਾਨ ਦੇ ਸਤਿਕਾਰ ਨਾਲ ਜੋੜ ਰਹੀ ਹੈ, ਜਦੋਂ ਕਿ ਦੂਜੇ ਪਾਸੇ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਇਸਨੂੰ ਚੋਣਾਂ ਤੋਂ ਪਹਿਲਾਂ ਦੀ ਰਾਜਨੀਤਿਕ ਰਣਨੀਤੀ ਅਤੇ ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਦੱਸ ਰਹੀ ਹੈ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਇਹ ਵਿਵਾਦ ਸਿਰਫ਼ ਪ੍ਰੋਟੋਕੋਲ ਜਾਂ ਰਸਮੀ ਕਾਰਵਾਈਆਂ ਤੱਕ ਸੀਮਤ ਨਹੀਂ ਹੈ; ਇਹ ਕੇਂਦਰ-ਰਾਜ ਸਬੰਧਾਂ, ਸੰਵਿਧਾਨਕ ਨਿਯਮਾਂ ਅਤੇ ਚੋਣ ਰਾਜਨੀਤੀ ਦੀਆਂ ਗੁੰਝਲਾਂ ਨੂੰ ਵੀ ਉਜਾਗਰ ਕਰ ਰਿਹਾ ਹੈ। ਲੋਕਤੰਤਰ ਵਿਚ, ਪ੍ਰੋਟੋਕੋਲ ਸਿਰਫ਼ ਰਸਮੀ ਨਿਯਮ ਨਹੀਂ ਹਨ; ਇਹ ਸੰਸਥਾਵਾਂ ਦੀ ਸ਼ਾਨ ਅਤੇ ਵਿਵਸਥਾ ਨੂੰ ਬਣਾਈ ਰੱਖਣ ਦਾ ਇੱਕ ਸਾਧਨ ਹਨ। ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਹੋਰ ਸੰਵਿਧਾਨਕ ਅਹੁਦਿਆਂ ਲਈ ਨਿਰਧਾਰਤ ਪ੍ਰੋਟੋਕੋਲ ਸ਼ਾਸਨ ਪ੍ਰਣਾਲੀ ਵਿਚ ਅਨੁਸ਼ਾਸਨ ਅਤੇ ਸਤਿਕਾਰ ਬਣਾਈ ਰੱਖਣ ਲਈ ਤਿਆਰ ਕੀਤੇ ਗਏ ਹਨ। ਇਨ੍ਹਾਂ ਪ੍ਰੋਟੋਕੋਲਾਂ ਦੀ ਪਾਲਣਾ ਕਰਨ ਵਿਚ ਅਸਫਲਤਾ ਸੰਸਥਾਗਤ ਅਸੰਤੁਲਨ ਪੈਦਾ ਕਰ ਸਕਦੀ ਹੈ। ਆਉਣ ਵਾਲੇ ਮਹੀਨਿਆਂ ਵਿਚ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦਾ ਐਲਾਨ ਹੋਣ ਦੀ ਸੰਭਾਵਨਾ ਹੈ। ਅਜਿਹੇ ਹਾਲਾਤ ਵਿਚ, ਇਹ ਵਿਵਾਦ ਇੱਕ ਵੱਡਾ ਚੋਣ ਮੁਹਿੰਮ ਮੁੱਦਾ ਬਣ ਸਕਦਾ ਹੈ। ਸੱਤਾਧਾਰੀ ਪਾਰਟੀ ਇਸਨੂੰ ਸੰਵਿਧਾਨਕ ਸਨਮਾਨ ਅਤੇ ਆਦਿਵਾਸੀ ਸਵੈਮਾਣ ਦੇ ਮੁੱਦੇ ਵਜੋਂ ਪੇਸ਼ ਕਰ ਸਕਦੀ ਹੈ, ਜਦੋਂ ਕਿ ਪੱਛਮੀ ਬੰਗਾਲ ਵਿਚ ਸੱਤਾਧਾਰੀ ਪਾਰਟੀ ਇਸਨੂੰ ਕੇਂਦਰ ਸਰਕਾਰ ਦੁਆਰਾ ਇੱਕ ਰਾਜਨੀਤਿਕ ਸਾਜ਼ਿਸ਼ ਵਜੋਂ ਦਰਸਾ ਕੇ ਆਪਣੇ ਸਮਰਥਕਾਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਕਰੇਗੀ। ਇਸ ਪੂਰੇ ਵਿਵਾਦ ਵਿਚ ਮੀਡੀਆ ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਵੱਖ-ਵੱਖ ਨਿਊਜ਼ ਮੀਡੀਆ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਇੱਕ ਗਰਮਾ-ਗਰਮ ਬਹਿਸ ਛਿੜ ਗਈ ਹੈ, ਕੁਝ ਇਸਨੂੰ ਰਾਸ਼ਟਰਪਤੀ ਦਾ ਅਪਮਾਨ ਮੰਨ ਰਹੇ ਹਨ, ਜਦੋਂ ਕਿ ਕੁਝ ਇਸਨੂੰ ਇੱਕ ਰਾਜਨੀਤਿਕ ਵਿਵਾਦ ਕਹਿ ਰਹੇ ਹਨ। ਲੋਕਤੰਤਰ ਵਿਚ, ਮੀਡੀਆ ਜਨਤਕ ਰਾਏ ਨੂੰ ਪ੍ਰਭਾਵਿਤ ਕਰਨ ਲਈ ਇੱਕ ਮਹੱਤਵਪੂਰਨ ਮਾਧਿਅਮ ਹੈ, ਅਤੇ ਅਜਿਹੇ ਮਾਮਲਿਆਂ ਵਿਚ ਇਸਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ।

ਦੋਸਤੋ, ਜੇਕਰ ਅਸੀਂ ਰਾਸ਼ਟਰਪਤੀ ਦੇ ਉੱਤਰੀ ਬੰਗਾਲ ਦੇ ਦੌਰੇ ਅਤੇ ਵਿਵਾਦ ਦੀ ਉਤਪਤੀ 'ਤੇ ਵਿਚਾਰ ਕਰੀਏ, ਤਾਂ ਇਹ ਸਾਰਾ ਵਿਵਾਦ ਉਦੋਂ ਸ਼ੁਰੂ ਹੋਇਆ, ਜਦੋਂ ਮਾਣਯੋਗ ਰਾਸ਼ਟਰਪਤੀ 9ਵੇਂ ਅੰਤਰਰਾਸ਼ਟਰੀ ਸੰਥਲ ਸੰਮੇਲਨ ਵਿਚ ਮੁੱਖ ਮਹਿਮਾਨ ਵਜੋਂ ਪੱਛਮੀ ਬੰਗਾਲ ਦੇ ਸਿਲੀਗੁੜੀ ਪਹੁੰਚੇ। ਇਹ ਸਮਾਗਮ ਇੱਕ ਨਿੱਜੀ ਸੰਗਠਨ, ਅੰਤਰਰਾਸ਼ਟਰੀ ਸੰਥਲ ਕੌਂਸਲ ਦੁਆਰਾ ਆਯੋਜਿਤ ਕੀਤਾ ਗਿਆ ਸੀ। ਅਸਲ ਵਿਚ, ਕਾਨਫਰੰਸ ਦਾਰਜੀਲਿੰਗ ਜ਼ਿਲ੍ਹੇ ਦੇ ਵਿਧਾਨਨਗਰ ਖੇਤਰ ਵਿਚ ਆਯੋਜਿਤ ਕਰਨ ਦੀ ਯੋਜਨਾ ਬਣਾਈ ਗਈ ਸੀ, ਜਿੱਥੇ ਵੱਡੀ ਗਿਣਤੀ ਵਿਚ ਸੰਥਲ ਆਦਿਵਾਸੀ ਭਾਈਚਾਰੇ ਦੇ ਲੋਕਾਂ ਦੇ ਸ਼ਾਮਲ ਹੋਣ ਦੀ ਉਮੀਦ ਸੀ। ਹਾਲਾਂਕਿ, ਸੁਰੱਖਿਆ, ਭੀੜ ਪ੍ਰਬੰਧਨ ਅਤੇ ਹੋਰ ਪ੍ਰਸ਼ਾਸਕੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ, ਬਾਅਦ ਵਿਚ ਸਥਾਨ ਨੂੰ ਬਾਗਡੋਗਰਾ ਹਵਾਈ ਅੱਡੇ ਦੇ ਨੇੜੇ ਗੋਸ਼ਾਈਂਪੁਰ ਵਿਚ ਬਦਲ ਦਿੱਤਾ ਗਿਆ। ਰਾਸ਼ਟਰਪਤੀ ਨੇ ਖੁਦ ਇਸ ਤਬਦੀਲੀ ਨਾਲ ਅਸੰਤੁਸ਼ਟੀ ਪ੍ਰਗਟ ਕੀਤੀ, ਇਹ ਕਹਿੰਦੇ ਹੋਏ ਕਿ ਨਵਾਂ ਸਥਾਨ ਬਹੁਤ ਛੋਟਾ ਸੀ, ਜਿਸ ਕਾਰਨ ਹਜ਼ਾਰਾਂ ਸੰਥਾਲ ਇਸ ਸਮਾਗਮ ਵਿਚ ਸ਼ਾਮਲ ਨਹੀਂ ਹੋ ਸਕੇ। ਇਹ ਨਾਰਾਜ਼ਗੀ ਹੌਲੀ-ਹੌਲੀ ਇੱਕ ਰਾਜਨੀਤਿਕ ਵਿਵਾਦ ਵਿਚ ਬਦਲ ਗਈ।



ਦੋਸਤੋ ਸਾਥੀਓ, ਪ੍ਰੋਟੋਕੋਲ ਦੇ ਮੁੱਦੇ ਅਤੇ ਰਾਸ਼ਟਰਪਤੀ ਦੀ ਨਾਰਾਜ਼ਗੀ ਬਾਰੇ, ਰਾਸ਼ਟਰਪਤੀ ਨੇ ਆਪਣੇ ਭਾਸ਼ਣ ਵਿਚ ਹੈਰਾਨੀ ਪ੍ਰਗਟ ਕੀਤੀ ਕਿ ਨਾ ਤਾਂ ਮੁੱਖ ਮੰਤਰੀ ਅਤੇ ਨਾ ਹੀ ਰਾਜ ਸਰਕਾਰ ਦਾ ਕੋਈ ਸੀਨੀਅਰ ਮੰਤਰੀ ਉਨ੍ਹਾਂ ਦਾ ਸਵਾਗਤ ਕਰਨ ਲਈ ਮੌਜੂਦ ਸੀ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਇਸ 'ਤੇ ਕੋਈ ਇਤਰਾਜ਼ ਨਹੀਂ ਹੈ, ਪਰ ਰਾਸ਼ਟਰਪਤੀ ਦੇ ਅਹੁਦੇ ਲਈ ਨਿਰਧਾਰਤ ਪ੍ਰੋਟੋਕੋਲ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਆਪਣੀ ਛੋਟੀ ਭੈਣ ਵਜੋਂ ਵੀ ਦਰਸਾਇਆ ਅਤੇ ਸਵਾਲ ਕੀਤਾ ਕਿ ਕੀ ਉਹ ਉਨ੍ਹਾਂ ਤੋਂ ਨਾਰਾਜ਼ ਹੈ। ਰਾਸ਼ਟਰਪਤੀ ਦੇ ਇਸ ਬਿਆਨ ਨੇ ਰਾਜਨੀਤਿਕ ਮਾਹੌਲ ਨੂੰ ਹੋਰ ਗਰਮਾ ਦਿੱਤਾ, ਕਿਉਂਕਿ ਇਹ ਪਹਿਲੀ ਵਾਰ ਸੀ, ਜਦੋਂ ਰਾਸ਼ਟਰਪਤੀ ਨੇ ਜਨਤਕ ਤੌਰ 'ਤੇ ਕਿਸੇ ਸਮਾਗਮ ਵਿਚ ਪ੍ਰੋਟੋਕੋਲ ਦੀ ਪਾਲਣਾ 'ਤੇ ਸਵਾਲ ਉਠਾਇਆ ਸੀ। ਇਸ ਬਿਆਨ ਤੋਂ ਬਾਅਦ, ਸੱਤਾਧਾਰੀ ਪਾਰਟੀ ਨੇ ਇਸ ਮੁੱਦੇ ਨੂੰ ਸੰਵਿਧਾਨਕ ਮਾਣ ਨਾਲ ਜੋੜ ਕੇ ਅਤੇ ਰਾਜ ਸਰਕਾਰ 'ਤੇ ਗੰਭੀਰ ਦੋਸ਼ ਲਗਾ ਕੇ ਉਠਾਇਆ।

ਦੋਸਤੋ, ਜੇਕਰ ਅਸੀਂ ਪ੍ਰਧਾਨ ਮੰਤਰੀ ਅਤੇ ਸੱਤਾਧਾਰੀ ਪਾਰਟੀ ਦੀਆਂ ਪ੍ਰਤੀਕਿਰਿਆਵਾਂ 'ਤੇ ਵਿਚਾਰ ਕਰੀਏ, ਤਾਂ ਪ੍ਰਧਾਨ ਮੰਤਰੀ ਨੇ ਵੀ ਇਸ ਮੁੱਦੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਇਹ ਨਾ ਸਿਰਫ਼ ਰਾਸ਼ਟਰਪਤੀ ਦਾ ਅਪਮਾਨ ਹੈ, ਸਗੋਂ ਭਾਰਤ ਦੇ ਸੰਵਿਧਾਨ ਅਤੇ ਲੋਕਤੰਤਰੀ ਪ੍ਰੰਪਰਾਵਾਂ ਦਾ ਵੀ ਅਪਮਾਨ ਹੈ। ਉਨ੍ਹਾਂ ਇਹ ਵੀ ਕਿਹਾ ਕਿ ਦ੍ਰੋਪਦੀ ਮੁਰਮੂ ਖੁਦ ਆਦਿਵਾਸੀ ਭਾਈਚਾਰੇ ਤੋਂ ਆਉਂਦੀ ਹੈ ਅਤੇ ਉਨ੍ਹਾਂ ਦੇ ਵਿਕਾਸ ਲਈ ਸਮਰਪਿਤ ਹੈ ਅਤੇ ਉਨ੍ਹਾਂ ਦੇ ਪ੍ਰੋਗਰਾਮ ਵਿਚ ਵਿਘਨ ਅਤੇ ਰਾਜ ਸਰਕਾਰ ਵੱਲੋਂ ਢੁਕਵੀਂ ਸਹਾਇਤਾ ਦੀ ਘਾਟ ਬਹੁਤ ਹੀ ਮੰਦਭਾਗੀ ਸੀ। ਭਾਜਪਾ ਨੇਤਾਵਾਂ ਨੇ ਇਸ ਨੂੰ ਆਦਿਵਾਸੀ ਪਛਾਣ ਨਾਲ ਜੋੜਦੇ ਹੋਏ ਕਿਹਾ ਕਿ ਪੱਛਮੀ ਬੰਗਾਲ ਸਰਕਾਰ ਨੇ ਰਾਸ਼ਟਰਪਤੀ ਦੇ ਪ੍ਰੋਗਰਾਮ ਨੂੰ ਗੰਭੀਰਤਾ ਨਾਲ ਨਹੀਂ ਲਿਆ। ਇਹ ਮੁੱਦਾ ਸੱਤਾਧਾਰੀ ਪਾਰਟੀ ਲਈ ਰਾਜਨੀਤਿਕ ਤੌਰ 'ਤੇ ਵੀ ਮਹੱਤਵਪੂਰਨ ਸੀ, ਕਿਉਂਕਿ ਆਦਿਵਾਸੀ ਭਾਈਚਾਰੇ ਨੂੰ ਬੰਗਾਲ ਵਿਚ ਇੱਕ ਮਹੱਤਵਪੂਰਨ ਵੋਟ ਬੈਂਕ ਮੰਨਿਆ ਜਾਂਦਾ ਹੈ।

ਦੋਸਤੋ, ਜੇਕਰ ਅਸੀਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਦੇ ਜਵਾਬੀ ਹਮਲੇ ਅਤੇ





ਰਾਜਨੀਤਿਕ ਦੋਸ਼ਾਂ 'ਤੇ ਵਿਚਾਰ ਕਰੀਏ, ਤਾਂ ਉਨ੍ਹਾਂ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਇਹ ਸਮਾਗਮ ਰਾਜ ਸਰਕਾਰ ਦੁਆਰਾ ਨਹੀਂ, ਸਗੋਂ ਇੱਕ ਨਿੱਜੀ ਸੰਗਠਨ ਦੁਆਰਾ ਆਯੋਜਿਤ ਕੀਤਾ ਗਿਆ ਸੀ। ਉਨ੍ਹਾਂ ਦੇ ਅਨੁਸਾਰ, ਰਾਜ ਪ੍ਰਸ਼ਾਸਨ ਨੇ ਪਹਿਲਾਂ ਹੀ ਰਾਸ਼ਟਰਪਤੀ ਸਕੱਤਰੇਤ ਨੂੰ ਸੂਚਿਤ ਕਰ ਦਿੱਤਾ ਸੀ ਕਿ ਪ੍ਰਬੰਧਕਾਂ ਦੀਆਂ ਤਿਆਰੀਆਂ ਨਾਕਾਫ਼ੀ ਸਨ ਅਤੇ ਉਨ੍ਹਾਂ ਕੋਲ ਇੰਨੇ ਵੱਡੇ ਇਕੱਠ ਨੂੰ ਸੰਭਾਲਣ ਦੀ ਸਮਰੱਥਾ ਦੀ ਘਾਟ ਸੀ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਰਾਸ਼ਟਰਪਤੀ ਸਾਲ ਵਿਚ ਇੱਕ ਵਾਰ ਕਿਸੇ ਸਮਾਗਮ ਵਿਚ ਸ਼ਾਮਲ ਹੁੰਦੇ ਹਨ, ਤਾਂ ਉਹ ਨਿੱਜੀ ਤੌਰ 'ਤੇ ਸਵਾਗਤ ਵਿਚ ਸ਼ਾਮਲ ਹੋ ਸਕਦੇ ਹਨ, ਪਰ ਜੇਕਰ ਚੋਣਾਂ ਤੋਂ ਪਹਿਲਾਂ ਵਾਰ-ਵਾਰ ਸਮਾਗਮ ਕੀਤੇ ਜਾਂਦੇ ਹਨ, ਤਾਂ ਹਰ ਵਾਰ ਸ਼ਾਮਲ ਹੋਣਾ ਸੰਭਵ ਨਹੀਂ ਹੁੰਦਾ। ਉਨ੍ਹਾਂ ਨੇ ਸੱਤਾਧਾਰੀ ਪਾਰਟੀ 'ਤੇ ਰਾਸ਼ਟਰਪਤੀ ਦੇ ਅਹੁਦੇ ਨੂੰ ਰਾਜਨੀਤਿਕ ਲਾਭ ਲਈ ਵਰਤਣ ਦਾ ਦੋਸ਼ ਲਗਾਇਆ। ਮਮਤਾ ਬੈਨਰਜੀ ਦੇ ਬਿਆਨ ਨੂੰ ਰਾਜਨੀਤਿਕ ਤੌਰ 'ਤੇ ਬਹੁਤ ਜ਼ਿਆਦਾ ਦੋਸ਼ਪੂਰਨ ਮੰਨਿਆ ਗਿਆ, ਕਿਉਂਕਿ ਉਨ੍ਹਾਂ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਰਾਸ਼ਟਰਪਤੀ ਸੱਤਾਧਾਰੀ ਪਾਰਟੀ ਦੀਆਂ ਨੀਤੀਆਂ ਅਤੇ ਨਿਰਦੇਸ਼ਾਂ ਦੇ ਪ੍ਰਭਾਵ ਹੇਠ ਕੰਮ ਕਰ ਰਹੇ ਹਨ।

ਦੋਸਤੋ, ਜੇਕਰ ਅਸੀਂ ਇਸ ਮੁੱਦੇ ਨੂੰ ਇਸ ਦ੍ਰਿਸ਼ਟੀਕੋਣ ਤੋਂ ਦੇਖਦੇ ਹਾਂ, ਕੇਂਦਰ-ਰਾਜ ਟਕਰਾਅ ਦਾ ਇੱਕ ਨਵਾਂ ਪਹਿਲੂ, ਤਾਂ ਇਹ ਵਿਵਾਦ ਹੌਲੀ-ਹੌਲੀ ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ ਟਕਰਾਅ ਵਿਚ ਵਿਕਸਿਤ ਹੋਣ ਲੱਗਾ। ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਮਾਮਲੇ 'ਤੇ ਪੱਛਮੀ ਬੰਗਾਲ ਸਰਕਾਰ ਤੋਂ ਇੱਕ ਵਿਸਤ੍ਰਿਤ ਰਿਪੋਰਟ ਮੰਗੀ, ਜਿਸ ਵਿਚ ਪੁੱਛਿਆ ਗਿਆ ਕਿ ਮੁੱਖ ਮੰਤਰੀ, ਮੁੱਖ ਸਕੱਤਰ ਅਤੇ ਪੁਲਿਸ ਡਾਇਰੈਕਟਰ ਜਨਰਲ ਰਾਸ਼ਟਰਪਤੀ ਦੇ ਸਵਾਗਤ ਲਈ ਮੌਜੂਦ ਕਿਉਂ ਨਹੀਂ ਸਨ। ਇਸ ਨੇ ਇਹ ਵੀ ਸਵਾਲ ਕੀਤਾ ਕਿ ਸਥਾਨ ਅਤੇ ਰੂਟ ਦੇ ਪ੍ਰਬੰਧ ਬਲੂ ਬੁੱਕ ਦੇ ਅਨੁਸਾਰ ਕਿਉਂ ਨਹੀਂ ਕੀਤੇ ਗਏ। ਇਨ੍ਹਾਂ ਸਵਾਲਾਂ ਨੇ ਮਾਮਲੇ ਨੂੰ ਸਿਰਫ਼ ਰਾਜਨੀਤਿਕ ਬਹਿਸ ਤੋਂ ਪਰੇ ਉਠਾਇਆ ਅਤੇ ਇਸਨੂੰ ਪ੍ਰਸ਼ਾਸਕੀ ਅਤੇ ਸੰਵਿਧਾਨਕ ਜਾਂਚ ਦੇ ਖੇਤਰ ਵਿਚ ਲਿਆਂਦਾ।

ਦੋਸਤੋ, ਜੇਕਰ ਅਸੀਂ ਬਲੂ ਬੁੱਕ ਕੀ ਹੈ ਅਤੇ ਇਸਦੀ ਮਹੱਤਤਾ ਨੂੰ ਸਮਝਣਾ ਹੈ, ਤਾਂ ਇਸ ਵਿਵਾਦ ਤੋਂ ਬਾਅਦ ਸਭ ਤੋਂ ਵੱਧ ਚਰਚਾ ਵਾਲਾ ਸ਼ਬਦ ਬਲੂ ਬੁੱਕ ਸੀ। ਭਾਰਤ ਵਿਚ, ਜਦੋਂ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਜਾਂ ਪ੍ਰਧਾਨ ਮੰਤਰੀ ਕਿਸੇ ਰਾਜ ਦਾ ਦੌਰਾ ਕਰਦੇ ਹਨ, ਤਾਂ ਉਨ੍ਹਾਂ ਦੀ ਸੁਰੱਖਿਆ, ਸਵਾਗਤ ਅਤੇ ਹੋਰ ਪ੍ਰਬੰਧ ਗ੍ਰਹਿ ਮੰਤਰਾਲੇ ਦੁਆਰਾ ਤਿਆਰ ਕੀਤੇ ਗਏ ਇੱਕ ਵਿਸ਼ੇਸ਼ ਪ੍ਰੋਟੋਕੋਲ ਦਸਤਾਵੇਜ਼ ਦੇ ਅਨੁਸਾਰ ਕੀਤੇ ਜਾਂਦੇ ਹਨ, ਜਿਸਨੂੰ ਬਲੂ ਬੁੱਕ ਕਿਹਾ ਜਾਂਦਾ ਹੈ। ਇਹ ਦਸਤਾਵੇਜ਼ ਬਹੁਤ ਗੁਪਤ ਹੈ ਅਤੇ ਸਿਰਫ਼ ਚੁਣੇ ਹੋਏ ਅਧਿਕਾਰੀਆਂ ਲਈ ਉਪਲਬਧ ਕਰਵਾਇਆ ਜਾਂਦਾ ਹੈ। ਇਸ ਵਿਚ ਰਾਸ਼ਟਰਪਤੀ ਦੇ ਆਉਣ ਤੋਂ ਲੈ ਕੇ ਸਥਾਨ ਦੇ ਪ੍ਰਬੰਧਾਂ, ਸੁਰੱਖਿਆ, ਰੂਟ, ਝੰਡਾ, ਰਾਸ਼ਟਰੀ ਗੀਤ, ਬੈਠਣ ਦੇ ਪ੍ਰਬੰਧਾਂ ਅਤੇ ਐਮਰਜੈਂਸੀ ਯੋਜਨਾਵਾਂ ਤੱਕ ਹਰ ਵੇਰਵੇ ਬਾਰੇ ਵਿਸਤ੍ਰਿਤ ਜਾਣਕਾਰੀ ਸ਼ਾਮਲ ਹੈ। **ਬਲੂ ਬੁੱਕ ਦੇ ਮੁੱਖ ਉਪਬੰਧ:** ਬਲੂ ਬੁੱਕ ਦੇ ਅਨੁਸਾਰ, ਜਦੋਂ ਰਾਸ਼ਟਰਪਤੀ ਕਿਸੇ ਰਾਜ ਵਿਚ ਪਹੁੰਚਦੇ ਹਨ, ਤਾਂ ਰਾਜਪਾਲ ਅਤੇ ਮੁੱਖ ਮੰਤਰੀ, ਜਾਂ ਉਨ੍ਹਾਂ ਦੁਆਰਾ ਨਾਮਜ਼ਦ ਮੰਤਰੀ, ਉਨ੍ਹਾਂ ਦਾ ਸਵਾਗਤ ਕਰਨ ਲਈ ਹਵਾਈ ਅੱਡੇ 'ਤੇ ਮੌਜੂਦ ਹੋਣਾ ਚਾਹੀਦਾ ਹੈ। ਜੇਕਰ ਮੁੱਖ ਮੰਤਰੀ ਕਿਸੇ ਕਾਰਨ ਕਰਕੇ ਹਾਜ਼ਰ ਨਹੀਂ ਹੋ ਸਕਦੇ, ਤਾਂ ਮੁੱਖ ਸਕੱਤਰ ਅਤੇ ਪੁਲਿਸ ਡਾਇਰੈਕਟਰ ਜਨਰਲ ਦੀ ਮੌਜੂਦਗੀ ਲਾਜ਼ਮੀ ਹੈ। ਇਸ ਤੋਂ ਇਲਾਵਾ, ਰਾਸ਼ਟਰਪਤੀ ਲਈ ਨਿਰਧਾਰਤ ਰਸਤਾ ਪੂਰੀ ਤਰ੍ਹਾਂ ਸਾਫ਼ ਹੋਣਾ ਚਾਹੀਦਾ ਹੈ, ਸੁਰੱਖਿਆ ਸਖ਼ਤ ਹੋਣੀ ਚਾਹੀਦੀ ਹੈ ਅਤੇ ਸਥਾਨ 'ਤੇ ਸਾਰੀਆਂ ਬੁਨਿਆਦੀ ਸਹੂਲਤਾਂ ਉਪਲਬਧ ਹੋਣੀਆਂ ਚਾਹੀਦੀਆਂ ਹਨ। ਇਹ ਸਿਰਫ਼ ਰਸਮੀ ਕਾਰਵਾਈ ਨਹੀਂ ਹੈ, ਬਲਕਿ ਰਾਸ਼ਟਰੀ ਮਾਣ ਅਤੇ ਸੰਵਿਧਾਨਕ ਸ਼ਿਸ਼ਟਾਚਾਰ ਦਾ ਹਿੱਸਾ ਮੰਨਿਆ ਜਾਂਦਾ ਹੈ। ਗ੍ਰਹਿ ਮੰਤਰਾਲੇ ਨੂੰ ਸੌਂਪੀ ਗਈ ਇੱਕ ਰਿਪੋਰਟ ਵਿਚ, ਪੱਛਮੀ ਬੰਗਾਲ ਦੇ ਮੁੱਖ ਸਕੱਤਰ ਨੇ ਕਿਹਾ ਕਿ ਇਹ ਸਮਾਗਮ ਪੂਰੀ ਤਰ੍ਹਾਂ ਇੱਕ ਨਿੱਜੀ ਸੰਗਠਨ ਦੁਆਰਾ ਆਯੋਜਿਤ ਕੀਤਾ ਗਿਆ ਸੀ ਅਤੇ ਰਾਜ ਸਰਕਾਰ ਦੀ ਭੂਮਿਕਾ ਸੀਮਤ ਸੀ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਪ੍ਰਸ਼ਾਸਨ ਨੇ ਪਹਿਲਾਂ ਪ੍ਰਬੰਧਕਾਂ ਦੀਆਂ ਤਿਆਰੀਆਂ ਬਾਰੇ ਚਿੰਤਾਵਾਂ ਪ੍ਰਗਟ ਕੀਤੀਆਂ ਸਨ ਅਤੇ ਰਾਸ਼ਟਰਪਤੀ ਸਕੱਤਰੇਤ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ ਸੀ। ਰਿਪੋਰਟ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਮੁੱਖ ਮੰਤਰੀ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੀ ਗੈਰਹਾਜ਼ਰੀ ਪ੍ਰਸ਼ਾਸਨਿਕ ਕਾਰਨਾਂ ਕਰਕੇ ਸੀ ਅਤੇ ਜਾਣਬੁੱਝ ਕੇ ਪ੍ਰੋਟੋਕੋਲ ਦੀ ਉਲੰਘਣਾ ਨਹੀਂ ਕੀਤੀ ਗਈ ਸੀ।

ਦੋਸਤੋ, ਜੇਕਰ ਅਸੀਂ ਇਸ ਘਟਨਾ ਦੇ ਰਾਜਨੀਤਿਕ ਅਰਥਾਂ 'ਤੇ ਵਿਚਾਰ ਕਰੀਏ: ਚੋਣ ਰਣਨੀਤੀ ਜਾਂ ਸੰਵਿਧਾਨਕ ਮੁੱਦਾ, ਤਾਂ ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਵਿਵਾਦ ਅਜਿਹੇ ਸਮੇਂ ਵਿਚ ਉਭਰਿਆ ਹੈ, ਜਦੋਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ। ਸੱਤਾਧਾਰੀ ਪਾਰਟੀ ਲੰਬੇ ਸਮੇਂ ਤੋਂ ਬੰਗਾਲ ਵਿਚ ਆਪਣੀ ਰਾਜਨੀਤਿਕ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਆਦਿਵਾਸੀ ਭਾਈਚਾਰੇ ਨੂੰ ਲੁਭਾਉਣ ਦੀ ਰਣਨੀਤੀ 'ਤੇ ਕੰਮ ਕਰ ਰਹੀ ਹੈ। ਦੂਜੇ ਪਾਸੇ, ਪੱਛਮੀ ਬੰਗਾਲ ਵਿਚ ਸੱਤਾਧਾਰੀ ਪਾਰਟੀ ਵੀ ਇਸ ਭਾਈਚਾਰੇ 'ਤੇ ਆਪਣੀ ਪਕੜ ਬਣਾਈ ਰੱਖਣ ਲਈ ਯਤਨਸ਼ੀਲ ਹੈ। ਅਜਿਹੀ ਸਥਿਤੀ ਵਿਚ, ਰਾਸ਼ਟਰਪਤੀ ਦੇ ਪ੍ਰੋਗਰਾਮ ਦੇ ਆਲੇ-ਦੁਆਲੇ ਵਿਵਾਦ ਚੋਣ ਰਾਜਨੀਤੀ ਲਈ ਇੱਕ ਮਹੱਤਵਪੂਰਨ ਮੁੱਦਾ ਬਣ ਸਕਦਾ ਹੈ।

ਦੋਸਤੋ, ਜੇਕਰ ਅਸੀਂ ਸੰਵਿਧਾਨਕ ਮਾਣ ਅਤੇ ਰਾਜਨੀਤਿਕ ਮੁਕਾਬਲੇ 'ਤੇ ਵਿਚਾਰ ਕਰੀਏ, ਤਾਂ ਇਹ ਘਟਨਾ ਇੱਕ ਮਹੱਤਵਪੂਰਨ ਸਵਾਲ ਵੀ ਉਠਾਉਂਦੀ ਹੈ: ਕੀ ਸੰਵਿਧਾਨਕ ਅਹੁਦਿਆਂ ਨੂੰ ਰਾਜਨੀਤਿਕ ਮੁਕਾਬਲੇ ਤੋਂ ਵੱਖ ਰੱਖਿਆ ਜਾ ਸਕਦਾ ਹੈ। ਭਾਰਤੀ ਸੰਵਿਧਾਨ ਰਾਸ਼ਟਰਪਤੀ ਨੂੰ ਦੇਸ਼ ਦਾ ਪਹਿਲਾ ਨਾਗਰਿਕ ਮੰਨਦਾ ਹੈ ਅਤੇ ਉਸਦੀ ਸਥਿਤੀ ਨੂੰ ਪਾਰਟੀ ਰਾਜਨੀਤੀ ਤੋਂ ਉੱਪਰ ਮੰਨਿਆ ਜਾਂਦਾ ਹੈ। ਪਰ ਜਦੋਂ ਰਾਜਨੀਤਿਕ ਪਾਰਟੀਆਂ ਅਜਿਹੇ ਵਿਵਾਦਾਂ ਨੂੰ ਚੋਣ ਮੁੱਦਿਆਂ ਵਿਚ ਬਦਲਦੀਆਂ ਹਨ, ਤਾਂ ਇਹ ਸੰਵਿਧਾਨਕ ਸੰਸਥਾਵਾਂ ਦੀ ਨਿਰਪੱਖਤਾ 'ਤੇ ਸਵਾਲ ਖੜ੍ਹੇ ਕਰਦਾ ਹੈ। ਇਹ ਵਿਵਾਦ ਭਾਰਤ ਦੇ ਸੰਘੀ ਢਾਂਚੇ ਦੇ ਅੰਦਰ ਕੇਂਦਰ ਅਤੇ ਰਾਜਾਂ ਵਿਚਕਾਰ ਸਬੰਧਾਂ 'ਤੇ ਵੀ ਰੌਸ਼ਨੀ ਪਾਉਂਦਾ ਹੈ। ਭਾਰਤੀ ਸੰਵਿਧਾਨ ਇੱਕ ਸੰਘੀ ਪ੍ਰਣਾਲੀ 'ਤੇ ਆਧਾਰਿਤ ਹੈ, ਜਿਸ ਵਿਚ ਕੇਂਦਰ ਅਤੇ ਰਾਜਾਂ ਦੋਵਾਂ ਦੀਆਂ ਆਪਣੀਆਂ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਹਨ। ਹਾਲਾਂਕਿ, ਜਦੋਂ ਰਾਜਨੀਤਿਕ ਮਤਭੇਦ ਵਧਦੇ ਹਨ, ਤਾਂ ਪ੍ਰਸ਼ਾਸਕੀ ਅਤੇ ਸੰਵਿਧਾਨਕ ਮੁੱਦੇ ਵੀ ਟਕਰਾਅ ਦਾ ਸਰੋਤ ਬਣ ਜਾਂਦੇ ਹਨ। ਪੱਛਮੀ ਬੰਗਾਲ ਵਿਚ ਇਸ ਮਾਮਲੇ ਨੂੰ ਇਸ ਰੁਝਾਨ ਦੀ ਇੱਕ ਉਦਾਹਰਣ ਵਜੋਂ ਦੇਖਿਆ ਜਾ ਰਿਹਾ ਹੈ। ਕਬਾਇਲੀ ਰਾਜਨੀਤੀ ਦਾ ਆਯਾਮ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਭਾਰਤ ਦੀ ਪਹਿਲੀ ਕਬਾਇਲੀ ਮਹਿਲਾ ਰਾਸ਼ਟਰਪਤੀ ਹੈ ਅਤੇ ਬਹੁਤ ਜ਼ਿਆਦਾ ਰਾਜਨੀਤਿਕ ਅਤੇ ਸਮਾਜਿਕ ਮਹੱਤਵ ਰੱਖਦੀ ਹੈ। ਇਸ ਲਈ, ਇਸ ਵਿਵਾਦ ਨੂੰ ਕਬਾਇਲੀ ਪਛਾਣ ਨਾਲ ਜੋੜਿਆ ਜਾਣਾ ਸੁਭਾਵਿਕ ਹੈ। ਭਾਜਪਾ ਇਸ ਮੁੱਦੇ ਨੂੰ ਕਬਾਇਲੀ ਸਨਮਾਨ ਦੇ ਮਾਮਲੇ ਵਜੋਂ ਪੇਸ਼ ਕਰ ਰਹੀ ਹੈ, ਜਦੋਂਕਿ ਤ੍ਰਿਣਮੂਲ ਕਾਂਗਰਸ ਇਸਨੂੰ ਰਾਜਨੀਤਿਕ ਪ੍ਰਚਾਰ ਦੇ ਹਿੱਸੇ ਵਜੋਂ ਪੇਸ਼ ਕਰ ਰਹੀ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਬੰਗਾਲ ਚੋਣਾਂ ਵਿਚ ਕਬਾਇਲੀ ਰਾਜਨੀਤੀ ਵੀ ਇੱਕ ਮਹੱਤਵਪੂਰਨ ਕਾਰਕ ਬਣਨ ਜਾ ਰਹੀ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਬਿਰਤਾਂਤ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਸੰਵਿਧਾਨਕ ਮਰਿਆਦਾ ਅਤੇ ਲੋਕਤੰਤਰੀ ਸੰਤੁਲਨ ਜ਼ਰੂਰੀ ਹਨ। ਰਾਸ਼ਟਰਪਤੀ ਦੀ ਪੱਛਮੀ ਬੰਗਾਲ ਫੇਰੀ ਦੇ ਆਲੇ-ਦੁਆਲੇ ਦਾ ਵਿਵਾਦ ਸਿਰਫ਼ ਇੱਕ ਪ੍ਰੋਟੋਕੋਲ ਵਿਵਾਦ ਨਹੀਂ ਹੈ, ਸਗੋਂ ਭਾਰਤੀ ਲੋਕਤੰਤਰ ਦੇ ਕਈ ਪਹਿਲੂਆਂ ਨੂੰ ਉਜਾਗਰ ਕਰਦਾ ਹੈ। ਇਹ ਘਟਨਾ ਚੋਣ ਰਾਜਨੀਤੀ, ਸੰਵਿਧਾਨਕ ਸੰਸਥਾਵਾਂ ਅਤੇ ਸੰਘੀ ਢਾਂਚੇ ਵਿਚਕਾਰ ਸੰਤੁਲਨ ਬਣਾਈ ਰੱਖਣ ਦੀ ਮਹੱਤਤਾ ਨੂੰ ਦਰਸਾਉਂਦੀ ਹੈ। ਲੋਕਤੰਤਰ ਦੀ ਤਾਕਤ ਰਾਜਨੀਤਿਕ ਮਤਭੇਦਾਂ ਦੇ ਬਾਵਜੂਦ ਸੰਵਿਧਾਨਕ ਮਰਿਆਦਾ ਅਤੇ ਸੰਸਥਾਵਾਂ ਦਾ ਸਤਿਕਾਰ ਬਣਾਈ ਰੱਖਣ ਵਿਚ ਹੈ। ਭਵਿੱਖ ਵਿਚ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਇਹ ਵਿਵਾਦ ਕਿਸ ਦਿਸ਼ਾ ਵੱਲ ਜਾਂਦਾ ਹੈ, ਕੀ ਇਹ ਸਿਰਫ਼ ਇੱਕ ਚੋਣ ਮੁੱਦਾ ਹੀ ਰਹੇਗਾ ਜਾਂ ਕੀ ਇਹ ਭਵਿੱਖ ਵਿਚ ਪ੍ਰੋਟੋਕੋਲ ਅਤੇ ਕੇਂਦਰ-ਰਾਜ ਸਬੰਧਾਂ ਸੰਬੰਧੀ ਇੱਕ ਨਵੀਂ ਪ੍ਰਣਾਲੀ ਦੇ ਵਿਕਾਸ ਵੱਲ ਲੈ ਜਾਵੇਗਾ।

# ਡਾ. ਮੇਘਾ ਸਿੰਘ ਦੀ ਪੁਸਤਕ 'ਜੇ ਬਸਰੇ ਦੀ ਲਾਮ ਟੁੱਟ ਜਾਏ' ਅਮਨ ਦੀ ਪੁਕਾਰ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਡਾ. ਮੇਘਾ ਸਿੰਘ ਸੁਦ੍ਰਿੜ, ਬੁੱਧੀਮਾਨ ਤੇ ਸੰਜੀਦਾ ਸਾਹਿਤਕਾਰ ਹੈ। ਇਸ ਲਈ ਉਸਦੀਆਂ ਪੁਸਤਕਾਂ ਦੇ ਵਿਸ਼ੇ ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੇ ਹੁੰਦੇ ਹਨ। ਉਸ ਦੀਆਂ ਹੁਣ ਤੱਕ 13 ਮੌਲਿਕ ਅਤੇ ਚਾਰ ਸੰਪਾਦਿਤ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਚਰਚਾ ਅਧੀਨ ਉਸਦੀ ਸੰਪਾਦਿਤ ਪੁਸਤਕ 'ਜੇ ਬਸਰੇ ਦੀ ਲਾਮ ਟੁੱਟ ਜਾਏ' (ਜੰਗ ਵਿਰੁੱਧ ਅਮਨ ਦੀ ਕਵਿਤਾ) ਉਸਦੀ 14ਵੀਂ ਪੁਸਤਕ ਤੇ ਡਾ. ਮੇਘਾ ਸਿੰਘ ਦੀ ਸੋਚ ਦਾ ਪ੍ਰਤੀਕ ਹੈ। ਇਸ ਪੁਸਤਕ ਦਾ ਨਾਮ ਵੀ ਪੰਜਾਬੀ ਕਵਿਤਾ 'ਤੇ ਆਧਾਰਿਤ ਹੈ, ਜਿਸਦਾ ਅਰਥ ਬਸਰੇ ਦੀ ਜੰਗ ਵਿਚ ਇੱਕ ਸਿਪਾਹੀ ਦੇ ਜਾਣ ਕਰਕੇ ਉਸਦੀ ਪਤਨੀ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਹੈ। ਸੰਤ ਰਾਮ ਉਦਾਸੀ ਦੀ ਕਵਿਤਾ ਦੇ ਸ਼ਬਦ ਹਨ, 'ਬਸਰੇ ਦੀ ਲਾਮ ਟੁੱਟ ਜਾਏ, ਮੈਂ ਰੰਡੀਓਂ ਸੁਹਾਗਣ ਹੋਵਾਂ...।' ਭਾਵ ਜੇਕਰ ਜੰਗ ਨੂੰ ਜਾਣਾ ਰੁਕ ਜਾਵੇ, ਤਾਂ ਮੇਰਾ ਪਤੀ ਮੇਰੇ ਕੋਲ ਹੋਵੇਗਾ, ਮੈਂ ਸੁਹਾਗਣ ਹੋਵਾਂਗੀ। ਪੁਸਤਕ ਦਾ ਇਹ ਸਿਰਲੇਖ ਹੀ ਪੁਸਤਕ ਵਿਚਲੀ ਸਾਰੀ ਕਵਿਤਾ ਦਾ ਭਾਵ ਅਰਥ ਪ੍ਰਗਟ ਕਰਦਾ ਹੈ। ਪੰਜਾਬੀ ਦੇ ਅਨੇਕਾਂ ਸਾਹਿਤਕਾਰਾਂ/ਸ਼ਾਇਰਾਂ ਨੇ ਅਨੇਕਾਂ ਅਮਨ ਦੀ ਸਥਾਪਤੀ ਲਈ ਗੀਤ, ਗ਼ਜ਼ਲਾਂ ਅਤੇ ਕਵਿਤਾਵਾਂ ਲਿਖੀਆਂ ਹਨ। ਇਸ ਪੁਸਤਕ ਵਿਚ 103 ਨਵੇਂ ਤੇ ਪੁਰਾਣੇ ਕਵੀਆਂ ਦੀਆਂ 161 ਕਵਿਤਾਵਾਂ, ਗ਼ਜ਼ਲਾਂ ਤੇ ਗੀਤ ਹਨ। ਇਹ ਖੋਜ ਭਰਪੂਰ ਪੁਸਤਕ ਡਾ. ਮੇਘਾ ਸਿੰਘ ਦੀ ਵਿਦਵਤਾ, ਸੰਜੀਦਗੀ, ਦ੍ਰਿੜ੍ਹਤਾ, ਮਿਹਨਤ ਅਤੇ ਸਿਰੜ ਦਾ ਨਮੂਨਾ ਹੈ। ਡਾ. ਮੇਘਾ ਸਿੰਘ ਦੀ ਪੁਸਤਕ ਦਾ ਵਿਸ਼ਾ ਮਨੁੱਖੀ ਮਨਾਂ ਦੀਆਂ ਭਾਵਨਾਵਾਂ/ਤਰੰਗਾਂ ਦੀ ਹੂਕ ਦਾ ਪ੍ਰਗਟਾਵਾ ਹੈ। ਸੰਸਾਰ ਵਿਚ ਵਿਕਾਸ ਤਾਂ ਹੀ ਸੰਭਵ ਹੋ ਸਕਦਾ, ਜੇਕਰ ਵਾਤਾਵਰਨ ਸ਼ਾਂਤਮਈ ਹੋਵੇਗਾ। ਸੰਸਾਰ ਦੇ ਇਤਿਹਾਸ 'ਤੇ ਨਿਗਾਹ ਮਾਰਿਆਂ ਪਤਾ ਲੱਗਦਾ ਹੈ ਕਿ ਅਮਨ ਦੇ ਹਾਮੀ ਹਮੇਸ਼ਾ ਸਾਹਿਤਕਾਰ/ਸ਼ਾਇਰ ਹੀ ਬਣਦੇ ਆ ਰਹੇ ਹਨ। ਰਾਜ ਕਰਨ ਵਾਲੇ ਸਿਆਸਤਦਾਨ ਹਮੇਸ਼ਾ ਜੰਗਾਂ ਰਾਹੀਂ ਰਾਜ ਕਰਨ ਦੀ ਭੁੱਖ ਪੂਰੀ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਸੰਸਾਰ ਦੀਆਂ ਦੋਵੇਂ ਜੰਗਾਂ ਅਤੇ ਹੁਣ ਵਰਤਮਾਨ ਜੰਗਾਂ ਦੇ ਹਾਲਾਤ ਬਾਰੇ ਸਾਹਿਤਕਾਰਾਂ/ਸ਼ਾਇਰਾਂ ਨੇ ਹੀ ਲਾਮਬੰਦ ਹੋ ਕੇ ਆਵਾਜ਼ ਬੁਲੰਦ ਕੀਤੀ ਸੀ। ਅਸਲ ਵਿਚ ਖੱਬੇ-ਪੱਖੀ ਵਿਚਾਰਧਾਰਾ ਵਾਲੇ ਸਾਹਿਤਕਾਰ/ਸ਼ਾਇਰ ਹੀ ਅਮਨ ਦੇ ਹੱਕ ਵਿਚ ਸਭ ਤੋਂ ਪਹਿਲਾਂ ਆਵਾਜ਼ ਬੁਲੰਦ ਕਰਦੇ ਹਨ। ਪੰਜਾਬੀ ਦੇ ਸਾਹਿਤਕਾਰਾਂ/ਸ਼ਾਇਰਾਂ ਨੇ ਹਮੇਸ਼ਾ ਹੀ ਅਮਨ ਦੀ ਬਾਤ ਪਾਈ ਹੈ। ਇਹ ਸਾਰਾ ਕੁਝ ਇਸ




ਪੁਸਤਕ ਦੀਆਂ ਕਵਿਤਾਵਾਂ/ਗੀਤਾਂ ਅਤੇ ਗ਼ਜ਼ਲਾਂ ਰਾਹੀਂ ਲੋਕਾਈ ਨੂੰ ਦੱਸਣਾ ਹੀ ਡਾ. ਮੇਘਾ ਸਿੰਘ ਦੀ ਭਾਵਨਾ ਹੈ। ਡਾ. ਮੇਘਾ ਸਿੰਘ ਦੀ ਇਸ ਪੁਸਤਕ ਦਾ ਮੰਤਵ ਵੀ ਇਹੋ ਹੈ ਕਿ ਸਰਮਾਏਦਾਰ ਲੋਕਾਂ ਵੱਲੋਂ ਜੰਗਾਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ, ਇਸ ਲਈ ਉਸਨੇ ਭਵਿੱਖ ਦੀਆਂ ਜੰਗਾਂ ਨੂੰ ਰੋਕਣ ਲਈ ਸਾਹਿਤਕਾਰਾਂ ਖਾਸ ਤੌਰ 'ਤੇ ਸ਼ਾਇਰਾਂ ਨੂੰ ਅਮਨ ਦੇ ਹੱਕ ਵਿਚ ਲਾਮਬੰਦ ਕਰਨ ਦਾ ਉਪਰਾਲਾ ਕੀਤਾ ਹੈ। ਅਜਿਹਾ ਸਿਰੜੀ ਕੰਮ ਡਾ. ਮੇਘਾ ਸਿੰਘ ਹੀ ਕਰ ਸਕਦਾ ਹੈ, ਕਿਉਂਕਿ ਸਮੁੱਚੇ ਪੁਰਾਣੇ ਅਤੇ ਨਵੇਂ ਵੱਡੇ-ਛੋਟੇ ਅਣਗਿਣਤ ਸ਼ਾਇਰਾਂ ਦੀਆਂ ਅਮਨ ਸੰਬੰਧੀ ਕਵਿਤਾਵਾਂ ਖੱਲਾਂ ਖੂੰਜਿਆਂ ਵਿਚੋਂ ਲੱਭ ਕੇ, ਉਨ੍ਹਾਂ ਵਿਚੋਂ ਛਾਂਟਕੇ ਚੋਣ ਕਰਨਾ ਬੜਾ ਸ਼ਿੱਦਤ, ਧੀਰਜ, ਸਿਰੜ, ਸੰਜੀਦਗੀ ਅਤੇ ਦ੍ਰਿੜ੍ਹਤਾ ਨਾਲ ਕਰਨ ਵਾਲਾ ਕੰਮ ਹੈ। ਡਾ. ਮੇਘਾ ਸਿੰਘ ਨੇ ਅਮਨ ਦੀ ਗੁਹਾਰ ਲਾਉਣ ਵਾਲੀਆਂ ਕਵਿਤਾਵਾਂ/ਗੀਤਾਂ ਅਤੇ ਗ਼ਜ਼ਲਾਂ ਨੂੰ ਸਮੁੰਦਰ ਵਿਚੋਂ ਮੋਤੀ ਲੱਭਣ ਵਾਲਾ ਕੰਮ ਕੀਤਾ ਹੈ। ਇੱਕ ਸੰਸਥਾ ਜਿਤਨਾ ਕੰਮ ਡਾ. ਮੇਘਾ ਸਿੰਘ ਨੇ ਕਰਕੇ ਮਿਸਾਲ ਪੈਦਾ ਕਰ ਦਿੱਤੀ ਹੈ। ਕਵਿਤਾਵਾਂ ਇਕੱਠੀਆਂ ਕਰਨਾ ਤੇ ਫਿਰ ਉਨ੍ਹਾਂ ਦੇ ਲੇਖਕਾਂ ਤੋਂ ਪ੍ਰਕਾਸ਼ਤ ਕਰਨ ਦੀ ਇਜਾਜ਼ਤ ਲੈਣਾ, ਬਹੁਤ ਹੀ ਮੁਸ਼ਕਲ ਕੰਮ ਹੁੰਦਾ ਹੈ। ਉਨ੍ਹਾਂ ਸਾਰੇ ਲੇਖਕਾਂ ਨਾਲ ਸੰਪਰਕ ਕਰਨਾ, ਖਾਸ ਤੌਰ 'ਤੇ ਜਿਹੜੇ ਸ਼ਾਇਰ ਸਵਰਗਵਾਸ ਹੋ ਚੁੱਕੇ ਹਨ, ਉਨ੍ਹਾਂ ਦੇ ਵਾਰਸਾਂ ਤੋਂ ਪ੍ਰਵਾਨਗੀ ਲੈਣੀ ਕਠਿਨ ਕਾਰਜ ਸੀ, ਪ੍ਰੰਤੂ ਡਾ. ਮੇਘਾ ਸਿੰਘ ਨੇ ਸ਼ਿੱਦਤ ਨਾਲ ਖੋਜ ਕਰਕੇ

**318 ਪੰਨਿਆਂ, 500 ਰੁਪਏ ਕੀਮਤ ਵਾਲੀ ਇਹ ਪੁਸਤਕ ਨਵਯੁਗ ਪਬਲਿਸ਼ਰਜ਼ ਨਵੀਂ ਦਿੱਲੀ ਨੇ ਪ੍ਰਕਾਸ਼ਤ ਕੀਤੀ ਹੈ। ਸੰਪਰਕ ਡਾ. ਮੇਘਾ ਸਿੰਘ : 97800-36137**

ਸਾਰਿਆਂ ਨੂੰ ਲੱਭਿਆ ਤੇ ਫਿਰ ਉਨ੍ਹਾਂ ਤੋਂ ਪ੍ਰਵਾਨਗੀ ਲੈ ਕੇ ਪ੍ਰਕਾਸ਼ਤ ਕੀਤਾ ਹੈ। ਇਸ ਤੋਂ ਡਾ. ਮੇਘਾ ਸਿੰਘ ਦੀ ਲਗਨ ਅਤੇ ਅਮਨ ਸਥਾਪਤ ਕਰਨ ਦੀ ਸੋਚ ਦਾ ਪਤਾ ਲੱਗਦਾ ਹੈ। ਡਾ. ਮੇਘਾ ਸਿੰਘ ਹਰ ਉਸਾਰੂ ਤੇ ਸਮਾਜ ਦੇ ਹਿੱਤਾਂ 'ਤੇ ਪਹਿਰਾ ਦੇਣ ਵਾਲੀ ਸਾਹਿਤਕ ਰਚਨਾ ਕਰਦਾ ਹੈ। ਉਹ ਆਮ ਬਹੁਤੇ ਸਾਹਿਤਕਾਰਾਂ ਦੀ ਤਰ੍ਹਾਂ ਰੁਮਾਂਸਵਾਦੀ ਸਾਹਿਤ ਦਾ ਵਿਰੋਧ ਤੇ ਪ੍ਰੋੜ੍ਹਤਾ ਵੀ ਨਹੀਂ ਕਰਦਾ, ਸਗੋਂ ਅਜਿਹਾ ਸਾਹਿਤ ਰਚਦਾ ਹੈ, ਜਿਹੜਾ ਮਾਨਵਤਾ ਦੇ ਹਿੱਤਾਂ 'ਤੇ ਪਹਿਰਾ ਦਿੰਦਾ ਹੋਵੇ। ਉਸਦੀ ਇਹ ਪੁਸਤਕ ਸਮਾਜਿਕ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਦੀ ਹੈ। ਡਾ. ਮੇਘਾ ਸਿੰਘ ਚੇਤੰਨ, ਵਿਦਵਾਨ ਚਿੰਤਕ ਹੈ, ਜਿਹੜਾ ਮਨੁੱਖੀ ਭਾਵਨਾਵਾਂ ਦੀ ਕਵਿਤਾ ਰਾਹੀਂ ਤਰਜਮਾਨੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਪੁਸਤਕ ਵਿਚ ਸ਼ਾਮਲ ਕਵਿਤਾਵਾਂ ਅਜਿਹੀਆਂ ਹਨ, ਜਿਹੜੀਆਂ ਇਨਸਾਨੀਅਤ ਦੀ ਮਾਨਸਿਕਤਾ ਦੀ ਤਰਜਮਾਨੀ ਕਰਦੀਆਂ ਹੋਈਆਂ ਜੰਗ ਦੇ ਕਰੂਰ ਪ੍ਰਭਾਵਾਂ ਦਾ ਦ੍ਰਿਸ਼ਟਾਂਤਿਕ ਪ੍ਰਗਟਾਵਾ ਕਰਦੀਆਂ ਹਨ।

ਡਾ. ਮੇਘਾ ਸਿੰਘ ਨੇ ਸਭ ਤੋਂ ਪਹਿਲਾਂ ਜਿਹੜੀਆਂ ਬਸਰੇ ਦੀ ਲਾਮ ਨਾਲ ਸੰਬੰਧਤ ਕਵਿਤਾਵਾਂ ਦੀਆਂ 20 ਟੂਕਾਂ ਦਿੱਤੀਆਂ ਹਨ, ਉਹ ਇੱਕ ਕਿਸਮ ਨਾਲ ਇਨਸਾਨੀਅਤ ਦੇ ਮਨ ਮਸਤਕ ਵਿਚੋਂ ਨਿਕਲੀਆਂ ਅਮਨ ਦੀਆਂ ਹੂਕਾਂ ਹਨ। ਇਸੇ ਤਰ੍ਹਾਂ ਪੁਸਤਕ ਦੇ ਅਖ਼ੀਰ ਵਿਚ ਜੰਗ ਸੰਬੰਧੀ ਸੰਸਾਰ ਦੇ ਪ੍ਰਤਿਸ਼ਟ ਵਿਅਕਤੀਆਂ ਦੇ ਵਿਚਾਰ ਦਿੱਤੇ ਹਨ, ਜਿਨ੍ਹਾਂ ਵਿਚ ਦਰਸਾਇਆ ਗਿਆ ਹੈ ਕਿ ਵਿਦਵਾਨ ਲੋਕਾਂ ਦਾ ਜੰਗ ਬਾਰੇ ਕੀ ਦ੍ਰਿਸ਼ਟੀਕੋਣ ਹੈ। ਸਾਰੀ ਪੁਸਤਕ ਪੜ੍ਹਨ ਤੋਂ ਬਾਅਦ ਇਹ ਪਤਾ ਲੱਗਦਾ ਹੈ ਕਿ ਜੰਗ ਦੇ ਸਮਾਜਿਕ ਤਾਣੇ-ਬਾਣੇ 'ਤੇ ਬਹੁ-ਪੱਖੀ ਪ੍ਰਭਾਵ ਪੈਂਦੇ ਹਨ, ਜਿਨ੍ਹਾਂ ਵਿਚ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਮਾਨਸਿਕ ਸ਼ਾਮਲ ਹਨ। ਮਾਵਾਂ ਪੁੱਤਾਂ, ਭੈਣਾਂ ਭਰਾਵਾਂ, ਔਰਤਾਂ ਪਤੀਆਂ, ਬੱਚੇ ਤੋਂ ਵਾਂਝੇ ਹੀ ਨਹੀਂ ਹੋ ਜਾਂਦੇ, ਸਗੋਂ ਉਸ ਤੋਂ ਬਾਅਦ ਜਿਹੜੇ ਹਾਲਾਤ ਵਿਚੋਂ ਉਨ੍ਹਾਂ ਨੂੰ ਗੁਜ਼ਰਨਾ ਪੈਂਦਾ ਹੈ, ਉਹ ਬਹੁਤ ਹੀ ਹਿਰਦੇਵੇਦਿਕ ਹੁੰਦੇ ਹਨ। ਜੰਗ ਤੋਂ ਪ੍ਰਭਾਵਤ ਲੋਕਾਂ ਦਾ ਜੀਣਾ ਦੁੱਭਰ ਹੋ ਜਾਂਦਾ ਹੈ। ਜ਼ਿੰਦਗੀ ਬਸਰ ਕਰਨ ਦੀ ਤ੍ਰਾਸਦੀ ਭਿਆਨਕ ਹੁੰਦੀ ਹੈ। ਵੈਸੇ ਤਾਂ ਪੁਸਤਕ ਦੀਆਂ ਸਾਰੀਆਂ ਹੀ ਕਵਿਤਾਵਾਂ ਦਿਲਾਂ ਨੂੰ ਟੁੰਬਦੀਆਂ ਹੋਈਆਂ ਅਮਨ ਦੀ ਆਵਾਜ਼ ਬੁਲੰਦ ਕਰਦੀਆਂ ਹਨ, ਪ੍ਰੰਤੂ ਕੁਝ ਕੁ ਜਿਵੇਂ ਅਰਜਨ ਸਿੰਘ ਗੜਗੱਜ ਦੀ ਕਵਿਤਾ 'ਦਰਵਾਜ਼ੇ ਬੰਦ ਕਰੋ ਖ਼ੂਨੀ ਸੌਦਾਗਰ ਔਂਦਾ ਹੈ' ਆਪਣੇ ਆਪ ਹੀ ਇੱਕ ਸਤਰ ਵਿਚ ਡੂੰਘੀ ਗੱਲ ਕਰ ਜਾਂਦੀ ਹੈ। ਖ਼ੂਨੀ ਸੌਦਾਗਰ ਸ਼ਬਦ ਦੁੱਖਾਂ ਦੀ ਪਟਾਰੀ ਖੋਲ੍ਹਕੇ ਰੱਖ ਦਿੰਦਾ ਹੈ, ਕਿਉਂਕਿ ਸੌਦਾਗਰ ਲੋਕ ਹਿਤ ਦੀ ਗੱਲ ਨਹੀਂ ਕਰਦੇ, ਸਗੋਂ ਉਹ ਆਪਣਾ ਲਾਭ ਵੇਖਦੇ ਹਨ। ਲਗਪਗ ਹਰ ਕਵਿਤਾ ਵਿਚ ਜੰਗ ਨਾਲ ਹੋਣ ਵਾਲੇ ਵਿਨਾਸ਼ ਦੀ ਜਾਣਕਾਰੀ ਦਿੰਦੀ ਹੈ। ਸਰਮਾਏਦਾਰ ਦੇਸ਼ਾਂ ਦੀ ਹਉਮੈ ਅਤੇ ਖ਼ੁਦਗਰਜ਼ੀ ਨਿੱਜੀ ਮੁਫਾਦਾਂ ਨੂੰ ਪੂਰਾ ਕਰਨ ਦੀਆਂ ਤਿਗੜਮਬਾਜ਼ੀਆਂ, ਇਨਸਾਨੀ ਕਦਰਾਂ-ਕੀਮਤਾਂ ਦਾ ਨਿਰਾਦਰ ਕਰਦੀਆਂ ਹਨ। ਅਮੋਲਕ ਸਿੰਘ 'ਫ਼ਲਸਤੀਨ ਦੀ ਆਵਾਜ਼' ਸਿਰਲੇਖ ਵਾਲੀ ਕਵਿਤਾ ਵਿਚ ਲਿਖਦਾ ਹੈ:

ਜਿਥੇ ਵਰਖਾ ਬਰੂਦ ਦੀ ਨਿੱਤ ਹੋਏ
ਜੇ ਜ਼ੁਲਮ ਰਹੇ ਤਾਂ ਅਮਨ ਦੱਸੋ
ਭਲਾ ਧਰਤ 'ਤੇ ਕਿੱਧਰੋਂ ਭਾਲਦੇ ਹੋ।
ਤੇਲ ਪੀਣ ਲਈ ਸਾਡਾ ਉਹ ਖ਼ੂਨ ਪੀਂਦੇ
ਫੇਰ ਵੀ ਨਾ ਉਨ੍ਹਾਂ ਦੀ ਪਿਆਸ ਮੁੱਕੀ।

ਇਸ ਕਵਿਤਾ ਦੀ ਚੀਸ ਸਹਿਣੀ ਮੁਸ਼ਕਲ ਹੋ ਜਾਂਦੀ ਹੈ। ਬਿਲਕੁਲ ਇਸੇ ਤਰ੍ਹਾਂ ਈਸ਼ਵਰ ਚਿਤਰਕਾਰ ਦੀ ਕਵਿਤਾ 'ਲੋਹੇ ਦੇ ਪੰਛੀ' ਸਾਮਰਾਜੀਆਂ ਦੀ ਭੁੱਖ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੀ ਹੈ:

ਹਰ ਜੀਵਨ ਦੇ ਖੇਤਰ ਅੰਦਰ ਭੁੱਖ ਦਿਸੇ ਪਰਧਾਨ!
ਥਾਂ-ਥਾਂ ਲੜਦਾ ਦਿਸੇ ਵਪਾਰ
'ਸਾਮਰਾਜ ਦਾ ਕਲਸ ਸੁਨਹਿਰੀ ਕਿਵੇਂ ਬਚੇਗਾ?'
ਸੋਚ ਰਹੇ ਸਰਮਾਏਦਾਰ।

'ਬਸਰੇ ਦੀ ਲਾਮ ਟੁੱਟ ਜਾਏ' ਪੁਸਤਕ ਦੀਆਂ ਕਵਿਤਾਵਾਂ, ਗੀਤ ਅਤੇ ਗ਼ਜ਼ਲਾਂ, ਜੰਗਾਂ ਦੇ ਦੁਖਾਂਤ, ਅਮਨ ਬਰਕਰਾਰ ਰੱਖਣ ਤੱਕ ਹੀ ਸੀਮਤ ਨਹੀਂ, ਸਗੋਂ ਸਮਾਜਿਕ ਕੁਰੀਤੀਆਂ ਜਿਹੜੀਆਂ ਸਮਾਜ ਨੂੰ ਘੁਣ ਦੀ ਤਰ੍ਹਾਂ ਲੱਗਕੇ ਖੋਖਲਾ ਕਰ ਰਹੀਆਂ ਹਨ, ਬਾਰੇ ਵੀ ਪਾਠਕਾਂ ਨੂੰ ਲਾਮਬੰਦ ਹੋਣ ਦੀ ਪ੍ਰੇਰਨਾ ਦਿੰਦੀਆਂ ਹਨ, ਜਿਨ੍ਹਾਂ ਵਿਚ ਜ਼ਾਤ-ਪਾਤ, ਨਸਲਵਾਦ, ਊਚ-ਨੀਚ, ਅਮੀਰ-ਗ਼ਰੀਬ, ਧਾਰਮਿਕ ਕੱਟੜਤਾ, ਰੰਗ-ਭੇਦ, ਨਸ਼ਿਆਂ ਦੇ ਸੌਦਾਗਰ ਅਤੇ ਮਖੌਟਾਧਾਰੀ ਵੀ ਸ਼ਾਮਲ ਹਨ। ਗਮਦੂਰ ਰੰਗੀਲਾ ਦੀ ਲੰਬੀ ਕਵਿਤਾ 'ਮੈਂ ਸਰਹੱਦ ਬੋਲਦੀ ਹਾਂ' ਵਿਚ ਕਵੀ ਨੇ ਕੋਈ ਅਜਿਹਾ ਪੱਖ ਨਹੀਂ ਛੱਡਿਆ, ਜਿਸਦਾ ਜੰਗ ਨਾਲ ਹੋਏ ਤੇ ਹੋਣ ਵਾਲੇ ਨੁਕਸਾਨ ਦੀ ਤਸਵੀਰ ਖਿੱਚ ਕੇ ਨਾ ਰੱਖੀ ਹੋਵੇ। ਇਸ ਕਵਿਤਾ ਦਾ ਹਰ ਸ਼ਿਅਰ ਦਿਲ ਨੂੰ ਟੁੰਬਦਾ ਹੋਇਆ ਅਜਿਹੀ ਤਕਲੀਫ ਦਿੰਦਾ ਹੈ, ਜਿਸਨੂੰ ਸਹਿਣਾ ਬਹੁਤ ਹੀ ਔਖਾ ਹੋ ਜਾਂਦਾ ਹੈ। ਬਾਬਾ ਨਜਮੀ ਦਾ ਜੰਗ ਦੇ ਪ੍ਰਭਾਵ ਨੂੰ ਦਰਸਾਉਣ ਦਾ ਆਪਣਾ ਨਜ਼ਰੀਆ ਹੈ, ਉਸਦੀ ਗ਼ਜ਼ਲ ਕੁਝ ਸ਼ਿਅਰਾਂ ਵਿਚ ਦੱਸਣ ਦੀ ਕੋਸ਼ਿਸ਼ ਇਸ ਪ੍ਰਕਾਰ ਹੈ:

ਲਹੂ ਤੇ ਤੇਰਾ ਮੇਰਾ ਲੱਗਦਾ, ਤੇਰੇ ਮੇਰੇ ਖ਼ੰਜਰ ਨੂੰ।
ਡੁੱਬੇ ਵਿਚ ਸਮੁੰਦਰ ਬੇੜੇ, ਸਾਥੋਂ ਹਾਲੇ ਨਿਕਲੇ ਨਈਂ,
ਵੇਖੋ ਢੋਲ ਵਜਾ ਕੇ ਚੱਲੇ, ਫੋਲਣ ਉਹਦੇ ਅੰਬਰ ਨੂੰ।
ਕਦੇ-ਕਦੇ ਤੇ ਏਹੋ ਜਹੀ ਵੀ, ਬੰਦਾ ਹਰਕਤ ਕਰਦਾ ਏ,
ਆਪਣਾ ਮੂੰਹ ਲੁਕਾਉਣਾ ਔਖਾ, ਹੋ ਜਾਂਦਾ ਏ ਡੰਗਰ ਨੂੰ।

ਮਨਜੀਤ ਸਿੰਘ ਮਾਨ ਦੀ ਕਵਿਤਾ 'ਬੰਬ ਕਦੇ ਨਾ ਕਿਸੇ ਨੂੰ ਦੇਣ ਜੀਵਨ' ਜੰਗਾਂ ਦੇ ਕਰੂਰ ਪ੍ਰਭਾਵ ਬਾਰੇ ਲਿਖਦੇ ਹਨ:

ਬੰਬ ਕਦੇ ਨਾ ਕਿਸੇ ਨੂੰ ਦੇਣ ਜੀਵਨ,
ਇਹ ਬਣਦੇ ਹੀ ਨੇ ਲੋਥਾਂ ਵਿਛਾਉਣ ਦੇ ਲਈ।
ਜੈਵ-ਜੀਵਨ ਤੇ ਜੰਗਲਾਂ ਦਾ ਨਾਸ ਕਰਦੇ,
ਖ਼ਤਰਨਾਕ ਨੇ ਪਾਣੀ ਤੇ ਪੌਣ ਲਈ।

ਵੱਡ ਆਕਾਰੀ ਪੁਸਤਕ ਦੀ ਪੜਚੋਲ ਸੰਖੇਪ ਵਿਚ ਕਰਨੀ ਅਸੰਭਵ ਹੁੰਦੀ ਹੈ, ਪ੍ਰੰਤੂ ਫਿਰ ਵੀ ਕੋਸ਼ਿਸ਼ ਕੀਤੀ ਗਈ ਹੈ ਕਿ ਹਰ ਪੱਖ ਬਾਰੇ ਦੱਸਿਆ ਜਾਵੇ। ਡਾ. ਮੇਘਾ ਸਿੰਘ ਦੀ ਇਹ ਪੁਸਤਕ ਸਲਾਹੁਣਯੋਗ ਦਸਤਵੇਜ਼ ਬਣ ਗਈ ਹੈ, ਜੋ ਸਾਹਿਤ ਦੇ ਖੋਜੀ ਵਿਦਿਆਰਥੀਆਂ ਲਈ ਲਾਭਦਾਇਕ ਸਾਬਤ ਹੋਵੇਗੀ।

# ਪੰਜਾਬੀ ਸਿਨੇ ਜਗਤ ਦਾ ਮਾਣ : ਸਰਦਾਰ ਸੋਹੀ

ਬਲਦੇਵ ਸਿੰਘ ਬੇਦੀ
ਜਲੰਧਰ
90419-25181
ਪੰਜਾਬ ਮੇਲ USA



ਪੰਜਾਬੀ ਸਿਨੇਮਾ ਵਿਚ ਕੁਝ ਅਦਾਕਾਰ ਅਜਿਹੇ ਵੀ ਹਨ, ਜੋ ਸਿਰਫ਼ ਕਿਰਦਾਰ ਹੀ ਨਹੀਂ ਨਿਭਾਉਂਦੇ, ਸਗੋਂ ਉਸ ਕਿਰਦਾਰ ਨੂੰ ਆਪਣੀ ਅਦਾਕਾਰੀ ਨਾਲ ਜੀਵੰਤ ਕਰ ਦਿੰਦੇ ਹਨ। ਸਰਦਾਰ ਸੋਹੀ ਵੀ ਉਨ੍ਹਾਂ ਚੁਣਿੰਦਿਆਂ ਕਲਾਕਾਰਾਂ ਵਿਚੋਂ ਇੱਕ ਹਨ, ਜਿਨ੍ਹਾਂ ਦੀ ਮੌਜੂਦਗੀ ਫ਼ਿਲਮ ਨੂੰ ਨਾ ਸਿਰਫ਼ ਮਜ਼ਬੂਤੀ ਦਿੰਦੀ ਹੈ, ਸਗੋਂ ਉਸ ਫ਼ਿਲਮ ਦੀ ਸੋਚ ਅਤੇ ਸੰਦੇਸ਼ ਨੂੰ ਵੀ ਗਹਿਰਾਈ ਦਿੰਦੀ ਹੈ। ਚਾਹੇ ਫ਼ਿਲਮ 'ਅਰਦਾਸ' ਵਿਚ ਸੋਹੀ ਸਾਬ੍ਹ ਵਰਗਾ ਭਾਵਨਾਤਮਕ ਕਿਰਦਾਰ ਹੋਵੇ ਜਾਂ 'ਸਰਦਾਰ ਮੁਹੰਮਦ' ਵਿਚ ਕਰਨਲ ਹਰਜੀਤ ਸਿੰਘ ਤੱਖੜ ਜਿਹਾ ਸਖ਼ਤ ਤੇ ਅਸੂਲਾਂ 'ਤੇ ਡਟਿਆ ਚਿਹਰਾ, ਸਰਦਾਰ ਸੋਹੀ ਨੇ ਹਰ ਭੂਮਿਕਾ ਵਿਚ ਸੱਚਾਈ ਅਤੇ ਇਮਾਨਦਾਰੀ ਦੀ ਅਜਿਹੀ ਛਾਪ ਛੱਡੀ ਹੈ, ਜੋ ਦਰਸ਼ਕਾਂ ਨੂੰ ਅੰਤ ਤੱਕ ਕਿਰਦਾਰ ਨਾਲ ਜੋੜ ਕੇ ਰੱਖਦੀ ਹੈ।

20 ਨਵੰਬਰ 1949 ਨੂੰ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਪਿੰਡ ਟਿੱਬਾ ਵਿਚ ਜਨਮੇ ਪਰਮਜੀਤ ਸਿੰਘ ਸੋਹੀ, ਜਿਨ੍ਹਾਂ ਨੂੰ ਅੱਜ ਦੁਨੀਆਂ 'ਸਰਦਾਰ ਸੋਹੀ' ਦੇ ਨਾਮ ਨਾਲ ਜਾਣਦੀ ਹੈ, ਬਚਪਨ ਤੋਂ ਹੀ ਕਲਾ ਦੇ ਸ਼ੌਕੀਨ ਸਨ। ਪਿਤਾ ਸ਼ਿਵਦੇਵ ਅਤੇ ਮਾਤਾ ਸਵਰੂਪ ਕੌਰ ਜੀ ਦਾ ਉਨ੍ਹਾਂ ਨੂੰ ਪੂਰਾ ਸਹਿਯੋਗ ਮਿਲਿਆ। ਦਸਤਾਰ ਨਾਲ ਸਜੀ ਹੋਈ ਸ਼ਖ਼ਸੀਅਤ ਨੇ ਹੀ ਉਨ੍ਹਾਂ ਨੂੰ 'ਸਰਦਾਰ ਸੋਹੀ' ਨਾਂ ਦੀ ਪਛਾਣ ਦਿੱਤੀ, ਜੋ ਅੱਗੇ ਚੱਲ ਕੇ ਉਨ੍ਹਾਂ ਦੀ ਅਦਾਕਾਰੀ ਦੀ ਤਰ੍ਹਾਂ ਹੀ ਮਸ਼ਹੂਰ ਹੋ ਗਈ।



ਗੁਰਪ੍ਰੀਤ ਘੁੱਗੀ ਅਤੇ ਗਿੱਪੀ ਗਰੇਵਾਲ ਨਾਲ ਸੋਹੀ ਸਾਹਿਬ।

ਸਕੂਲੀ ਦੌਰ ਵਿਚ ਪੜ੍ਹਾਈ ਨਾਲੋਂ ਮੰਚ ਉਨ੍ਹਾਂ ਨੂੰ ਵੱਧ ਖਿੱਚਦਾ ਸੀ। ਹਰ ਸੱਭਿਆਚਾਰਕ ਗਤੀਵਿਧੀ 'ਚ ਅੱਗੇ ਰਹਿਣ ਵਾਲਾ ਇਹ ਨੌਜਵਾਨ ਅੰਦਰੋਂ-ਅੰਦਰ ਇੱਕ ਕਾਮਯਾਬ ਅਦਾਕਾਰ ਬਣਨ ਦਾ ਸੁਪਨਾ ਸਜਾਏ ਬੈਠਾ ਸੀ। ਪਰ ਪਿਤਾ ਜੀ ਚਾਹੁੰਦੇ ਸਨ ਕਿ ਪੁੱਤਰ ਡਾਕਟਰ ਬਣੇ, ਪਰ ਸੋਹੀ ਜੀ ਦਾ ਦਿਲ ਅਦਾਕਾਰੀ ਵਿਚ ਹੀ ਵੱਸਦਾ ਸੀ ਅਤੇ ਉਹ ਇਸ ਸੁਪਨੇ ਤੋਂ ਕਦੇ ਡਿੱਗੇ ਨਹੀਂ।

ਪੜ੍ਹਾਈ ਦੇ ਰਸਤੇ ਉਨ੍ਹਾਂ ਨੂੰ ਮਸਤੂਆਣਾ ਸਾਹਿਬ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਬੀ.ਐੱਸ.ਸੀ. ਐਗਰੀਕਲਚਰ ਤੱਕ ਲੈ ਗਏ, ਪਰ ਮਨ ਅਜੇ ਵੀ ਮੰਚਾਂ ਦੀਆਂ ਲਾਲ ਬੱਤੀਆਂ 'ਤੇ ਹੀ ਅਟਕਿਆ ਹੋਇਆ ਸੀ। ਮੁੰਬਈ ਜਾ ਕੇ ਅਦਾਕਾਰੀ ਸਿੱਖਣ ਦੀ ਕੋਸ਼ਿਸ਼ ਤਾਂ ਕੀਤੀ, ਨਿਰਾਸ਼ਾ ਵੀ ਮਿਲੀ, ਪਰ ਹੌਂਸਲਾ ਨਹੀਂ ਟੁੱਟਿਆ।

ਉੱਥੋਂ ਦੀ 12 ਸਾਲਾਂ ਬਾਅਦ ਪੰਜਾਬ ਵਾਪਸੀ ਨੇ ਉਨ੍ਹਾਂ ਨੂੰ ਥੀਏਟਰ ਦੀ ਦੁਨੀਆਂ ਨਾਲ ਜੋੜ ਦਿੱਤਾ। ਹਰਪਾਲ ਟਿਵਾਣਾ ਦੇ ਥੀਏਟਰ ਗਰੁੱਪ ਨਾਲ 1975 ਤੋਂ 1985 ਤੱਕ ਦਾ ਸਮਾਂ ਸਰਦਾਰ ਸੋਹੀ ਲਈ ਸਿਖਲਾਈ ਦਾ ਸਕੂਲ ਸਾਬਤ ਹੋਇਆ। ਇੱਥੇ ਹੀ ਉਨ੍ਹਾਂ ਨੇ ਅਦਾਕਾਰੀ ਦੀਆਂ ਬਾਰੀਕੀਆਂ ਸਿੱਖੀਆਂ ਅਤੇ ਓਮ ਪੁਰੀ ਵਰਗੇ ਮਹਾਨ ਕਲਾਕਾਰਾਂ ਨਾਲ ਮੰਚ ਸਾਂਝਾ ਕਰਦਿਆਂ ਆਪਣੀ ਕਲ੍ਹਾ ਨੂੰ ਹੋਰ ਵੀ ਨਿਖਾਰਿਆ।

1983 ਵਿਚ ਆਈ ਫ਼ਿਲਮ 'ਲੌਂਗ ਦਾ ਲਿਸ਼ਕਾਰਾ' ਨੇ ਸਰਦਾਰ ਸੋਹੀ ਨੂੰ ਵੱਡੇ ਪਰਦੇ 'ਤੇ ਪਛਾਣ ਦਿਵਾਈ ਅਤੇ ਫ਼ਿਲਮ ਵੀ ਸੁਪਰਹਿੱਟ ਸਾਬਤ ਹੋਈ। ਇਸ ਫ਼ਿਲਮ ਦੀ ਕਾਮਯਾਬੀ ਤੋਂ ਬਾਅਦ ਉਹ, ਖੇਲ ਤਕਦੀਰਾਂ ਦੇ, ਬਾਗ਼ੀ, ਮਿੱਟੀ, ਅਰਦਾਸ, ਕੇਰੀ ਓਨ ਜੱਟਾ, ਅੰਗਰੇਜ਼, ਪ੍ਰਹੌਣੇ, ਲਾਹੌਰੀਏ, ਆਟੇ ਦੀ ਚਿੜੀ ਅਤੇ ਸਾਹਬ ਬਹਾਦਰ ਵਰਗੀਆਂ ਲਗਭਗ 100 ਫ਼ਿਲਮਾਂ 'ਚ ਹਰ ਵਾਰ ਨਵੇਂ ਰੰਗ 'ਚ ਨਜ਼ਰ ਆਏ। ਇਸ ਤੋਂ ਇਲਾਵਾ ਸੋਹੀ ਸਾਹਬ ਨੇ ਬਾਲੀਵੁੱਡ ਦੀਆਂ ਕੁਝ ਫ਼ਿਲਮਾਂ ਅਤੇ 'ਮਨ ਜੀਤੇ ਜਗ ਜੀਤ' ਤੇ ਸਰਹੱਦ ਵਰਗੇ ਸੀਰੀਅਲਾਂ 'ਚ ਵੀ ਆਪਣੀ ਕਲਾ ਦੇ ਜੌਹਰ ਵਿਖਾਏ। 'ਜਰਨੈਲ ਦਾ ਵਾਰੀਅਰ' ਵਰਗੇ ਵੈੱਬ ਸੀਰੀਜ਼ 'ਚ ਵੀ ਸੋਹੀ ਸਾਹਬ ਵਾਹ-ਵਾਹ ਖੱਟਣ ਤੋਂ ਪਿੱਛੇ ਨਹੀਂ ਰਹੇ।



ਸਰਦਾਰ ਸੋਹੀ ਆਪਣੇ ਅੰਦਾਜ਼ 'ਚ।

ਅੱਜਕੱਲ੍ਹ ਉਹ ਆਪਣੀ ਬੇਬਾਕ ਸ਼ੈਲੀ ਅਤੇ ਗਰਜਵੀਂ ਆਵਾਜ਼ ਰਾਹੀਂ ਪੰਜਾਬੀ ਸਿਨੇਮਾ ਵਿਚ ਦਾਦੇ, ਪਿਉ, ਚਾਚੇ, ਤਾਏ ਦੇ ਕਿਰਦਾਰਾਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਲਈ ਮਕਬੂਲ ਹਨ। ਪਦਮ ਸ਼੍ਰੀ ਨਿਰਮਲ ਰਿਸ਼ੀ ਜੀ ਨਾਲ ਉਨ੍ਹਾਂ ਦੀ ਕਲਾਤਮਕ ਸਾਂਝ, ਚਾਹੇ ਫ਼ਿਲਮ 'ਨਿੱਕਾ ਜ਼ੈਲਦਾਰ' ਹੋਵੇ ਜਾਂ 'ਗੋਡੇ ਗੋਡੇ ਚਾਅ', ਪਰਦੇ 'ਤੇ ਇਕ ਖ਼ਾਸ ਰੌਣਕ ਪੈਦਾ ਕਰਦੀ ਹੈ। ਪੰਜਾਬੀ ਸਿਨੇਮਾ ਵਿਚ ਸ਼ਾਇਦ ਹੀ ਕੋਈ ਹੋਰ ਅਜਿਹਾ ਕਲਾਕਾਰ ਹੋਵੇ, ਜਿਸ ਦੀ ਅਦਾਕਾਰੀ ਵਿਚ ਖ਼ਾਮੋਸ਼ੀ ਵੀ ਭਾਵਨਾਵਾਂ ਦਾ ਗਹਿਰਾ ਸੰਦੇਸ਼ ਦੇ ਜਾਵੇ।

ਅਦਾਕਾਰੀ ਦੇ ਨਾਲ-ਨਾਲ ਉਹ ਇੱਕ ਕਾਬਿਲ ਸੰਵਾਦ ਲੇਖਕ ਵੀ ਹਨ। ਫ਼ਿਲਮ 'ਬਾਗ਼ੀ' ਦੇ ਸੰਵਾਦ ਉਨ੍ਹਾਂ ਦੀ ਸਭ ਤੋਂ ਵੱਡੀ ਮਿਸਾਲ ਹਨ, ਗ਼ੌਰਤਲਬ ਹੈ ਕਿ ਇਸ ਫ਼ਿਲਮ ਨੂੰ ਰਾਸ਼ਟਰਪਤੀ ਐਵਾਰਡ ਦਾ ਸਨਮਾਨ ਵੀ ਮਿਲਿਆ ਹੈ।

ਕਈ ਅਵਾਰਡਾਂ ਨਾਲ ਸਨਮਾਨਿਤ ਸਰਦਾਰ ਸੋਹੀ ਜੀ ਅੱਜ ਵੀ ਆਪਣੀ ਕਲਾ ਨਾਲ ਓਨਾ ਹੀ ਜੁੜੇ ਹੋਏ ਹਨ, ਜਿੰਨਾਂ ਪੰਜ ਦਹਾਕੇ ਪਹਿਲਾਂ ਸਨ। ਵਿਆਹ ਨਾ ਕਰਨ ਦਾ ਫੈਸਲਾ ਹੋਵੇ ਜਾਂ ਪਰਿਵਾਰ ਨਾਲ ਪਿਆਰ, ਉਹ ਹਰ ਗੱਲ ਨੂੰ ਸਾਦਗੀ ਨਾਲ ਸਵੀਕਾਰਦੇ ਹਨ। ਅਦਾਕਾਰੀ ਹੀ ਉਨ੍ਹਾਂ ਦੀ ਜ਼ਿੰਦਗੀ ਹੈ ਅਤੇ ਦਰਸ਼ਕ ਹੀ ਉਨ੍ਹਾਂ ਦਾ ਪਰਿਵਾਰ।

ਇਸ ਨਿੱਘੀ, ਮਿਲਣਸਾਰ ਅਤੇ ਪੰਜਾਬੀ ਸਿਨੇਮਾ ਨੂੰ ਸਮਰਪਿਤ ਰੂਹ ਲਈ ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਸਰਦਾਰ ਸੋਹੀ ਜੀ ਇੰਝ ਹੀ ਸਦੀਆਂ ਤੀਕ ਆਪਣੀ ਅਦਾਕਾਰੀ ਨਾਲ ਸਾਨੂੰ ਰੌਸ਼ਨ ਕਰਦੇ ਰਹਿਣ।

# ਕੀ ਪ੍ਰਿਥਵੀਰਾਜ ਚੌਹਾਨ-ਸੰਯੋਗਿਤਾ, ਅਲਾਉਦੀਨ ਖਿਲਜੀ -ਪਦਮਾਵਤੀ, ਅਕਬਰ- ਜੋਧਾਬਾਈ ਤੇ ਸਲੀਮ-ਅਨਾਰਕਲੀ ਦੀਆਂ ਕਹਾਣੀਆਂ ਸੱਚੀਆਂ ਹਨ?



ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA


ਭਾਰਤ ਵਿਚ ਹੀਰ ਰਾਂਝੇ ਤੇ ਮਿਰਜ਼ਾ ਸਾਹਿਬਾਂ ਵਰਗੀਆਂ ਪ੍ਰੇਮ ਕਹਾਣੀਆਂ ਦੇ ਨਾਲ-ਨਾਲ ਕੁਝ ਰਾਜਿਆਂ, ਮਹਾਰਾਜਿਆਂ ਦੇ ਇਸ਼ਕ ਕਿੱਸੇ ਵੀ ਬਹੁਤ ਮਸ਼ਹੂਰ ਹਨ। ਪਰ ਇਹ ਘੋਖਣਾ ਵੀ ਜ਼ਰੂਰੀ ਹੈ ਕਿ ਇਹ ਕਿੱਸੇ ਸੱਚੇ ਹਨ ਜਾਂ ਸੁਣੀਆਂ ਸੁਣਾਈਆਂ ਗੱਲਾਂ ਹਨ।

**ਪ੍ਰਿਥਵੀ ਰਾਜ ਚੌਹਾਨ ਤੇ ਸੰਯੋਗਿਤਾ** - ਪ੍ਰਿਥਵੀ ਰਾਜ ਚੌਹਾਨ ਦਿੱਲੀ ਦਾ ਆਖਰੀ ਹਿੰਦੂ ਰਾਜਾ ਸੀ ਤੇ ਉਸ ਦਾ ਜਨਮ ਪਿਤਾ ਸੋਮੇਸ਼ਵਰ ਚੌਹਾਨ ਅਤੇ ਮਾਤਾ ਕਰਪੂਰਾ ਦੇਵੀ ਦੇ ਗ੍ਰਹਿ ਵਿਖੇ ਸੰਨ 1166 ਈਸਵੀ ਵਿਚ ਹੋਇਆ ਸੀ। ਸੋਮੇਸ਼ਵਰ ਦੀ ਅਚਨਚੇਤੀ ਮੌਤ ਹੋ ਜਾਣ ਕਾਰਨ ਉਸ ਨੂੰ 1177 ਈਸਵੀ ਨੂੰ ਸਿਰਫ 11 ਸਾਲ ਦੀ ਉਮਰ ਵਿਚ ਅਜਮੇਰ ਦੀ ਰਾਜ ਗੱਦੀ ਮਿਲ ਗਈ ਸੀ। ਉਸ ਵੇਲੇ ਅਜਮੇਰ ਦਾ ਰਾਜ ਦਿੱਲੀ ਤੋਂ ਲੈ ਕੇ ਮੇਵਾੜ ਤੱਕ ਫੈਲਿਆ ਹੋਇਆ ਸੀ ਤੇ ਪ੍ਰਿਥਵੀ ਰਾਜ ਨੇ ਵੀ ਬੁੰਦੇਲਖੰਡ ਦੇ ਚੰਦੇਲਾਂ ਸਮੇਤ ਕਈ ਰਾਜਿਆਂ ਨੂੰ ਹਰਾ ਕੇ ਰਾਜ ਦਾ ਹੋਰ ਵਿਸਥਾਰ ਕੀਤਾ। 1191 ਈਸਵੀ ਵਿਚ ਸ਼ਹਾਬੁਦੀਨ ਮੁਹੰਮਦ ਗੌਰੀ ਨੇ ਦਿੱਲੀ 'ਤੇ ਹਮਲਾ ਕੀਤਾ, ਤਾਂ ਪ੍ਰਿਥਵੀ ਰਾਜ ਨੇ ਹੋਰ ਰਾਜਪੂਤ ਰਾਜਿਆਂ ਦੀ ਮਦਦ ਨਾਲ ਉਸ ਨੂੰ ਤਰਾਇਨ ਦੀ ਜੰਗ ਵਿਚ ਬੁਰੀ ਤਰ੍ਹਾਂ ਨਾਲ ਭਾਂਜ ਦਿੱਤੀ ਸੀ। ਗੌਰੀ ਨੇ ਪੂਰੀ ਤਿਆਰੀ ਨਾਲ ਅਗਲੇ ਸਾਲ (1192 ਈਸਵੀ) ਦੁਬਾਰਾ ਹਮਲਾ ਕੀਤਾ ਤੇ ਤਰਾਇਨ ਦੇ ਉਸੇ ਮੈਦਾਨੇ ਜੰਗ ਵਿਚ ਪ੍ਰਿਥਵੀ ਰਾਜ ਨੂੰ ਹਰਾ ਕੇ ਮਾਰ ਦਿੱਤਾ ਤੇ ਦਿੱਲੀ 'ਤੇ ਕਬਜ਼ਾ ਕਰ ਲਿਆ।

ਪ੍ਰਿਥਵੀ ਰਾਜ ਤੇ ਸੰਯੋਗਿਤਾ ਦੀ ਕਹਾਣੀ ਬਾਰੇ ਸਾਰੇ ਜਾਣਦੇ ਹਨ ਕਿ ਉਹ ਪ੍ਰਿਥਵੀ ਰਾਜ ਨਾਲ ਪਿਆਰ ਕਰਦੀ ਸੀ ਪਰ ਉਸ ਦਾ ਪਿਤਾ ਕਨੌਜ ਦਾ ਰਾਜਾ ਜੈ ਚੰਦ ਇਸ ਦੇ ਸਖਤ ਖਿਲਾਫ ਸੀ। ਉਸ ਨੇ ਸੰਯੋਗਿਤਾ ਦਾ ਸਵੰਬਰ ਰੱਖ ਦਿੱਤਾ ਤੇ ਪ੍ਰਿਥਵੀ ਰਾਜ ਉਸ ਨੂੰ ਸਵੰਬਰ ਵਿਚੋਂ ਚੁੱਕ ਕੇ ਲੈ ਗਿਆ। ਪਰ ਇਹ ਕਹਾਣੀ ਉਸ ਸਮੇਂ ਲਿਖੇ ਗਏ ਇਤਿਹਾਸਕ ਗ੍ਰੰਥਾਂ ਪ੍ਰਿਥਵੀ ਰਾਜ ਵਿਜਯਾ ਅਤੇ ਆਲਾ ਖੰਡ ਵਿਚ ਦਰਜ਼ ਨਹੀਂ ਹੈ। ਇਸ ਪ੍ਰੇਮ ਕਹਾਣੀ ਦੀ ਸਿਰਜਨਾ ਚਾਂਦ ਬਰਦਈ ਨਾਮਕ ਲਿਖਾਰੀ ਨੇ ਆਪਣੇ ਕਾਵਿ ਗ੍ਰੰਥ ਪ੍ਰਿਥਵੀਰਾਜ ਰਾਸੋ ਦੁਆਰਾ ਕੀਤੀ ਹੈ। ਚਾਂਦ ਬਰਦਈ ਦਾਅਵਾ ਕਰਦਾ ਹੈ ਕਿ ਉਹ ਪ੍ਰਿਥਵੀ ਰਾਜ ਦਾ ਦਰਬਾਰੀ ਕਵੀ ਸੀ। ਪਰ ਪ੍ਰਿਥਵੀਰਾਜ ਰਾਸੋ ਦੀ ਭਾਸ਼ਾ ਅਤੇ ਕਹਾਣੀ ਦਾ ਬਰੀਕੀ ਨਾਲ ਨਿਰੀਖਣ ਕਰਨ ਤੋਂ ਸਾਫ ਪਤਾ ਲੱਗਦਾ ਹੈ ਕਿ ਚਾਂਦ ਬਰਦਈ ਪ੍ਰਿਥਵੀ ਰਾਜ ਦਾ ਸਮਕਾਲੀ ਨਹੀਂ ਸੀ। ਇਹ ਕਿਤਾਬ ਪ੍ਰਿਥਵੀ ਰਾਜ ਦੀ ਮੌਤ ਤੋਂ ਕਾਫੀ ਸਮਾਂ ਬਾਅਦ ਵਿਚ ਲਿਖੀ ਗਈ ਪ੍ਰਤੀਤ ਹੁੰਦੀ ਹੈ ਤੇ ਜ਼ਿਆਦਾਤਰ ਕਾਲਪਨਿਕ ਘਟਨਾਵਾਂ 'ਤੇ ਆਧਾਰਿਤ ਹੈ। ਇਸ ਕਿਤਾਬ ਵਿਚ ਜਿਹੜੇ ਰਾਜੇ ਪ੍ਰਿਥਵੀ ਰਾਜ ਦੁਆਰਾ ਹਰਾਏ ਹੋਏ ਦਰਸਾਏ ਗਏ ਹਨ, ਉਨ੍ਹਾਂ ਵਿਚੋਂ ਜਿਆਦਾਤਰ ਪ੍ਰਿਥਵੀ ਰਾਜ ਦੀ ਮੌਤ ਤੋਂ ਬਾਅਦ ਪੈਦਾ ਹੋਏ ਸਨ। ਉਦਾਹਰਣ ਵਜੋਂ ਗੁਜਰਾਤ ਦਾ ਚਾਲੂਕਿਆ ਰਾਜਾ ਭੀਮ, ਪ੍ਰਿਥਵੀ ਰਾਜ ਦੀ ਮੌਤ ਵੇਲੇ ਸਿਰਫ ਤਿੰਨ ਸਾਲ ਦਾ ਸੀ। ਬਰਦਈ ਮੁਤਾਬਕ ਮੇਵਾੜ ਦਾ ਰਾਜਾ ਸਮਰ ਸਿੰਘ ਪ੍ਰਿਥਵੀ ਰਾਜ ਦਾ ਸਭ ਤੋਂ ਵਫਾਦਾਰ ਸਾਥੀ ਅਤੇ ਜੀਜਾ ਸੀ। ਪਰ ਅਸਲ ਵਿਚ ਸਮਰ ਸਿੰਘ ਪ੍ਰਿਥਵੀ ਰਾਜ ਦੀ ਮੌਤ ਤੋਂ ਕਰੀਬ 81 ਸਾਲ ਬਾਅਦ ਗੱਦੀ 'ਤੇ ਬੈਠਾ ਸੀ (1273 ਤੋਂ 1299 ਈਸਵੀ)।



**ਪ੍ਰਿਥਵੀਰਾਜ ਰਾਸੋ ਅਨੁਸਾਰ ਦਿੱਲੀ ਦੇ ਰਾਜੇ ਅਨੰਗਪਾਲ ਤੋਮਰ ਦਾ ਕੋਈ ਪੁੱਤਰ ਨਹੀਂ ਸੀ ਤੇ ਉਹ ਪ੍ਰਿਥਵੀ ਰਾਜ ਅਤੇ ਜੈ ਚੰਦ ਦਾ ਨਾਨਾ ਸੀ। ਉਸ ਨੂੰ ਪ੍ਰਿਥਵੀ ਰਾਜ ਨਾਲ ਜ਼ਿਆਦਾ ਲਗਾਉ ਸੀ, ਜਿਸ ਕਾਰਨ ਬਜ਼ੁਰਗ ਹੋਣ 'ਤੇ ਉਸ ਨੇ ਦਿੱਲੀ ਦਾ ਰਾਜ ਪ੍ਰਿਥਵੀ ਰਾਜ ਨੂੰ ਸੌਂਪ ਦਿੱਤਾ ਸੀ। ਪਰ ਅਸਲੀਅਤ ਇਹ ਹੈ ਕਿ ਦਿੱਲੀ ਨੂੰ ਪ੍ਰਿਥਵੀ ਰਾਜ ਦੇ ਤਾਏ ਵਿਗ੍ਰਹਿ ਰਾਜ (ਜੋ ਸੋਮੇਸ਼ਵਰ ਤੋਂ ਪਹਿਲਾਂ ਅਜਮੇਰ ਦਾ ਰਾਜਾ ਸੀ (1150 ਤੋਂ 1164 ਈਸਵੀ) ਨੇ ਤੋਮਰਾਂ ਕੋਲੋਂ ਜਿੱਤਿਆ ਸੀ। ਚਾਂਦ ਬਰਦਈ ਦੇ ਮੁਤਾਬਕ ਜੈ ਚੰਦ ਅਤੇ ਪ੍ਰਿਥਵੀ ਰਾਜ ਸਕੇ ਮਾਸੀਆਂ ਦੇ ਪੁੱਤਰ ਸਨ ਤੇ ਸੰਯੋਗਿਤਾ ਪ੍ਰਿਥਵੀ ਰਾਜ ਦੀ ਭਤੀਜੀ ਲੱਗਦੀ ਸੀ। ਭਤੀਜੀ ਧੀਆਂ ਬਰਾਬਰ ਹੁੰਦੀ ਹੈ ਤੇ ਪ੍ਰਿਥਵੀ ਰਾਜ ਕੋਈ ਅਜਿਹਾ ਬੁਰਾ ਵਿਅਕਤੀ ਨਹੀਂ ਸੀ, ਜੋ ਆਪਣੀ ਭਤੀਜੀ ਨਾਲ ਹੀ ਵਿਆਹ ਕਰ ਲੈਂਦਾ।**

ਪ੍ਰਿਥਵੀਰਾਜ ਰਾਸੋ ਅਨੁਸਾਰ ਦਿੱਲੀ ਦੇ ਰਾਜੇ ਅਨੰਗਪਾਲ ਤੋਮਰ ਦਾ ਕੋਈ ਪੁੱਤਰ ਨਹੀਂ ਸੀ ਤੇ ਉਹ ਪ੍ਰਿਥਵੀ ਰਾਜ ਅਤੇ ਜੈ ਚੰਦ ਦਾ ਨਾਨਾ ਸੀ। ਉਸ ਨੂੰ ਪ੍ਰਿਥਵੀ ਰਾਜ ਨਾਲ ਜ਼ਿਆਦਾ ਲਗਾਉ ਸੀ, ਜਿਸ ਕਾਰਨ ਬਜ਼ੁਰਗ ਹੋਣ 'ਤੇ ਉਸ ਨੇ ਦਿੱਲੀ ਦਾ ਰਾਜ ਪ੍ਰਿਥਵੀ ਰਾਜ ਨੂੰ ਸੌਂਪ ਦਿੱਤਾ ਸੀ। ਪਰ ਅਸਲੀਅਤ ਇਹ ਹੈ ਕਿ ਦਿੱਲੀ ਨੂੰ ਪ੍ਰਿਥਵੀ ਰਾਜ ਦੇ ਤਾਏ ਵਿਗ੍ਰਹਿ ਰਾਜ (ਜੋ ਸੋਮੇਸ਼ਵਰ ਤੋਂ ਪਹਿਲਾਂ ਅਜਮੇਰ ਦਾ ਰਾਜਾ ਸੀ (1150 ਤੋਂ 1164 ਈਸਵੀ) ਨੇ ਤੋਮਰਾਂ ਕੋਲੋਂ ਜਿੱਤਿਆ ਸੀ। ਚਾਂਦ ਬਰਦਈ ਦੇ ਮੁਤਾਬਕ ਜੈ ਚੰਦ ਅਤੇ ਪ੍ਰਿਥਵੀ ਰਾਜ ਸਕੇ ਮਾਸੀਆਂ ਦੇ ਪੁੱਤਰ ਸਨ ਤੇ ਸੰਯੋਗਿਤਾ ਪ੍ਰਿਥਵੀ ਰਾਜ ਦੀ ਭਤੀਜੀ ਲੱਗਦੀ ਸੀ। ਭਤੀਜੀ ਧੀਆਂ ਬਰਾਬਰ ਹੁੰਦੀ ਹੈ ਤੇ ਪ੍ਰਿਥਵੀ ਰਾਜ ਕੋਈ ਅਜਿਹਾ ਬੁਰਾ ਵਿਅਕਤੀ ਨਹੀਂ ਸੀ, ਜੋ ਆਪਣੀ ਭਤੀਜੀ ਨਾਲ ਹੀ ਵਿਆਹ ਕਰ ਲੈਂਦਾ। ਚਾਂਦ ਬਰਦਈ ਸਰਾਸਰ ਝੂਠੀ ਗੱਲ ਲਿਖਦਾ ਹੈ ਕਿ ਗੌਰੀ ਪ੍ਰਿਥਵੀ ਰਾਜ ਨੂੰ ਹਰਾਉਣ ਤੋਂ ਬਾਅਦ ਅੰਨ੍ਹਾ ਕਰ ਕੇ ਗਜ਼ਨੀ ਲੈ ਗਿਆ ਸੀ ਤੇ ਉਥੇ ਚਾਂਦ ਬਰਦਈ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਸ ਨੇ ਆਵਾਜ਼ ਭੇਦੀ ਤੀਰ ਚਲਾ ਕੇ ਗੌਰੀ ਨੂੰ ਮਾਰ ਦਿੱਤਾ ਸੀ। ਜੇ ਚਾਂਦ ਬਰਦਈ ਅਨੁਸਾਰ ਗੌਰੀ ਨੂੰ ਮਾਰਨ ਤੋਂ ਬਾਅਦ ਬਰਦਈ ਤੇ ਪ੍ਰਿਥਵੀ ਰਾਜ ਨੇ ਇੱਕ ਦੂਸਰੇ ਨੂੰ ਖੰਜਰ ਮਾਰ ਕੇ ਮਾਰ ਦਿੱਤਾ ਸੀ, ਤਾਂ ਫਿਰ ਇਹ ਕਿਤਾਬ ਕਿਸ ਨੇ ਲਿਖੀ? ਵੈਸੇ ਵੀ ਮੁਹੰਮਦ ਗੌਰੀ ਪ੍ਰਿਥਵੀ ਰਾਜ ਦੀ ਮੌਤ ਤੋਂ 14 ਸਾਲ ਬਾਅਦ 1206 ਈਸਵੀ ਵਿਚ ਮਰਿਆ ਸੀ।

**ਅਲਾਉਦੀਨ ਖਿਲਜੀ ਤੇ ਪਦਮਾਵਤੀ** - ਦਿੱਲੀ ਦੇ ਸੁਲਤਾਨ ਅਲਾਉਦੀਨ ਖਿਲਜੀ ਨੂੰ ਰਾਣੀ ਪਦਮਾਵਤੀ ਨਾਲ ਹੋਏ ਇੱਕ ਤਰਫਾ ਇਸ਼ਕ ਬਾਰੇ ਸਭ ਤੋਂ ਪਹਿਲਾਂ ਸੂਫੀ ਸੰਤ ਮਲਿਕ ਮੁਹੰਮਦ ਜਾਏਸੀ ਨੇ ਸੰਨ 1540 ਈਸਵੀ ਵਿਚ ਘਟਨਾ ਤੋਂ ਕਰੀਬ 238 ਸਾਲ ਬਾਅਦ ਆਪਣੇ ਅਵਧੀ ਭਾਸ਼ਾ ਵਿਚ ਲਿਖੇ ਪਦਮਾਵਤ ਨਾਮਕ ਕਾਵਿ ਗ੍ਰੰਥ ਵਿਚ ਲਿਖਿਆ ਸੀ। ਪਦਮਾਵਤ ਅਨੁਸਾਰ ਪਦਮਾਵਤੀ ਲੰਕਾ ਦੇ ਰਾਜੇ ਦੀ ਧੀ ਸੀ ਤੇ ਬੇਹੱਦ ਖ਼ੂਬਸੂਰਤ ਸੀ। ਇੱਕ ਬੋਲਣ ਵਾਲੇ ਤੋਤੇ ਨੇ ਮੇਵਾੜ ਦੇ ਰਾਜੇ ਰਤਨ ਸਿੰਘ ਨੂੰ ਉਸ ਦੀ ਖ਼ੂਬਸੂਰਤੀ ਬਾਰੇ ਦੱਸਿਆ, ਤਾਂ ਉਹ ਉਸ ਦੇ ਪਿਆਰ ਵਿਚ ਦੀਵਾਨਾ ਹੋ ਗਿਆ। ਉਹ ਆਪਣੇ ਕੁਝ ਸਾਥੀਆਂ ਸਮੇਤ ਲੰਕਾ ਪਹੁੰਚ ਗਿਆ ਤੇ ਕਈ ਮੁਸ਼ਕਿਲਾਂ ਤੋਂ ਬਾਅਦ ਪਦਮਾਵਤੀ ਨੂੰ ਹਾਸਲ ਕਰ ਲਿਆ। ਕੁਝ ਸਮੇਂ ਬਾਅਦ ਅਲਾਉਦੀਨ ਖਿਲਜੀ (ਰਾਜ 19 ਜੁਲਾਈ 1296 ਤੋਂ ਜਨਵਰੀ 1316 ਈਸਵੀ) ਨੂੰ ਪਦਮਾਵਤੀ ਦੇ ਹੁਸਨ ਬਾਰੇ ਪਤਾ ਲੱਗਾ, ਤਾਂ ਉਸ ਨੇ ਰਤਨ ਸਿੰਘ ਨੂੰ ਪਦਮਾਵਤੀ ਸੌਂਪਣ ਅਤੇ ਅਧੀਨਗੀ ਮੰਨਣ ਲਈ ਹੁਕਮ ਭੇਜ ਦਿੱਤਾ।

ਰਤਨ ਸਿੰਘ ਨੇ ਇਹ ਮੰਗਾਂ ਮੰਨਣ ਤੋਂ ਇਨਕਾਰ ਕਰ ਦਿੱਤਾ, ਤਾਂ ਖਿਲਜੀ ਨੇ ਮੇਵਾੜ 'ਤੇ ਚੜ੍ਹਾਈ ਕਰ ਦਿੱਤੀ ਤੇ ਅਗਸਤ 1302 ਈਸਵੀ ਨੂੰ ਚਿਤੌੜ ਗੜ੍ਹ 'ਤੇ ਕਬਜ਼ਾ ਕਰ ਲਿਆ। ਯੁੱਧ ਵਿਚ ਰਤਨ ਸਿੰਘ ਮਾਰਿਆ ਗਿਆ ਤੇ ਪਦਮਾਵਤੀ ਨੇ ਬਾਕੀ ਔਰਤਾਂ ਸਮੇਤ ਜੌਹਰ (ਅੱਗ ਵਿਚ ਸੜ ਕੇ ਆਤਮ ਹੱਤਿਆ) ਕਰ ਲਿਆ। ਉਸ ਦੀ ਇਹ ਕਹਾਣੀ ਐਨੀ ਪ੍ਰਸਿੱਧ ਹੋਈ ਕਿ ਇਸ ਦਾ ਅਰਬੀ ਤੇ ਫਾਰਸੀ ਸਮੇਤ ਭਾਰਤ ਦੀਆਂ 25 ਤੋਂ ਵੱਧ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਪਰ ਅਸਲੀਅਤ ਇਹ ਹੈ ਕਿ ਇਹ ਕਹਾਣੀ ਪੂਰੀ ਤਰ੍ਹਾਂ ਨਾਲ ਕਾਲਪਨਿਕ ਹੈ। ਰਤਨ ਸਿੰਘ ਆਪਣੇ ਪਿਤਾ ਸਮਰ ਸਿੰਘ ਦੇ ਮਰਨ ਤੋਂ ਬਾਅਦ 1302 ਤੋਂ ਲੈ ਕੇ ਅਗਸਤ 1303 ਈਸਵੀ ਤੱਕ ਸਿਰਫ ਡੇਢ ਕੁ ਸਾਲ ਮੇਵਾੜ ਦਾ ਰਾਜਾ ਰਿਹਾ ਸੀ। ਐਨੇ ਘੱਟ ਸਮੇਂ ਵਿਚ ਤਾਂ ਉਸ ਕੋਲ ਰਾਜ ਪਾਟ ਸੰਭਾਲਣ ਦਾ ਵੀ ਵਕਤ ਨਹੀਂ ਸੀ, ਫਿਰ ਉਹ ਕਈ ਸਾਲ ਤੱਕ ਲੰਕਾ ਵਿਚ ਕਿਵੇਂ ਰਹਿ ਸਕਦਾ ਸੀ? ਉਸ ਦੀ ਇੱਕ ਹੀ ਪਟਰਾਣੀ ਸੀ, ਜਿਸ ਦਾ ਨਾਮ ਨਾਗਮਤੀ ਸੀ।

ਜਦੋਂ ਅਲਾਉਦੀਨ ਖਿਲਜ਼ੀ ਨੇ ਮੇਵਾੜ ਦੀ ਰਾਜਧਾਨੀ ਚਿਤੌੜ 'ਤੇ ਹਮਲਾ ਕੀਤਾ ਸੀ, ਤਾਂ ਪ੍ਰਸਿੱਧ ਸੂਫੀ ਕਵੀ ਤੇ ਇਤਿਹਾਸਕਾਰ ਅਮੀਰ ਖੁਸਰੋ ਉਸ ਦੇ ਨਾਲ ਸੀ, ਜਿਸ ਨੇ ਬਹੁਤ ਬਰੀਕੀ ਨਾਲ ਇਸ ਹਮਲੇ ਦਾ ਅੱਖੀਂ ਡਿੱਠਾ ਹਾਲ ਲਿਖਿਆ ਹੈ। ਉਹ ਲਿਖਦਾ ਹੈ ਕਿ ਹਾਰਨ ਤੋਂ ਬਾਅਦ ਰਾਏ (ਰਤਨ ਸਿੰਘ) ਆਪਣੇ ਪਰਿਵਾਰ ਸਮੇਤ ਪੀਲੇ ਪੱਤੇ ਵਾਂਗ ਕੰਬਦਾ ਹੋਇਆ ਬਾਦਸ਼ਾਹ ਦੇ ਲਾਲ ਰੰਗ ਦੇ ਤੰਬੂ ਵਿਚ ਹਾਜ਼ਰ ਹੋਇਆ ਤੇ ਪੈਰ ਪਕੜ ਕੇ ਜਾਨ ਦੀ ਭੀਖ ਮੰਗੀ। ਸੁਲਤਾਨ ਨੇ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਤਾਂ ਬਖਸ਼ ਦਿੱਤਾ ਪਰ ਕਿਲ੍ਹੇ ਵਿਚ 30000 ਦੇ ਕਰੀਬ ਹਿੰਦੂਆਂ ਦਾ ਕਤਲੇਆਮ ਕੀਤਾ। ਉਸ ਨੇ ਕਿਲ੍ਹਾ ਆਪਣੇ ਪੁੱਤਰ ਖਿਜ਼ਰ ਖਾਨ ਦੇ ਹਵਾਲੇ ਕਰ ਦਿੱਤਾ, ਜਿਸ ਦਾ ਨਾਮ ਬਦਲ ਕੇ ਖਿਜ਼ਰਾਬਾਦ ਰੱਖ ਦਿੱਤਾ ਗਿਆ। ਅਮੀਰ ਖੁਸਰੋ ਤੋਂ ਇਲਾਵਾ ਜ਼ਿਆਉਦੀਨ ਬਰਨੀ ਤੇ ਇਸਾਮੀ ਵਰਗੇ ਸਮਕਾਲੀ ਇਤਿਹਾਸਕਾਰਾਂ ਨੇ ਵੀ ਆਪਣੀਆਂ ਲਿਖਤਾਂ ਵਿਚ ਕਿਸੇ ਪਦਮਾਵਤੀ ਨਾਮਕ ਔਰਤ ਦਾ ਜ਼ਿਕਰ ਨਹੀਂ ਕੀਤਾ। ਜਾਏਸੀ ਦੀ ਕਹਾਣੀ 'ਤੇ 2018 ਵਿਚ ਪਦਮਾਵਤ ਨਾਮਕ ਸੁਪਰ ਹਿੱਟ ਫਿਲਮ ਬਣੀ ਸੀ।

**ਅਕਬਰ ਤੇ ਜੋਧਾਬਾਈ** - ਅਕਬਰ ਅਤੇ ਜੋਧਾਬਾਈ ਦੀ ਕਹਾਣੀ ਨੂੰ ਮੁਗਲੇ ਆਜ਼ਮ (1960) ਅਤੇ ਜੋਧਾ ਅਕਬਰ (2008) ਫਿਲਮਾਂ ਨੇ ਪ੍ਰਸਿੱਧ ਕੀਤਾ ਹੈ। ਅਸਲ ਵਿਚ ਜੋਧਾਬਾਈ ਅਕਬਰ ਦੀ ਨਹੀਂ, ਸਗੋਂ ਜਹਾਂਗੀਰ ਦੀ ਪਤਨੀ ਸੀ। ਅਕਬਰ ਦੀ ਜਿਸ ਰਾਜਪੂਤ ਪਤਨੀ ਨੇ ਜਹਾਂਗੀਰ ਨੂੰ ਜਨਮ ਦਿੱਤਾ ਸੀ, ਉਸ ਦਾ ਨਾਮ ਹਰਖਾ ਬਾਈ ਸੀ ਤੇ ਉਹ ਜੈਪੁਰ ਦੇ ਰਾਜੇ ਭਾਰ ਮੱਲ ਤੇ ਰਾਣੀ ਚੰਪਾਵਤੀ ਦੀ ਬੇਟੀ ਸੀ ਅਤੇ ਰਾਜਾ ਮਾਨ ਸਿੰਘ ਦੀ ਭੂਆ ਲੱਗਦੀ ਸੀ। ਉਸ ਦਾ ਜਨਮ 1542 ਅਤੇ ਮੌਤ 1623 ਈਸਵੀ ਵਿਚ ਹੋਈ ਸੀ। ਮੁਗਲ ਰਾਜ ਦੇ ਵਾਰਿਸ ਨੂੰ ਜਨਮ ਦੇਣ ਕਾਰਨ ਅਕਬਰ ਦੀਆਂ ਨਜ਼ਰਾਂ ਵਿਚ ਉਸ ਦੀ ਬਹੁਤ ਇੱਜ਼ਤ ਸੀ ਤੇ ਉਸ ਨੂੰ ਮਰੀਅਮ ਉਜ਼ਮਾਨੀ ਦਾ ਖਿਤਾਬ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਉਸ ਨੂੰ ਮਲਿਕਾ ਏ ਮੁਅੱਜ਼ਮਾ ਅਤੇ ਮੱਲਿਕਾ ਏ ਹਿੰਦੁਸਤਾਨ ਦਾ ਅਹੁਦਾ ਵੀ ਪ੍ਰਾਪਤ ਸੀ। ਆਈਨੇ ਅਕਬਰੀ ਤੇ ਅਕਬਰਨਾਮਾ (ਲੇਖਕ ਅਬੁਲ ਫਜ਼ਲ) ਅਤੇ ਜਹਾਂਗੀਰ ਦੀ ਆਤਮ ਕਥਾ ਤੁਜ਼ਕੇ ਜਹਾਂਗੀਰੀ ਵਿਚ ਕਿਤੇ ਵੀ ਜਹਾਂਗੀਰ ਦੀ ਮਾਂ ਦਾ ਨਾਮ ਜੋਧਾ ਬਾਈ ਵਰਣਿਤ ਨਹੀਂ ਹੈ।

ਜੋਧਾ ਬਾਈ ਅਸਲ ਵਿਚ ਜਹਾਂਗੀਰ ਦੀ ਪਤਨੀ ਅਤੇ ਸ਼ਾਹ ਜਹਾਨ ਦੀ ਮਾਂ ਸੀ। ਉਹ ਜੋਧਪੁਰ ਦੇ ਰਾਜੇ ਉਦੇ ਸਿੰਘ ਤੇ ਰਾਣੀ ਮਨਰੰਗ ਦੇਵੀ ਦੀ ਬੇਟੀ ਸੀ। ਉਸ ਦਾ ਅਸਲ ਨਾਮ ਮਾਨਵਤੀ ਬਾਈ ਸੀ, ਜੋ ਵਿਆਹ ਤੋਂ ਬਾਅਦ ਬਿਲਕੀਸ ਮੱਕਾਨੀ ਰੱਖਿਆ ਗਿਆ। ਜੋਧਪੁਰ ਦੀ ਰਾਜਕੁਮਾਰੀ ਹੋਣ ਕਾਰਨ ਉਸ ਨੂੰ ਜੋਧਾਬਾਈ ਵੀ ਕਿਹਾ ਜਾਂਦਾ ਸੀ ਤੇ ਉਸ ਦੇ ਬਾਰੇ ਜਹਾਂਗੀਰ ਨੇ ਤੁਜ਼ਕੇ ਜਹਾਂਗੀਰੀ ਵਿਚ ਕਈ ਵਾਰ ਵਰਨਣ ਕੀਤਾ ਹੈ।

**ਸਲੀਮ ਅਨਾਰਕਲੀ** - ਸਲੀਮ ਅਨਾਰਕਲੀ ਦੀ ਪ੍ਰੇਮ ਕਹਾਣੀ ਵੀ ਭਾਰਤ ਵਿਚ ਬਹੁਤ ਪ੍ਰਸਿੱਧ ਹੋਈ ਹੈ ਤੇ ਇਸ 'ਤੇ ਅਨੇਕਾਂ ਫਿਲਮਾਂ, ਸੀਰੀਅਲ ਅਤੇ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਅਨਾਰਕਲੀ ਬਾਰੇ ਸਭ ਤੋਂ ਪਹਿਲਾਂ 1611 ਈਸਵੀ ਵਿਚ ਅੰਗਰੇਜ਼ ਵਪਾਰੀ ਵਿਲੀਅਮ ਫਿੰਚ ਨੇ ਲਿਖਿਆ ਸੀ, ਜੋ ਈਸਟ ਇੰਡੀਆ ਕੰਪਨੀ ਵੱਲੋਂ ਲਾਹੌਰ ਵਿਖੇ ਨੀਲ ਵੇਚਣ ਲਈ ਆਇਆ ਸੀ। ਸੁਣੀਆਂ ਸੁਣਾਈਆਂ ਗੱਲਾਂ ਕਾਰਨ ਉਹ ਲਿਖਦਾ ਹੈ ਕਿ ਅਨਾਰਕਲੀ ਬਾਦਸ਼ਾਹ ਅਕਬਰ ਦੀ ਰਖੇਲ ਜਾਂ ਪਤਨੀ ਸੀ, ਜਿਸ ਨਾਲ ਸਲੀਮ ਦੇ ਨਾਜਾਇਜ਼ ਸਬੰਧ ਸਨ। ਪਤਾ ਲੱਗਣ 'ਤੇ ਅਕਬਰ ਨੇ ਉਸ ਨੂੰ ਕੰਧ ਵਿਚ ਚਿਣਵਾ ਕੇ ਮਾਰ ਦਿੱਤਾ ਤੇ ਸਲੀਮ ਨੇ ਉਸ ਦੀ ਯਾਦ ਵਿਚ ਲਾਹੌਰ ਵਿਖੇ ਇੱਕ ਮਕਬਰਾ ਬਣਵਾਇਆ ਸੀ। ਫਿੰਚ ਦੀ ਅਫਵਾਹਾਂ ਸੁਣ ਕੇ ਲਿਖੀ ਗਈ ਇਹ ਕਹਾਣੀ ਪ੍ਰਸਿੱਧ ਹੋ ਗਈ ਕਿਉਂਕਿ ਸਾਡੇ ਲੋਕਾਂ ਨੂੰ ਮਿਥਿਹਾਸ ਅਤੇ ਰੋਮਾਂਸਵਾਦੀ ਕਹਾਣੀਆਂ ਸੁਣਨਾ ਬਹੁਤ ਚੰਗਾ ਲੱਗਦਾ ਹੈ। ਜੇ ਸਲੀਮ ਨੇ ਅਨਾਰਕਲੀ ਦੇ ਪਿਆਰ ਵਿਚ ਅੰਨ੍ਹਾ ਹੋ ਕੇ ਆਪਣੇ ਪਿਤਾ ਦੇ ਖਿਲਾਫ ਬਗਾਵਤ ਕੀਤੀ ਹੁੰਦੀ, ਤਾਂ ਉਹ ਇਸ ਦਾ ਜ਼ਿਕਰ ਤੁਜ਼ਕੇ ਜਹਾਂਗੀਰੀ ਵਿਚ ਜ਼ਰੂਰ ਕਰਦਾ। ਉਸ ਨੇ ਇਸ ਕਿਤਾਬ ਵਿਚ ਅਨਾਰਕਲੀ ਦੀ ਬਜਾਏ ਆਪਣੀ ਸਭ ਤੋਂ ਪਿਆਰੀ ਬੇਗਮ ਨੂਰਜਹਾਂ ਬਾਰੇ ਕਾਫੀ ਵਿਸਥਾਰ ਨਾਲ ਲਿਖਿਆ ਹੈ।

# ਬਹੁਪੱਖੀ ਸ਼ਖ਼ਸੀਅਤ ਦੇ ਮਾਲਿਕ ਅਤੇ ਹਰਫ਼ਨ ਮੌਲਾ ਕਲਾਕਾਰ - ਜਸਪਾਲ ਭੱਟੀ

ਅੰਗਰੇਜ ਸਿੰਘ ਵਿਰਦੀ
ਮੋਬਾਇਲ : 94646-28857
ਪੰਜਾਬ ਮੇਲ USA





ਜਸਪਾਲ ਭੱਟੀ ਟੈਲੀਵਿਜ਼ਨ ਤੇ ਫ਼ਿਲਮ ਇੰਡਸਟਰੀ ਦਾ ਉਹ ਚਮਕਦਾ ਸਿਤਾਰਾ ਸਨ, ਜਿਨ੍ਹਾਂ ਨੇ ਆਪਣੀ ਕਲਮ ਅਤੇ ਆਪਣੇ ਫ਼ਨ ਦੇ ਜ਼ਰੀਏ ਪੂਰੀ ਦੁਨੀਆਂ ਵਿਚ ਬੇਹੱਦ ਸ਼ੋਹਰਤ ਹਾਸਿਲ ਕੀਤੀ। ਉਨ੍ਹਾਂ ਨੇ ਆਪਣੇ ਗੁਣਾਂ ਸਦਕਾ ਕਲਾ ਦੀ ਦੁਨੀਆਂ ਵਿਚ ਐਸੀਆਂ ਪੈੜ੍ਹਾ ਪਾਈਆਂ, ਜਿਨ੍ਹਾਂ ਨੂੰ ਮਿਟਾਇਆ ਜਾਣਾ ਨਾਮੁਕਿਨ ਹੈ। ਉਹ ਆਪਣੇ ਤਿੱਖੇ ਵਿਅੰਗਾਂ ਲਈ ਮਸ਼ਹੂਰ ਸਨ, ਜਿਨ੍ਹਾਂ ਨੂੰ ਉਹ ਬੜੇ ਬੇਬਾਕ ਅੰਦਾਜ਼ ਨਾਲ ਬੋਲ ਦਿੰਦੇ ਸਨ।

**ਜਨਮ ਅਤੇ ਪਰਿਵਾਰਿਕ ਪਿਛੋਕੜ:-** ਜਸਪਾਲ ਸਿੰਘ ਭੱਟੀ ਦਾ ਜਨਮ 3 ਮਾਰਚ, 1955 ਈ ਨੂੰ ਗੁਰੂ ਨਗਰੀ ਅੰਮ੍ਰਿਤਸਰ ਵਿਖੇ ਹੋਇਆ। ਗੁਰਸਿੱਖ ਪਰਿਵਾਰ ਨਾਲ ਸੰਬੰਧਿਤ ਜਸਪਾਲ ਸਿੰਘ ਭੱਟੀ ਦੇ ਮਾਤਾ ਜੀ ਦਾ ਨਾਂ ਮਨਜੀਤ ਕੌਰ ਕਲੇਰ ਅਤੇ ਪਿਤਾ ਜੀ ਦਾ ਨਾਂ ਸ. ਨਰਿੰਦਰ ਸਿੰਘ ਭੱਟੀ ਸੀ। ਉਨ੍ਹਾਂ ਨੇ ਆਪਣੀ ਮੈਟ੍ਰਿਕ ਤੱਕ ਦੀ ਸਿੱਖਿਆ ਪਠਾਨਕੋਟ ਦੇ ਸਕੂਲ ਤੋਂ ਹਾਸਲ ਕੀਤੀ। ਸਾਇੰਸ ਵਿਸ਼ੇ ਦੀ ਪੜ੍ਹਾਈ ਡੀ.ਏ.ਵੀ. ਕਾਲਜ ਜਲੰਧਰ ਤੋਂ ਕਰਨ ਉਪਰੰਤ ਸੰਨ 1978 ਵਿਚ ਇਨ੍ਹਾਂ ਆਪਣੀ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਡਿਗਰੀ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਤੋਂ ਹਾਸਲ ਕੀਤੀ। ਸੰਨ 1980 ਵਿਚ ਇਨ੍ਹਾਂ ਦੀ ਨਿਯੁਕਤੀ ਬਤੌਰ ਐੱਸ.ਡੀ.ਓ. ਪੰਜਾਬ ਰਾਜ ਬਿਜਲੀ ਬੋਰਡ ਵਿਚ ਹੋ ਗਈ। ਸਕੂਲ ਵਿਚ ਪੜ੍ਹਦਿਆ ਹੀ ਇਨ੍ਹਾਂ ਦਾ ਰੁਝਾਨ ਸਕੂਲ ਵਿਚ ਹੁੰਦੀਆਂ ਸਹਿ-ਵਿੱਦਿਅਕ ਸਰਗਰਮੀਆਂ ਵੱਲ ਹੋਇਆ ਕਰਦਾ ਸੀ। ਕੁਦਰਤ ਵੱਲੋਂ ਬਖਸ਼ੀ ਅਦਭੁੱਤ ਵਿਅੰਗ ਕਰਨ ਦੀ ਕਲਾ ਤੇ ਆਪਣੇ ਹਾਜ਼ਰ ਜਵਾਬੀ ਵਾਲੇ ਸੁਭਾਅ ਕਰਕੇ ਜਸਪਾਲ ਭੱਟੀ ਨੂੰ ਆਪਣੇ ਅਧਿਆਪਕਾਂ ਤੇ ਸਾਥੀਆਂ ਦਾ ਬੇਹੱਦ ਪਿਆਰ ਮਿਲਿਆ। ਕਾਲਜ ਪਹੁੰਚ ਕੇ ਉਨ੍ਹਾਂ ਨੇ ਆਪਣੀ ਵਿਅੰਗ ਕਰਨ ਅਤੇ ਲਿਖਣ ਦੀ ਕਲਾ ਨੂੰ ਐਨਾ ਨਿਖਾਰ ਲਿਆ ਕਿ ਇਨ੍ਹਾਂ ਦੁਆਰਾ ਖੇਡਿਆ ਗਿਆ ਨੁੱਕੜ ਨਾਟਕ ਨਾਨਸੈਂਸ ਕਲੱਬ ਬੇਹੱਦ ਪਸੰਦ ਕੀਤਾ ਗਿਆ।

**ਅਖਬਾਰ ਵਿਚ ਕਾਰਟੂਨਿਸਟ ਵਜੋਂ ਕੰਮ ਕਰਨਾ:-** ਉਨ੍ਹਾਂ ਨੂੰ ਕਾਰਟੂਨ ਬਣਾਉਣ ਦਾ ਬੇਹੱਦ ਸ਼ੌਕ ਸੀ। ਭੱਖਦੇ ਰਾਜਨੀਤਿਕ ਅਤੇ ਸਮਾਜਿਕ ਮੁੱਦਿਆ 'ਤੇ ਕਾਰਟੂਨ ਬਣਾਉਣ ਵਿਚ ਉਨ੍ਹਾਂ ਨੂੰ ਮੁਹਾਰਤ ਹਾਸਲ ਸੀ। ਇਕ ਵਾਰ ਉਨ੍ਹਾਂ ਨੇ ਆਪਣਾ ਇਕ ਕਾਰਟੂਨ ਚੰਡੀਗੜ੍ਹ ਤੋਂ ਛੱਪਦੇ ਅੰਗਰੇਜੀ ਅਖਬਾਰ ਦ ਟ੍ਰਿਬਿਊਨ ਵਿਚ ਛਪਣ ਲਈ ਭੇਜਿਆ, ਜਿਸ ਨੂੰ ਅਖਬਾਰ ਨੇ ਪ੍ਰਮੁੱਖਤਾ ਨਾਲ ਛਾਪਿਆ। ਅੱਗੇ ਚੱਲ ਕੇ ਇਨ੍ਹਾਂ ਦੇ ਬਣਾਏ ਕਾਰਟੂਨ ਲਗਾਤਾਰ ਇਸ ਅਖਬਾਰ ਵਿਚ ਛਪਣ ਲੱਗੇ ਅਤੇ ਇਹ ਸਿਲਸਿਲਾ ਕਈ ਸਾਲਾਂ ਤੱਕ ਚੱਲਦਾ ਰਹਾ। ਇਕ ਕਾਰਟੂਨਿਸਟ ਦੇ ਤੌਰ 'ਤੇ ਵਿਚਰਦਿਆ ਹੀ ਇਨ੍ਹਾਂ ਨੂੰ ਆਮ ਆਦਮੀ ਨਾਲ ਜੁੜੀਆਂ ਮੁਸ਼ਕਿਲਾਂ ਅਤੇ ਮੁਸੀਬਤਾਂ ਉਤੇ ਵਿਅੰਗਮਈ ਚੋਟ ਕਰਨ ਦਾ ਤਜ਼ਰਬਾ ਹਾਸਲ ਹੋਇਆ, ਜੋ ਅਗਾਂਹ ਚੱਲ ਕੇ ਟੈਲੀਵਿਜ਼ਨ ਸ਼ੋਅ ਅਤੇ ਫ਼ਿਲਮਾਂ ਬਣਾਉਣ ਵਿਚ ਕੰਮ ਆਇਆ।

**ਦੂਰਦਰਸ਼ਨ 'ਤੇ ਕੈਰੀਅਰ ਦੀ ਸ਼ੁਰੂਆਤ:-** 80 ਦੀ ਸ਼ੁਰੂਆਤੀ ਦਹਾਈ ਵਿਚ ਉਨ੍ਹਾਂ ਨੇ ਦੂਰਦਰਸ਼ਨ ਲਈ ਇੱਕ ਕਾਮੇਡੀ ਪ੍ਰੋਗਰਾਮ ਬਣਾਉਣ ਬਾਰੇ ਸੋਚਿਆ। ਸਮਾਜਿਕ ਮੁੱਦਿਆ 'ਤੇ ਵਿਅੰਗ ਕਰਦੇ ਇਸ ਸ਼ੋਅ ਦਾ ਨਾਂ ਰੱਖਿਆ ਗਿਆ 'ਰੰਗ ਵਿਚ ਭੰਗ'। ਆਪਣੇ ਇਸ ਸ਼ੋਅ ਦਾ ਆਈਡੀਆ ਲੈ ਕੇ ਉਹ ਉਸ ਵੇਲੇ ਦੇ ਜਲੰਧਰ ਦੂਰਦਰਸ਼ਨ ਦੇ ਡਾਇਰੈਕਟਰ ਬਸ਼ੀਰ ਅਹਿਮਦ ਬੱਟ ਕੋਲ ਪਹੁੰਚੇ, ਜਿਨ੍ਹਾਂ ਨੂੰ ਉਨ੍ਹਾਂ ਦਾ ਇਹ ਆਈਡੀਆ ਪਸੰਦ ਆਇਆ। ਇਸ ਤਰ੍ਹਾਂ ਇਨ੍ਹਾਂ ਦਾ ਲਿਖਿਆ ਅਤੇ ਬਤੌਰ ਅਭਿਨੇਤਾ ਪਹਿਲਾ ਸ਼ੋਅ 'ਰੰਗ ਵਿਚ ਭੰਗ' ਦੂਰਦਰਸ਼ਨ ਦੇ ਹਰਮਨ ਪਿਆਰੇ ਪ੍ਰੋਗਰਾਮ ਚਿੱਤਰਹਾਰ ਨੂੰ ਮੱਧ ਵਿਚ ਰੋਕ ਕੇ ਪੇਸ਼ ਕੀਤਾ ਜਾਣ ਲੱਗਾ, ਜੋ ਦਰਸ਼ਕਾਂ ਨੂੰ ਬੇਹੱਦ ਪਸੰਦ ਆਇਆ। ਸੰਨ 1988 ਵਿਚ ਇਨ੍ਹਾਂ ਦਾ ਦੂਸਰਾ ਸ਼ੋਅ 'ਉਲਟਾ-ਪੁਲਟਾ' ਸਵੇਰ ਦੀ ਸਭਾ ਵਿਚ ਦਿੱਲੀ ਦੂਰਦਰਸ਼ਨ ਤੋਂ



ਪ੍ਰਸਾਰਿਤ ਹੋਇਆ। ਦੂਰਦਰਸ਼ਨ ਤੋਂ ਇਹ ਸ਼ੋਅ ਸੁਪਰਹਿੱਟ ਰਿਹਾ ਤੇ ਏਸੇ ਨਾਲ ਇਨ੍ਹਾਂ ਨੇ ਦਰਸ਼ਕਾ ਦੇ ਦਿਲਾਂ ਵਿਚ ਆਪਣੀ ਗਹਿਰੀ ਪਛਾਣ ਬਣਾ ਲਈ।

**ਟੈਲੀਵਿਜ਼ਨ 'ਤੇ ਸਫ਼ਲ ਸੀਰੀਅਲ 'ਫਲਾਪ ਸ਼ੋਅ' ਲੈ ਕੇ ਆਉਣਾ:-** 31 ਅਕਤੂਬਰ, 1989 ਵਿਚ ਇਹ ਦਿੱਲੀ ਦੂਰਦਰਸ਼ਨ ਤੋਂ ਕਾਮੇਡੀ ਲੜੀਵਾਰ ਜਿਸਦਾ ਨਾਂ ਹੀ ਇਨ੍ਹਾਂ 'ਫਲਾਪ ਸ਼ੋਅ' ਰੱਖਿਆ, ਲੈ ਕੇ ਆਏ। ਜਸਪਾਲ ਭੱਟੀ ਪ੍ਰੋਡੰਕਸ਼ਨ ਦੇ ਬੈਨਰ ਹੇਠ ਬਣੇ ਇਸ ਸੀਰੀਅਲ ਦੀਆਂ ਸਿਰਫ 10 ਕਿਸ਼ਤਾਂ ਹੀ ਬਣਾਈਆਂ ਗਈਆਂ ਸਨ, ਪਰ ਇਸ 10 ਕਿਸ਼ਤਾਂ ਵਾਲੇ ਅਤੇ ਘੱਟ ਬਜਟ ਵਾਲੇ ਸ਼ੋਅ ਨੇ ਸਫਲਤਾ ਦੇ ਉਸ ਸ਼ਿਖਰ ਨੂੰ ਛੂਹਿਆ, ਜੋ ਅੱਜਕੱਲ੍ਹ ਦੇ ਕਈ ਸਾਲਾਂ ਤੱਕ ਚੱਲਣ ਵਾਲੇ ਵੱਡੇ ਬਜਟ ਵਾਲੇ ਸੀਰੀਅਲ ਵੀ ਨਹੀਂ ਛੂਹ ਸਕਦੇ। ਫਲਾਪ ਸ਼ੋਅ ਤੋਂ ਬਾਅਦ ਇਨ੍ਹਾਂ ਨੇ ਟੈਲੀਵਿਜ਼ਨ ਲਈ ਹੋਰ ਵੀ ਬਹੁਤ ਸਾਰੇ ਸੀਰੀਅਲ ਲਿਖੇ, ਡਾਇਰੈਕਟ ਕੀਤੇ ਅਤੇ ਉਨ੍ਹਾਂ ਵਿਚ ਅਦਾਕਾਰੀ ਵੀ ਕੀਤੀ, ਜਿਨ੍ਹਾਂ ਵਿਚ ਫੁਲ ਟੈਂਸ਼ਨ, ਥੈਂਕ ਯੂ ਜੀਜਾ ਜੀ, ਪ੍ਰੋਫੈਸਰ ਮਨੀ ਪਲਾਂਟ, ਢਾਬਾ ਜੰਕਸ਼ਨ, ਹਾਏ ਜ਼ਿੰਦਗੀ ਬਾਏ ਜ਼ਿੰਦਗੀ ਅਤੇ ਕਰਿਸ਼ਮਾ ਪ੍ਰਮੁੱਖ ਹਨ।

**ਪੰਜਾਬੀ ਫ਼ਿਲਮ 'ਮਾਹੌਲ ਠੀਕ ਹੈ' ਦਾ ਨਿਰਮਾਣ ਕਰਨਾ:-** ਟੈਲੀਵਿਜ਼ਨ 'ਤੇ ਸਫਲਤਾ ਦੀਆਂ ਬੁਲੰਦੀਆਂ 'ਤੇ ਪਹੁੰਚ ਕੇ ਇਨ੍ਹਾਂ ਨੇ ਪੌਲੀਵੁੱਡ ਵੱਲ ਰੁਖ ਕੀਤਾ। ਇਹ ਉਹ ਸਮਾਂ ਸੀ, ਜਦੋਂ ਪੰਜਾਬੀ ਫ਼ਿਲਮਾਂ ਤੋਂ ਦਰਸ਼ਕਾਂ ਦਾ ਮੋਹ ਭੰਗ ਹੋ ਚੁੱਕਾ ਸੀ ਅਤੇ ਸਿਨਮਾ ਖਿੜਕੀ 'ਤੇ ਕੋਈ ਵੀ ਪੰਜਾਬੀ ਫ਼ਿਲਮ ਕਾਮਯਾਬ ਨਹੀਂ ਹੋ ਰਹੀ ਸੀ, ਨਾਲ ਹੀ ਪੰਜਾਬ ਦਾ ਮਾਹੌਲ ਵੀ ਇੰਨਾ ਸੁਖਾਵਾਂ ਨਹੀਂ ਸੀ। ਠੀਕ ਓਸ ਵੇਲੇ ਇਨ੍ਹਾਂ ਨੇ ਪੰਜਾਬੀ ਫ਼ਿਲਮ ਬਣਾਉਣ ਦਾ ਫੈਸਲਾ ਕੀਤਾ। ਜਸਪਾਲ ਭੱਟੀ ਫ਼ਿਲਮਸ ਦੇ ਬੈਨਰ ਹੇਠ ਬਣੀ ਇਨ੍ਹਾਂ ਦੀ ਪਹਿਲੀ ਪੰਜਾਬੀ ਫ਼ਿਲਮ 'ਮਾਹੌਲ ਠੀਕ ਹੈ', ਜਿਸ ਦੇ ਇਹ ਨਿਰਮਾਤਾ ਨਿਰਦੇਸ਼ਕ ਵੀ ਖੁਦ ਹੀ ਸਨ। ਇਸ ਫ਼ਿਲਮ ਦੀ ਕਹਾਣੀ ਵੀ ਇਨ੍ਹਾਂ ਨੇ ਹੀ ਲਿਖੀ ਸੀ ਅਤੇ ਪਟਕਥਾ ਲੇਖਨ ਵਿਚ ਇਨ੍ਹਾਂ ਦਾ ਸਾਥ ਦਿੱਤਾ ਸੀ ਲੇਖਕ ਬਖਸ਼ਿੰਦਰ ਨੇ। 14 ਫਰਵਰੀ 1999 ਵਿਚ ਰਿਲੀਜ਼ ਹੋਈ ਇਸ ਫ਼ਿਲਮ ਵਿਚ ਦੋ ਨਵੇਂ ਚਿਹਰੇ ਸਮੀਪ ਕੰਗ ਅਤੇ ਚਾਂਦਨੀ ਤੂਰ ਦੀ ਰੋਮਾਂਟਿਕ ਜੋੜੀ ਪੇਸ਼ ਕੀਤੀ ਗਈ ਸੀ। ਫ਼ਿਲਮ ਵਿਚ ਇਨ੍ਹਾਂ ਨੇ ਇਕ ਭ੍ਰਿਸ਼ਟ ਐੱਸ.ਐੱਸ.ਪੀ. ਦਾ ਕਿਰਦਾਰ ਅਦਾ ਕੀਤਾ ਸੀ, ਤੇ ਨਾਲ ਹੀ ਇਨ੍ਹਾਂ ਦੀ ਪਤਨੀ ਸਵਿਤਾ ਭੱਟੀ ਨੇ ਵੀ ਇੱਕ ਸਕੂਲ ਪ੍ਰਿੰਸੀਪਲ ਦਾ ਕਿਰਦਾਰ ਅਦਾ ਕੀਤਾ ਸੀ।

**ਬਾਲੀਵੁੱਡ ਫ਼ਿਲਮਾਂ ਵਿਚ ਅਦਾਕਾਰੀ:-** ਪੌਲੀਵੁੱਡ ਤੋਂ ਬਾਅਦ ਬਾਲੀਵੁੱਡ ਫਿਲਮਸਾਜ਼ਾਂ ਨੇ ਇਨ੍ਹਾਂ ਨੂੰ ਆਪਣੀਆਂ ਹਿੰਦੀ ਫਿਲਮਾਂ ਵਿਚ ਅਦਾਕਾਰੀ ਕਰਨ ਦਾ ਸੱਦਾ ਦਿੱਤਾ। ਇਨ੍ਹਾਂ ਦੀ ਪਹਿਲੀ ਹਿੰਦੀ ਫ਼ਿਲਮ ਰਿਲੀਜ਼ ਆਰ.ਕੇ. ਬੈਨਰ ਦੀ ਅਦਾਕਾਰ ਰਿਸ਼ੀ ਕਪੂਰ ਦੁਆਰਾ ਨਿਰਦੇਸ਼ਿਤ ਫ਼ਿਲਮ 'ਆ ਅਬ ਲੌਟ ਚਲੇਂ' ਜੋ ਮਿਤੀ 22 ਜਨਵਰੀ 1999 ਨੂੰ ਰਿਲੀਜ਼ ਹੋਈ, ਜਿਸ ਵਿਚ ਇਨ੍ਹਾਂ ਨੇ ਇਕ ਐੱਨ.ਆਰ.ਆਈ. ਇਕਬਾਲ ਸਿੰਘ ਦੀ ਭੂਮਿਕਾ ਨਿਭਾਈ, ਜੋ ਅਮਰੀਕਾ ਵਿਚ ਰਹਿੰਦਾ ਹੈ। ਇਸ ਫ਼ਿਲਮ ਤੋਂ ਬਾਅਦ ਇਨ੍ਹਾਂ ਨੇ ਹੋਰ ਵੀ ਬਹੁਤ ਸਾਰੀਆਂ ਬਾਲੀਵੁੱਡ ਫ਼ਿਲਮਾਂ ਵਿਚ ਕੰਮ ਕੀਤਾ, ਜਿਨ੍ਹਾਂ ਵਿਚ ਕਾਲਾ ਸਮਰਾਜਿਆ, ਕਾਰਤੂਸ, ਵੋਹ ਬੇਵਫ਼ਾ ਥੀ, ਹਮਾਰਾ ਦਿਲ ਆਪ ਕੇ ਪਾਸ ਹੈ, ਯੇ ਹੈ ਜ਼ਲਵਾ, ਸ਼ਕਤੀ ਦਾ ਪਾਵਰ, ਜਾਨੀ ਦੁਸ਼ਮਣ ਅਨੋਖੀ ਕਹਾਣੀ, ਕੋਈ ਮੇਰੇ ਦਿਲ ਸੇ ਪੂਛੇ, ਕੁਛ ਨਾ ਕਹੋ, ਕੁਛ ਮੀਠਾ ਹੋ ਜਾਏ, ਫ਼ਨਾ, ਹਮ ਤੁਮ ਸ਼ਬਾਨਾ ਅਤੇ ਮੌਸਮ ਪ੍ਰਮੁੱਖ ਹਨ।

**ਪਰਿਵਾਰਿਕ ਜ਼ਿੰਦਗੀ:-** 24 ਮਾਰਚ 1985 ਨੂੰ ਜਸਪਾਲ ਭੱਟੀ ਦਾ ਵਿਆਹ ਰਿਟਾਇਰਡ ਏਅਰ ਕਮਾਂਡਰ ਸ. ਮਨਮੋਹਣ ਸਿੰਘ ਡਡਿਆਲਾ ਦੀ ਧੀ ਸਵਿਤਾ ਡਡਿਆਲਾ ਨਾਲ ਹੋਇਆ। ਦਿੱਲੀ ਯੂਨੀਵਰਸਿਟੀ ਤੋਂ ਗ੍ਰੈਜੂਏਟ ਅਤੇ ਪੰਜਾਬ ਯੂਨੀਵਰਸਿਟੀ ਤੋਂ ਪੋਸਟ ਗ੍ਰੈਜੂਏਟ ਸਵਿਤਾ ਨੇ ਆਪਣੇ ਪਤੀ ਦੇ ਨਾਲ ਅਦਾਕਾਰੀ ਵਿਚ ਉਨ੍ਹਾਂ ਦਾ ਭਰਭੂਰ ਸਾਥ ਦਿੱਤਾ। ਸੀਰੀਅਲ ਫਲਾਪ ਸ਼ੋਅ ਤੋਂ ਲੈ ਕੇ ਫ਼ਿਲਮ 'ਮਾਹੌਲ ਠੀਕ ਹੈ' ਅਤੇ 'ਪਾਵਰ ਕੱਟ' ਤੱਕ ਸਵਿਤਾ ਭੱਟੀ ਅਤੇ ਜਸਪਾਲ ਭੱਟੀ ਦੀ ਜੋੜੀ ਨੇ ਆਪਣੀ ਸ਼ਾਨਦਾਰ ਅਦਾਕਾਰੀ ਨਾਲ ਸਭ ਦਾ ਦਿਲ ਮੋਹਿਆ। ਰੀਲ ਅਤੇ ਰੀਅਲ ਵਿਚ ਦੋਵਾਂ ਦੀ ਜੋੜੀ ਸ਼ਾਨਦਾਰ ਸੀ। ਸਵਿਤਾ ਭੱਟੀ ਜਸਪਾਲ ਭੱਟੀ ਨਾਲ ਮਿਲ ਕੇ ਬਾਕਮਾਲ ਕਾਮੇਡੀ ਪੇਸ਼ ਕਰਦੇ ਸਨ। ਇਨ੍ਹਾਂ ਘਰ ਦੋ ਬੱਚਿਆਂ ਨੇ ਜਨਮ ਲਿਆ ਵੱਡਾ ਬੇਟਾ ਜਸਰਾਜ ਭੱਟੀ ਅਤੇ ਛੋਟੀ ਬੇਟੀ ਰਾਬਿਆ ਭੱਟੀ। ਬੇਟੇ ਜਸਰਾਜ ਭੱਟੀ ਨੇ ਪੰਜਾਬੀ ਫ਼ਿਲਮ 'ਪਾਵਰ ਕੱਟ' ਰਾਹੀਂ ਪੌਲੀਵੁੱਡ ਵਿਚ ਆਪਣੇ ਫ਼ਿਲਮੀ ਕੈਰੀਅਰ ਦੀ ਸ਼ੁਰੂਆਤ ਕੀਤੀ ਅਤੇ ਅੱਜਕੱਲ੍ਹ ਉਹ ਸਫ਼ਲ ਫ਼ਿਲਮ ਨਿਰਦੇਸ਼ਕ ਹਨ, ਜਿਨ੍ਹਾਂ ਨੇ ਕਈ ਸ਼ਾਨਦਾਰ ਟੈਲੀਫ਼ਿਲਮਾਂ ਬਣਾਈਆਂ ਹਨ, ਜਿਨ੍ਹਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਭਰਪੂਰ ਸਰਾਹਨਾ ਹੋਈ।

**ਟ੍ਰੇਨਿੰਗ ਸਕੂਲ ਅਤੇ ਸਟੂਡੀਓ ਦੀ ਸਥਾਪਨਾ:-** ਜਸਪਾਲ ਭੱਟੀ ਨੇ ਆਪਣੇ ਟੀ.ਵੀ. ਸੀਰੀਅਲਾਂ ਅਤੇ ਫ਼ਿਲਮਾਂ ਜ਼ਰੀਏ ਬਹੁਤ ਸਾਰੇ ਨਵੇਂ ਕਲਾਕਾਰਾਂ ਨੂੰ ਪਹਿਚਾਣ ਦਿਵਾਈ, ਜਿਨ੍ਹਾਂ ਵਿਚ ਵਿਵੇਕ ਸ਼ੌਕ ਜੋ ਅੱਗੇ ਚੱਲ ਕੇ ਬੌਲੀਵੁੱਡ ਅਤੇ ਪੌਲੀਵੁੱਡ ਇੰਡਸਟਰੀ ਵਿਚ ਸਫਲ ਅਦਾਕਾਰ ਬਣੇ। ਇਸੇ ਤਰ੍ਹਾਂ ਸੁਨੀਲ ਗਰੋਵਰ ਵੀ ਅੱਜ ਬੌਲੀਵੁੱਡ ਅਤੇ ਟੀ.ਵੀ. ਜਗਤ ਦਾ ਸਫਲ ਅਦਾਕਾਰ ਹੈ। ਸਮੀਪ ਕੰਗ ਪੌਲੀਵੁਡ ਫ਼ਿਲਮਾਂ ਦਾ ਸਫਲ ਨਿਰਦੇਸ਼ਕ ਬਣ ਚੁੱਕਾ ਹੈ। ਇਸੇ ਤਰ੍ਹਾਂ ਪੰਜਾਬ ਦੇ ਨਵੇਂ ਕਲਾਕਾਰਾਂ ਨੂੰ ਤਰਾਸ਼ਣ ਲਈ ਜਸਪਾਲ ਭੱਟੀ ਨੇ ਆਪਣੀ ਪਤਨੀ ਸਵਿਤਾ ਭੱਟੀ ਨਾਲ ਮਿਲ ਕੇ ਮੋਹਾਲੀ ਵਿਚ ਇਕ ਐਕਟਿੰਗ ਦਾ ਟ੍ਰੇਨਿੰਗ ਸਕੂਲ ਖੋਲ੍ਹਿਆ। ਮੈਡ ਆਰਟਸ ਦੇ ਨਾਂ ਨਾਲ ਮਸ਼ਹੂਰ ਇਸ ਟ੍ਰੇਨਿੰਗ ਸਕੂਲ ਦੇ ਨਾਲ ਹੀ ਫ਼ਿਲਮ ਸਟੂਡੀਓ ਵੀ ਬਣਾਇਆ ਗਿਆ।

**ਨਾਨਸੈਂਸ ਕਲੱਬ ਦੀ ਸਥਾਪਨਾ:-** ਜਸਪਾਲ ਭੱਟੀ ਨੇ ਆਪਣੇ ਕਾਮੇਡੀ ਦੇ ਜ਼ਰੀਏ ਹਮੇਸ਼ਾ ਸਮਾਜ ਦੇ ਲੋਕਾਂ ਦੀ ਗੱਲ ਕੀਤੀ। ਉਹ ਹਮੇਸ਼ਾਂ ਭੱਖਦੇ ਮੁੱਦਿਆਂ ਨੂੰ ਵਿਅੰਗ ਦਾ ਆਧਾਰ ਬਣਾਉਂਦਾ ਸੀ। ਇਨ੍ਹਾਂ ਮੁੱਦਿਆਂ ਨੂੰ ਉਠਾਉਣ ਲਈ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ, ਲੋਕਾਂ ਦੀ ਗੱਲ ਸਰਕਾਰ ਤੱਕ ਪਹੁੰਚਾਉਣ ਲਈ ਜਸਪਾਲ ਭੱਟੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਚੰਡੀਗੜ੍ਹ ਵਿਖੇ ਨਾਨਸੈਂਸ ਕਲੱਬ ਬਣਾਇਆ, ਜਿਸ ਜ਼ਰੀਏ ਉਨ੍ਹਾਂ ਕਈ ਭਖਦੇ ਮੁੱਦੇ ਉਠਾਏ।

**ਸੰਸਾਰ ਨੂੰ ਅਲਵਿਦਾ:-** ਸੰਨ 2012 ਵਿਚ ਇਨ੍ਹਾਂ ਨੇ ਆਪਣੇ ਖੁਦ ਦੇ ਬੈਨਰ ਹੇਠ ਬਿਜਲੀ ਮਹਿਕਮੇ 'ਤੇ ਵਿਅੰਗ ਕਰਦੀ ਪੰਜਾਬੀ ਫਿਲਮ ਪਾਵਰ ਕੱਟ ਬਣਾਈ, ਜਿਸ ਦੀ ਰਿਲੀਜ਼ ਤਾਰੀਖ 26 ਅਕਤੂਬਰ, 2012 ਰੱਖੀ ਗਈ। ਇਸ ਫ਼ਿਲਮ ਵਿਚ ਜ਼ਫਰ ਖਾਨ, ਸੁਰੀਲੀ ਗੌਤਮ ਅਤੇ ਜਸਪਾਲ ਭੱਟੀ ਦਾ ਬੇਟਾ ਜਸਰਾਜ ਭੱਟੀ ਆਪਣੇ ਫ਼ਿਲਮੀ ਸਫਰ ਦੀ ਸ਼ੁਰੂਆਤ ਕਰ ਰਹੇ ਸਨ। ਫ਼ਿਲਮ ਦੀ ਰਿਲੀਜ਼ ਤੋਂ ਇਕ ਦਿਨ ਪਹਿਲਾਂ 25 ਅਕਤੂਬਰ 2012 ਦਿਨ ਵੀਰਵਾਰ ਨੂੰ ਬਠਿੰਡਾ ਤੋਂ ਜਲੰਧਰ ਆਉਂਦਿਆਂ ਸ਼ਾਹਕੋਟ ਦੇ ਨਜ਼ਦੀਕ ਜਸਪਾਲ ਭੱਟੀ ਦੀ ਕਾਰ ਦੁਰਘਟਨਾਗ੍ਰਸਤ ਹੋ ਗਈ ਅਤੇ ਇਸ ਸੜਕ ਹਾਦਸੇ ਵਿਚ ਜਸਪਾਲ ਭੱਟੀ ਜੀ ਸਿਰਫ 57 ਸਾਲ ਦੀ ਉਮਰ ਵਿਚ ਇਸ ਫ਼ਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ।

ਕਲਾ ਤੇ ਫ਼ਿਲਮ ਜਗਤ ਵਿਚ ਵਿਲੱਖਣ ਪੈੜਾਂ ਪਾਉਣ ਬਦਲੇ ਭਾਰਤ ਸਰਕਾਰ ਨੇ ਜਸਪਾਲ ਭੱਟੀ ਨੂੰ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਸੰਨ 2013 'ਚ ਪਦਮ ਭੂਸ਼ਨ ਨਾਲ ਸਨਮਾਨਿਤ ਕੀਤਾ। ਜਸਪਾਲ ਭੱਟੀ ਹਮੇਸ਼ਾ ਆਪਣੇ ਚਾਹੁੰਣ ਵਾਲਿਆਂ ਦੇ ਦਿਲਾਂ ਵਿਚ ਵਸਦੇ ਰਹਿਣਗੇ।

> *ਉਨ੍ਹਾਂ ਨੂੰ ਕਾਰਟੂਨ ਬਣਾਉਣ ਦਾ ਬੇਹੱਦ ਸ਼ੌਕ ਸੀ। ਭੱਖਦੇ ਰਾਜਨੀਤਿਕ ਅਤੇ ਸਮਾਜਿਕ ਮੁੱਦਿਆ 'ਤੇ ਕਾਰਟੂਨ ਬਣਾਉਣ ਵਿਚ ਉਨ੍ਹਾਂ ਨੂੰ ਮੁਹਾਰਤ ਹਾਸਲ ਸੀ। ਇਕ ਵਾਰ ਉਨ੍ਹਾਂ ਨੇ ਆਪਣਾ ਇਕ ਕਾਰਟੂਨ ਚੰਡੀਗੜ੍ਹ ਤੋਂ ਛੱਪਦੇ ਅੰਗਰੇਜੀ ਅਖਬਾਰ ਦ ਟ੍ਰਿਬਿਊਨ ਵਿਚ ਛਪਣ ਲਈ ਭੇਜਿਆ, ਜਿਸ ਨੂੰ ਅਖਬਾਰ ਨੇ ਪ੍ਰਮੁੱਖਤਾ ਨਾਲ ਛਾਪਿਆ।*

# ਕਿਉਂ ਨਹੀਂ ਰੁੱਕ ਰਹੇ ਇਹ ਰੇਲ ਹਾਦਸੇ?

ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫਤਹਿਗੜ੍ਹ ਸਾਹਿਬ (ਪੰਜਾਬ)
ਮੋਬਾਈਲ ਨੰ: 98889-40211
ਪੰਜਾਬ ਮੇਲ USA





ਇਸ ਸਮੇਂ ਭਾਰਤੀ ਰੇਲਵੇ ਦੁਨੀਆਂ ਦਾ ਚੌਥਾ ਸਭ ਤੋਂ ਵੱਡਾ ਰੇਲਵੇ ਨੈਟਵਰਕ ਚਲਾ ਰਹੀ ਹੈ। 20 ਜੂਨ 2024 ਨੂੰ ਅੱਠ ਡੱਬਿਆਂ ਵਾਲੀ ਰੇਲਗੱਡੀ ਦੇ ਟਰਾਇਲ ਰਾਹੀਂ ਰਾਮਬਨ ਦੇ ਸੰਗਲਦਾਨ ਤੋਂ ਚੱਲ ਕੇ ਰਿਆਸੀ ਜ਼ਿਲ੍ਹੇ 'ਚ ਚਿਨਾਬ ਨਦੀ 'ਤੇ ਬਣੇ ਦੁਨੀਆਂ ਦੇ ਸਭ ਤੋਂ ਉੱਚੇ ਰੇਲਵੇ ਦੇ ਆਰਕ ਪੁਲ ਤੋਂ ਲੰਘਦੀ ਹੋਈ ਪਹਿਲੀ ਵਾਰ ਰਿਆਸੀ ਸਟੇਸ਼ਨ ਪਹੁੰਚੀ। ਇਹ ਪੁੱਲ ਚਨਾਬ ਨਦੀ ਦੇ ਤੱਟ ਤੋਂ 359 ਮੀਟਰ ਉੱਚਾ ਤੇ 1.3 ਕਿਲੋਮੀਟਰ ਲੰਬਾ ਹੈ। ਭਾਰਤ ਸਰਕਾਰ ਤੇ ਰੇਲਵੇ ਮੰਤਰਾਲੇ ਨੇ ਇਸ ਸਾਲ ਦੇ ਅੰਤ ਤੱਕ ਕਸਮੀਰ ਨੂੰ ਰੇਲ ਮਾਰਗ ਰਾਹੀਂ ਦੇਸ ਨਾਲ ਜੋੜਨ ਦਾ ਟੀਚਾ ਮਿੱਥਿਆ ਹੈ।

ਇਹ ਵੱਖਰੀ ਗੱਲ ਹੈ ਕਿ ਇਸ ਤੋਂ ਸਿਰਫ ਤਿੰਨ ਦਿਨ ਪਹਿਲਾਂ 17 ਜੂਨ ਨੂੰ ਪੱਛਮੀ ਬੰਗਾਲ ਦੇ ਦਾਰਜਲਿੰਗ ਜ਼ਿਲ੍ਹੇ ਵਿਚ ਰੰਗਾਪਾਣੀ ਰੇਲਵੇ ਸਟੇਸ਼ਨ ਨੇੜੇ ਸਿਆਲਦਾ-ਅਗਰਤਲਾ ਕੰਚਨਜੰਗਾ ਐਕਸਪ੍ਰੈੱਸ ਨਾਲ ਇੱਕ ਮਾਲ ਗੱਡੀ ਟਕਰਾ ਗਈ, ਜਿਸ ਵਿਚ 15 ਲੋਕਾਂ ਦੀ ਮੌਤ ਹੋ ਗਈ ਤੇ 80 ਦੇ ਕਰੀਬ ਜ਼ਖਮੀ ਹੋਏ ਹਨ। ਇਹ ਰੇਲਗੱਡੀ ਤ੍ਰਿਪੁਰਾ ਦੇ ਅਗਰਤਲਾ ਤੋਂ ਚੱਲ ਕੇ ਪੱਛਮੀ ਬੰਗਾਲ ਦੇ ਸਿਆਲਦਾ ਨੂੰ ਜਾ ਰਹੀ ਸੀ ਅਤੇ ਰੰਗਾਪਾਣੀ ਸਟੇਸ਼ਨ ਲੰਘਣ ਉਪਰੰਤ ਕੁਝ ਦੂਰੀ 'ਤੇ ਜਾ ਕੇ ਰੁਕੀ ਹੋਈ ਸੀ। ਇਸੇ ਦੌਰਾਨ ਸਵੇਰੇ 8:42 'ਤੇ ਉਸੇ ਰੇਲਵੇ ਲਾਈਨ 'ਤੇ ਪਿੱਛੋਂ ਇੱਕ ਮਾਲ ਗੱਡੀ ਆ ਰਹੀ ਸੀ, ਜੋ ਕਿ ਖੜ੍ਹੀ ਰੇਲ ਗੱਡੀ ਵਿਚ ਵੱਜਣ ਕਾਰਨ ਹਾਦਸਾ ਹੋ ਗਿਆ। ਰੇਲਵੇ ਬੋਰਡ ਦੇ ਚੇਅਰਮੈਨ ਅਨੁਸਾਰ ਮਾਲ ਗੱਡੀ ਨੇ ਕਈ ਸਿਗਨਲ ਤੋੜੇ, ਜਦ ਕਿ ਰੇਲਵੇ ਸੂਤਰਾਂ ਅਨੁਸਾਰ ਆਟੋਮੈਟਿਕ ਸਿਗਨਲਾਂ ਵਿਚ ਕੁਝ ਤਕਨੀਕੀ ਖਰਾਬੀ ਵੀ ਹਾਦਸੇ ਦਾ ਕਾਰਨ ਹੋ ਸਕਦੀ ਹੈ। ਇਨ੍ਹਾਂ ਦੋਵੇਂ ਗੱਡੀਆਂ ਵਿਚ ਐਂਟੀ ਕੁਲੀਜਨ ਸਿਸਟਮ ਨਹੀਂ ਲੱਗਾ ਹੋਇਆ ਸੀ।



ਐਂਟੀ ਕੁਲੀਜਨ ਡਿਵਾਈਸ - ਮਾਰਚ 2020 ਵਿਚ ਸੁਰੱਖਿਆ ਕਵਚ ਪ੍ਰਣਾਲੀ (ਐਂਟੀ ਕੁਲੀਜਨ ਡਿਵਾਈਸ) ਲਾਂਚ ਕੀਤੀ ਗਈ ਸੀ। ਇਸ ਅਨੁਸਾਰ ਦੋ ਗੱਡੀਆਂ ਦੇ ਇੱਕੋ ਲਾਈਨ 'ਤੇ ਆ ਜਾਣ ਉੱਤੇ ਇੱਕ ਮਿੱਥੀ ਨਿਰਧਾਰਿਤ ਦੂਰੀ 'ਤੇ ਰੇਲ ਗੱਡੀਆਂ ਆਪਣੇ ਆਪ ਰੁੱਕ ਜਾਣਗੀਆਂ। ਉਸ ਵਕਤ ਕਿਹਾ ਗਿਆ ਸੀ ਕਿ ਰੇਲ ਹਾਦਸੇ ਹੁਣ ਬੀਤੇ ਦੀ ਗੱਲ ਹੋ ਮਾਹਿਰਾਂ ਅਨੁਸਾਰ ਆਹਮੋ ਸਾਹਮਣੇ ਆ ਗਈਆਂ ਟ੍ਰੇਨਾਂ ਦੀ ਟੱਕਰ ਨੂੰ ਇਸ ਪ੍ਰਣਾਲੀ ਰਾਹੀਂ ਹੀ ਰੋਕਿਆ ਜਾ ਸਕਦਾ ਹੈ। ਇਹ ਆਟੋਮੈਟਿਡ ਟਰੇਨ ਪ੍ਰੋਟੈਕਸਨ ਸਿਸਟਮ ਹੈ, ਜਿਸ ਨੂੰ ਰਿਸਰਚ ਡਿਜ਼ਾਇਨ ਐਂਡ ਸਟੈਂਡਰਡ ਆਰਗਨਾਈਜ਼ੇਸ਼ਨ ਨੇ ਵਿਕਸਿਤ ਕੀਤਾ ਹੈ, ਜੋ ਕਿ ਇੱਕ ਸੈਂਸਰ ਆਧਾਰਿਤ ਸਵੈ ਸਰਗਰਮ ਵਿਵਸਥਾ ਹੈ। ਇਹ ਪ੍ਰਣਾਲੀ ਕਿਸੇ ਇੱਕ ਟ੍ਰੇਨ 'ਚ ਨਾ ਹੋਣ ਕਾਰਨ ਇਹ ਕੰਮ ਨਹੀਂ ਕਰਦੀ, ਇਸ ਲਈ ਇੱਕੋ ਰੇਲਵੇ ਲਾਈਨ 'ਤੇ ਆਉਣ ਵਾਲੀਆਂ ਦੋਵੇਂ ਗੱਡੀਆਂ 'ਚ ਇਹ ਸਿਸਟਮ ਦਾ ਹੋਣਾ ਜ਼ਰੂਰੀ ਹੈ। ਇਹ ਸਿਸਟਮ ਤਦ ਹੀ ਐਕਟਿਵ ਹੁੰਦਾ ਹੈ ਤੇ ਹਾਦਸਾ ਰੋਕਿਆ ਜਾ ਸਕਦਾ ਹੈ। ਮਾਰਚ 2022 ਵਿਚ ਕਵਚ ਨਾਲ ਜੁੜੇ ਦੋ ਲੋਕੋਆਂ ਨੂੰ ਇੱਕੋ ਲਾਈਨ 'ਤੇ ਚਲਾ ਕੇ ਇਸਦਾ ਪਰੀਖਣ ਕੀਤਾ ਸੀ, ਜੋ ਕਿ ਇੱਕ-ਦੂਜੇ ਤੋਂ 290 ਮੀਟਰ ਦੀ ਦੂਰੀ 'ਤੇ ਦੋਨੋਂ ਲੋਕੋ ਖੁਦ ਹੀ ਰੁਕ ਗਏ ਸਨ।

ਇਸ ਤੋਂ ਪਹਿਲਾਂ 25 ਫਰਵਰੀ 2024, ਐਤਵਾਰ ਨੂੰ ਜੰਮੂ ਦੇ ਕਠੂਆ ਤੋਂ 53 ਡੱਬਿਆਂ ਵਾਲੀ ਇੱਕ ਮਾਲ ਗੱਡੀ 90 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ 80 ਕਿਲੋਮੀਟਰ ਦੇ ਕਰੀਬ ਬਿਨਾਂ ਡਰਾਈਵਰ ਤੋਂ ਰੇਲਵੇ ਲਾਈਨ 'ਤੇ ਦੌੜਦੀ ਹੋਈ ਪੰਜਾਬ ਦੇ ਹੁਸ਼ਆਰਪੁਰ ਦੇ ਉੱਚੀ ਬੱਸੀ ਸਟੇਸ਼ਨ 'ਤੇ ਜਾ ਕੇ ਰੁਕੀ। ਇਸ ਮਾਲ ਗੱਡੀ ਦਾ ਡਰਾਈਵਰ ਕਠੂਆ ਸਟੇਸ਼ਨ 'ਤੇ ਗੱਡੀ ਦਾ ਇੰਜਨ ਸਟਾਰਟ ਛੱਡ ਕੇ ਹੀ ਚਾਹ ਪੀਣ ਲਈ ਉਤਰਿਆ ਤੇ ਗੱਡੀ ਆਪਣੇ ਆਪ ਚੱਲ ਪਈ। ਇਸ ਘਟਨਾ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਰੇਲਵੇ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ ਤੇ ਸੋਸ਼ਲ ਮੀਡੀਆ 'ਤੇ ਵੀ ਬਹੁਤ ਕਿਰਕਰੀ ਹੋਈ ਸੀ। ਘੰਟਾ ਡੇਢ ਘੰਟਾ ਬਿਨਾਂ ਡਰਾਈਵਰ ਤੋਂ ਰੇਲਵੇ ਟਰੈਕ 'ਤੇ ਦੌੜਨ ਦੇ ਬਾਵਜੂਦ ਚੰਗੀ ਕਿਸਮਤ ਨੂੰ ਕਿਸੇ ਤਰ੍ਹਾਂ ਦਾ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚਾ ਰਿਹਾ।

**ਇਹ ਆਟੋਮੈਟਿਡ ਟਰੇਨ ਪ੍ਰੋਟੈਕਸਨ ਸਿਸਟਮ ਹੈ, ਜਿਸ ਨੂੰ ਰਿਸਰਚ ਡਿਜ਼ਾਇਨ ਐਂਡ ਸਟੈਂਡਰਡ ਆਰਗਨਾਈਜ਼ੇਸ਼ਨ ਨੇ ਵਿਕਸਿਤ ਕੀਤਾ ਹੈ, ਜੋ ਕਿ ਇੱਕ ਸੈਂਸਰ ਆਧਾਰਿਤ ਸਵੈ ਸਰਗਰਮ ਵਿਵਸਥਾ ਹੈ। ਇਹ ਪ੍ਰਣਾਲੀ ਕਿਸੇ ਇੱਕ ਟ੍ਰੇਨ 'ਚ ਨਾ ਹੋਣ ਕਾਰਨ ਇਹ ਕੰਮ ਨਹੀਂ ਕਰਦੀ, ਇਸ ਲਈ ਇੱਕੋ ਰੇਲਵੇ ਲਾਈਨ 'ਤੇ ਆਉਣ ਵਾਲੀਆਂ ਦੋਵੇਂ ਗੱਡੀਆਂ 'ਚ ਇਹ ਸਿਸਟਮ ਦਾ ਹੋਣਾ ਜ਼ਰੂਰੀ ਹੈ। ਇਹ ਸਿਸਟਮ ਤਦ ਹੀ ਐਕਟਿਵ ਹੁੰਦਾ ਹੈ ਤੇ ਹਾਦਸਾ ਰੋਕਿਆ ਜਾ ਸਕਦਾ ਹੈ।**

ਹੁਣ ਗੱਲ ਕਰਦੇ ਆਂ ਉੜੀਸਾ ਦੇ ਬਾਲੇਸਵਰ ਵਿਚ ਤਿੰਨ ਰੇਲ ਗੱਡੀਆਂ ਵਿਚਕਾਰ ਹੋਏ ਹਾਦਸੇ ਦੀ। 2 ਜੂਨ 2023 ਨੂੰ ਬਾਲੇਸਵਰ ਦੇ ਬਾਹਾਨਾਗਾ ਰੇਲਵੇ ਸਟੇਸ਼ਨ ਨੇੜੇ ਇੱਕ ਮਾਲ ਗੱਡੀ, ਦੂਜੀ ਕੋਰੋਮੰਡਲ ਐਕਸਪ੍ਰੈੱਸ ਤੇ ਤੀਜੀ ਹਾਵੜਾ ਬੈਂਗਲੂਰੂ ਸੁਪਰ ਫਾਸਟ ਐਕਸਪ੍ਰੈੱਸ ਦੀ ਆਪਸ ਵਿਚ ਭਿਆਨਕ ਟੱਕਰ ਹੋਈ ਸੀ, ਜਿਸ ਵਿਚ 296 ਦੇ ਕਰੀਬ ਮੌਤਾਂ ਤੇ 1200 ਤੋਂ ਵਧੇਰੇ ਯਾਤਰੀ ਜਖਮੀ ਹੋਏ ਸਨ। ਮੁੱਢਲੀ ਜਾਂਚ ਅਨੁਸਾਰ ਇਹ ਹਾਦਸਾ ਇਲੈਕਟ੍ਰਾਨਿਕ ਇੰਟਰਲਾਕਿੰਗ ਤੇ ਪੁਆਇੰਟ ਮਸ਼ੀਨ ਦੇ ਬਦਲਾਅ ਕਾਰਨ ਹੋਇਆ। ਇਹ ਪ੍ਰਣਾਲੀ ਆਰਟੀਫਿਸ਼ੀਅਲ ਇੰਟੈਲੀਜੈਂਸ ਆਧਾਰਿਤ ਕੰਮ ਕਰਦੀ ਹੈ। 128 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲ ਰਹੀ ਇਸ ਰੇਲ ਗੱਡੀ ਨੇ ਉਕਤ ਸਟੇਸ਼ਨ ਉੱਤੇ ਰੁਕਣਾ ਨਹੀਂ ਸੀ। ਸਿਗਨਲ ਗਰੀਨ ਸੀ ਪਰ ਯਕਦਮ ਕਿਸੇ ਤਕਨੀਕੀ ਕਾਰਨ ਕਰਕੇ ਸਿਗਨਲ ਬਦਲ ਜਾਣ ਕਾਰਨ ਕੋਰੋਮੰਡਲ ਐਕਸਪ੍ਰੈੱਸ ਮੇਨ ਲਾਈਨ ਤੋਂ ਹਟ ਕੇ ਲੂਪ ਲਾਈਨ 'ਤੇ ਚੜ੍ਹ ਗਈ, ਜਿੱਥੇ ਪਹਿਲਾਂ ਹੀ ਇੱਕ ਮਾਲ ਗੱਡੀ ਖੜ੍ਹੀ ਸੀ। ਸੋ ਇਹ ਗੱਡੀ ਪਿੱਛੋਂ ਦੀ ਮਾਲ ਗੱਡੀ ਨਾਲ ਟਕਰਾ ਗਈ। ਰੇਲਗੱਡੀ ਦੀ ਜ਼ਿਆਦਾ ਰਫਤਾਰ ਕਾਰਨ ਗੱਡੀ ਦੇ 21 ਡੱਬੇ ਪਟੜੀ ਤੋਂ ਉਤਰ ਗਏ ਤੇ ਤਿੰਨ ਡੱਬੇ ਮੇਨ ਲਾਈਨ ਤੀਕਰ ਪਲਟ ਗਏ। ਇਸ ਉਪਰੰਤ ਉਥੋਂ ਚੇਨੱਈ ਵੱਲ ਜਾ ਰਹੀ ਯਸਵੰਤਪੁਰ (ਬੈਂਗਲੁਰੂ ਹਾਵੜਾ ਸੁਪਰ ਫਾਸਟ) ਐਕਸਪ੍ਰੈੱਸ ਗੱਡੀ ਵੀ ਹਾਦਸੇ ਦੀ ਲਪੇਟ ਵਿਚ ਆ ਗਈ। ਇਸ ਟਰੈਕ 'ਤੇ ਵੀ ਸੁਰੱਖਿਆ ਕਵਚ ਪ੍ਰਣਾਲੀ ਦੀ ਅਣਹੋਂਦ ਹਾਦਸੇ ਦਾ ਕਾਰਨ ਬਣੀ। ਇਹ ਰੇਲ ਹਾਦਸਾ ਪਿਛਲੇ ਤਿੰਨ ਦਹਾਕਿਆਂ ਵਿਚ ਦੇਸ਼ ਦਾ ਤੀਜਾ ਸਭ ਤੋਂ ਵੱਡਾ ਰੇਲ ਹਾਦਸਾ ਸੀ। ਇਨ੍ਹਾਂ ਦੋਵੇਂ ਰੇਲ ਗੱਡੀਆਂ ਵਿਚ 2000 ਦੇ ਕਰੀਬ ਯਾਤਰੀ ਸਵਾਰ ਸਨ।

26 ਨਵੰਬਰ, 1998 ਨੂੰ ਖੰਨਾ ਨੇੜੇ ਕੌੜੀ ਪਿੰਡ ਵਿਖੇ ਵੀ ਸੁਵੱਖਤੇ 3.15 'ਤੇ ਵੱਡਾ ਰੇਲ ਹਾਦਸਾ ਵਾਪਰਿਆ ਸੀ, ਜਦੋਂ ਅੰਮ੍ਰਿਤਸਰ ਤੋਂ ਦਿੱਲੀ ਵੱਲ ਜਾ ਰਹੀ ਫਰੰਟੀਅਰ ਮੇਲ ਦੇ ਛੇ ਡੱਬੇ ਪਟੜੀ ਤੋਂ ਲੱਥ ਕੇ ਦੂਜੀ ਰੇਲਵੇ ਲਾਈਨ 'ਤੇ ਜਾ ਕੇ ਪਲਟ ਗਏ ਸਨ। ਇਸ ਦੌਰਾਨ ਕਲਕੱਤੇ ਤੋਂ ਆ ਰਹੀ ਜੰਮੂ ਤਵੀ ਸਿਆਲਦਾ ਐਕਸਪ੍ਰੈੱਸ ਫਰੰਟੀਅਰ ਮੇਲ ਦੇ ਲੀਹੋਂ ਲੱਥੇ ਡੱਬਿਆਂ ਨਾਲ ਜਾ ਟਕਰਾਈ ਤੇ ਭਿਆਨਕ ਹਾਦਸਾ ਵਾਪਰ ਗਿਆ। ਇਨ੍ਹਾਂ ਰੇਲਾਂ ਵਿਚ 2500 ਮੁਸਾਫਰ ਸਫਰ ਕਰ ਰਹੇ ਸਨ, ਜਦਕਿ ਹਾਦਸੇ ਵਿਚ 212 ਦੇ ਕਰੀਬ ਲੋਕਾਂ ਦੀ ਮੌਤ ਹੋਈ ਸੀ। ਇਨ੍ਹਾਂ ਦਿਨਾਂ ਵਿਚ ਹੀ ਮੈਂ ਵੀ ਬਿਦਰ ਤੋਂ ਪੇਪਰ ਦੇਣ ਉਪਰੰਤ ਵਾਪਸ ਸਰਹਿੰਦ ਆਉਣਾ ਸੀ। ਅਸੀਂ ਬਿਦਰ ਤੋਂ ਬੰਗਲੌਰ ਘੁੰਮਣ ਚਲੇ ਗਏ ਤੇ ਘਰ ਦੇ ਸਾਨੂੰ ਇੱਥੇ ਉਡੀਕਦੇ ਰਹੇ। ਭਾਵੇਂ ਮੈਂ ਖੰਨੇ ਤੋਂ ਪਹਿਲਾਂ ਸਰਹਿੰਦ ਰੇਲਵੇ ਸਟੇਸ਼ਨ ਉਤੇ ਉੱਤਰ ਹੀ ਜਾਣਾ ਸੀ ਪਰ ਘਰਦਿਆਂ ਦੇ ਮਨਾਂ ਵਿਚ ਮਾੜੇ ਖਿਆਲ ਆਈ ਜਾਣ ਕਿ ਕਿਤੇ ਰੇਲ ਗੱਡੀ 'ਚ ਸੁੱਤਾ ਪਿਆ ਹੀ ਅੱਗੇ ਨਾ ਲੰਘ ਗਿਆ ਹੋਵਾਂ। ਉਸ ਵਕਤ ਮੇਰੇ ਘਰ ਦੇ ਕੌੜੀ ਰੇਲਵੇ ਸਟੇਸਨ 'ਤੇ ਮੈਨੂੰ ਲੱਭਣ ਵੀ ਗਏ ਸਨ। ਉਹ ਤਾਂ ਉਸ ਤੋਂ ਇੱਕ ਦੋ ਦਿਨਾਂ ਬਾਅਦ ਜਦੋਂ ਮੈਂ ਸਹੀ ਸਲਾਮਤ ਘਰ ਪਹੁੰਚਿਆ, ਤਾਂ ਘਰਦਿਆਂ ਦੀ ਜਾਨ 'ਚ ਜਾਨ ਆਈ। ਆਪਣੀ ਉਮਰ ਦੇ ਪੌਣੇ ਪੰਜ ਦਹਾਕਿਆਂ ਵਿਚੋਂ 6 ਮਹੀਨੇ ਦੇ ਕਰੀਬ ਰੇਲ ਗੱਡੀਆਂ 'ਚ ਬਿਤਾਏ ਹਨ, ਕਿਉਂਕਿ ਕਰਨਾਟਕਾ ਦੇ ਬਿਦਰ ਜ਼ਿਲ੍ਹੇ ਵਿਚ ਪੜ੍ਹਾਈ ਮੌਕੇ ਸਾਲ 'ਚ ਦੋ-ਤਿੰਨ ਵਾਰੀ ਦੋ ਜਾਂ ਤਿੰਨ ਦਿਨ ਦਾ ਸਫਰ ਪੈਂਦਾ ਸੀ ਪੰਜਾਬ ਤੋਂ ਕਰਨਾਟਕਾ ਦਾ। ਰੇਲ ਨੂੰ ਸਸਤਾ, ਆਰਾਮਦਾਇਕ ਤੇ ਸੁਰੱਖਿਅਤ ਸਫਰ ਮੰਨਿਆ ਜਾਂਦਾ ਹੈ, ਫਿਰ ਕਿਉਂ ਸਾਡੇ ਦੇਸ਼ ਵਿਚ ਵਾਰ-ਵਾਰ ਰੇਲ ਹਾਦਸੇ ਹੋ ਰਹੇ ਹਨ। ਅਸੀਂ ਹਰ ਵਾਰ ਜਾਂਚ ਕਮੇਟੀਆਂ ਬਣਾ ਕੇ ਕਿਉਂ ਆਪਣੇ ਫਰਜ਼ਾਂ ਜਾਂ ਜ਼ਿੰਮੇਵਾਰੀਆਂ ਤੋਂ ਪੱਲਾ ਝਾੜ ਲੈਂਦੇ ਹਾਂ। ਬੁਲਟ ਟਰੇਟ ਚਲਾਉਣ ਦੇ ਦਾਅਵੇ ਕਰਨ ਵਾਲੀ ਭਾਰਤ ਸਰਕਾਰ ਨੂੰ ਬੁਲੇਟ ਟ੍ਰੇਨ ਚਲਾਉਣ ਤੋਂ ਪਹਿਲਾਂ, ਪਹਿਲਾਂ ਚੱਲ ਰਹੀਆਂ ਰੇਲ ਗੱਡੀਆਂ ਦੀ ਸੁਰੱਖਿਆ ਵੱਲ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਭਵਿੱਖ ਵਿਚ ਹੋਰ ਹਾਦਸੇ ਨਾ ਵਾਪਰਨ। ਆਖਿਰ ਕਿਉਂ ਨਹੀਂ ਰੁਕ ਰਹੇ ਇਹ ਰੇਲ ਹਾਦਸੇ?

# ਡਾ. ਸਰਬਜੀਤ ਕੰਗਣੀਵਾਲ ਦੀ ਪੁਸਤਕ 'ਪੰਜਾਬ ਦੀ ਖੱਬੀ ਲਹਿਰ' ਦਾ ਵਿਸ਼ਲੇਸ਼ਣ

## (1947 ਤੋਂ ਸੋਵੀਅਤ ਸੰਘ ਦੇ ਪਤਨ ਤੱਕ)

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਸਰਬਜੀਤ ਕੰਗਣੀਵਾਲ ਖੱਬੇ-ਪੱਖੀ ਸੋਚ ਵਾਲਾ ਸਥਾਪਤ ਵਿਦਵਾਨ ਲੇਖਕ ਤੇ ਪੱਤਰਕਾਰ ਹੈ। ਉਸਨੇ ਹੁਣ ਤੱਕ ਚਾਰ ਖ਼ੋਜੀ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ, ਜਿਨ੍ਹਾਂ ਵਿਚ 'ਪੰਜਾਬ ਦੀ ਖੱਬੀ ਲਹਿਰ-ਬਸਤੀਵਾਦ ਤੋਂ ਮੁਕਤੀ ਤੱਕ' 2024 ਵਿਚ ਪ੍ਰਕਾਸ਼ਤ ਪੁਸਤਕ ਵੀ ਸ਼ਾਮਲ ਹੈ। ਉਹ ਇਸ ਲੜੀ ਵਿਚ ਪੰਜ ਜਿਲਦਾਂ ਪ੍ਰਕਾਸ਼ਤ ਕਰਵਾਉਣ ਜਾ ਰਿਹਾ ਹੈ।

'ਪੰਜਾਬ ਦੀ ਖੱਬੀ ਲਹਿਰ (1947 ਤੋਂ ਸੋਵੀਅਤ ਸੰਘ ਦੇ ਪਤਨ ਤੱਕ)' ਪੁਸਤਕ ਦੂਜੀ ਜਿਲਦ ਹੈ। ਇਸ ਪੁਸਤਕ ਨੂੰ ਉਸਨੇ 9 ਅਧਿਆਇ ਵਿਚ ਵੰਡਿਆ ਹੈ। ਤੱਥਾਂ 'ਤੇ ਆਧਾਰਿਤ ਹਵਾਲੇ ਦਿੱਤੇ ਗਏ ਹਨ। ਪੰਜਾਬ ਦੀ ਖੱਬੀ-ਲਹਿਰ ਬਾਰੇ ਲਿਖਦਿਆਂ ਕੰਗਣੀਵਾਲ ਨੇ ਖੱਬੀ-ਲਹਿਰ ਦੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਰਗਰਮੀ ਦੇ ਸੰਦਰਭ ਵਿਚ ਜਾ ਕੇ ਪੰਜਾਬ ਬਾਰੇ ਲਿਖਿਆ ਹੈ। ਇੱਕ ਕਿਸਮ ਨਾਲ ਪੰਜਾਬ ਦੀ ਖੱਬੀ-ਲਹਿਰ ਦੇ ਨਾਲ ਹੀ ਰਾਸ਼ਟਰੀ ਲਹਿਰ ਦੇ ਇਤਿਹਾਸਿਕ ਤੱਥਾਂ ਬਾਰੇ ਵੀ ਚਾਨਣਾ ਪਾਇਆ ਹੈ, ਕਿਉਂਕਿ ਪੰਜਾਬ ਦੀ ਇਕੱਲੀ ਖੱਬੀ-ਲਹਿਰ ਨੂੰ ਨਿਖੇੜਿਆ ਨਹੀਂ ਜਾ ਸਕਦਾ। ਪਹਿਲਾ ਅਧਿਆਇ 'ਜਾਣ-ਪਛਾਣ' ਵਿਚ ਦੱਸਿਆ ਹੈ ਕਿ ਖੱਬੀ-ਲਹਿਰ ਸ਼ੁਰੂ ਹੋਣ ਤੇ ਆਜ਼ਾਦੀ ਦੀ ਪ੍ਰਾਪਤੀ ਤੋਂ ਬਾਅਦ ਆਰਥਿਕ ਉਦਾਰਵਾਦ ਆਰੰਭ ਹੋਣ ਤੱਕ ਸੱਤਾ ਦੀ ਮਾਰ ਝੱਲਣ ਅਤੇ ਵਿਚਾਰਧਾਰਕ ਵਿਰੁੱਧ ਸੰਘਰਸ਼ਾਂ ਵਿਚ ਅਹੂਤੀਆਂ ਦੇਣੀਆਂ ਪਈਆਂ। ਇਹ ਲਹਿਰ 1948 ਵਿਚ ਸ਼ੁਰੂ ਹੋਈ। ਪਹਿਲਾਂ ਪੂਰਬੀ ਤੇ ਪੱਛਮੀ ਪੰਜਾਬ ਵੰਡੇ ਗਏ ਤੇ ਪੁਨਰਗਠਨ 1966 ਨਾਲ ਪੰਜਾਬ ਹੋਰ ਛੋਟਾ ਹੋ ਗਿਆ। ਆਮਦਨ ਦੇ ਬਹੁਤੇ ਸਾਧਨਾਂ ਤੋਂ ਵਰਤਮਾਨ ਪੰਜਾਬ ਵਾਂਝਾ ਰਹਿ ਗਿਆ। ਦਰਿਆ ਵੀ ਤਿੰਨ ਹੀ ਰਹਿ ਗਏ। ਸਿੰਜਾਈ ਦੇ ਸਾਧਨ ਨਾਮਾਤਰ ਰਹਿ ਗਏ। ਰਿਆਸਤਾਂ ਆਜ਼ਾਦ ਰਹਿ ਗਈਆਂ। ਪੈਪਸੂ ਵਿਚ ਇਸ ਲਹਿਰ ਨੇ ਮਜ਼ਬੂਤੀ ਨਾਲ ਕੰਮ ਕੀਤਾ। ਦੋ ਧੜੇ ਬਰਾਬਰ ਕੰਮ ਕਰਦੇ ਰਹੇ। 1991 ਦੀ ਆਰਥਿਕ ਉਦਾਰਵਾਦੀ ਨੀਤੀ ਨੇ ਪਾਰਟੀ ਦੀਆਂ ਜੜ੍ਹਾਂ ਵਿਚ ਤੇਲ ਦੇਣ ਦਾ ਕੰਮ ਕੀਤਾ। ਇੱਕ ਕਿਸਮ ਨਾਲ ਇਸ ਅਧਿਆਇ ਵਿਚ ਪੁਸਤਕ ਦਾ ਸਾਰੰਸ਼ ਹੈ। ਅਧਿਆਇ 2 'ਖੱਬੀ ਲਹਿਰ ਦਾ ਆਜ਼ਾਦੀ ਪਿੱਛੋਂ ਮੁੱਢਲਾ ਦੌਰ' ਵਿਚ ਦੱਸਿਆ ਹੈ ਕਿ 1948 ਵਿਚ ਪਹਿਲੀ ਸੂਬਾ ਕਾਨਫਰੰਸ ਤੋਂ ਬਾਅਦ ਪਾਰਟੀ ਸਰਗਰਮੀ ਨਾਲ ਕੰਮ ਕਰਨ ਲੱਗ ਗਈ, ਪ੍ਰੰਤੂ ਖਿੱਚੋਤਾਣ ਜਾਰੀ ਰਹੀ। ਖੱਬੇ-ਪੱਖੀਆਂ ਦੇ ਦੋ ਜ਼ਬਰਦਸਤ ਧੜੇ ਬਣ ਗਏ। ਤੇਜਾ ਸਿੰਘ ਸੁਤੰਤਰ ਦੀ ਲਾਲ ਕਮਿਊਨਿਸਟ ਪਾਰਟੀ ਵੱਖਰੀ ਵਿਚਾਰਧਾਰਾ ਲੈ ਕੇ ਕੰਮ ਕਰਦੀ ਰਹੀ, ਪ੍ਰੰਤੂ ਫਿਰ ਸੀ.ਪੀ.ਆਈ. ਪਾਰਟੀ ਦੀ ਲਾਈਨ ਅਖਤਿਆਰ ਕਰ ਲਈ। ਇਸ ਆਜ਼ਾਦੀ ਨੂੰ ਜ਼ਾਅਲੀ ਆਜ਼ਾਦੀ ਕਿਹਾ ਗਿਆ। ਵਰਕਰਾਂ ਅਤੇ ਨੇਤਾਵਾਂ ਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ। ਸਰਕਾਰ ਨੇ ਸੀ.ਪੀ.ਆਈ. 'ਤੇ ਪਾਬੰਦੀ ਲਗਾ ਦਿੱਤੀ ਤੇ 1951 ਵਿਚ ਪਾਬੰਦੀ ਹਟਾਈ ਗਈ। ਮੁਜ਼ਾਆਰਾ ਲਹਿਰ ਸਰਗਰਮੀ ਨਾਲ ਕੰਮ ਕਰਦੀ ਰਹੀ, ਜਿਸ ਕਰਕੇ ਖੱਬੇ-ਪੱਖੀਆਂ ਵਿਚ ਮਜ਼ਬੂਤੀ ਆਈ। ਆਜ਼ਾਦੀ ਤੋਂ ਬਾਅਦ ਪੰਜ ਸਾਲ ਖੱਬੀ ਲਹਿਰ ਨੇ ਬੜੀਆਂ ਘਾਲਣਾਵਾਂ ਘਾਲੀਆਂ, ਪ੍ਰੰਤੂ ਗੰਭੀਰ ਵਿਚਾਰਧਾਰਕ ਮੱਤਭੇਦਾਂ ਦਾ ਸਾਹਮਣਾ ਕਰਨਾ ਪਿਆ। ਅਖ਼ੀਰ ਲਾਲ ਪਾਰਟੀ ਦਾ ਰਲੇਵਾਂ ਹੋ ਗਿਆ। ਅਧਿਆਇ 3 ਵਿਚ 'ਸੀ.ਪੀ.ਆਈ. ਤੇ ਲਾਲ ਪਾਰਟੀ ਦੇ ਰਲੇਵੇਂ ਤੋਂ ਬਾਅਦ' ਦੱਸਿਆ ਗਿਆ ਕਿ ਪਾਰਟੀ ਨੇ ਦਫ਼ਤਰ ਖੋਲ੍ਹਣੇ ਤੇ ਦੋ ਅਖ਼ਬਾਰ 'ਲੋਕ ਯੁੱਧ' ਅਤੇ 'ਨਯਾ ਜ਼ਮਾਨਾ' ਪ੍ਰਕਾਸ਼ਤ ਕਰਨੇ ਸ਼ੁਰੂ ਕੀਤੇ, ਬਹੁਤ ਸਾਰੀਆਂ ਕਾਨਫ਼ਰੰਸਾਂ ਅਤੇ ਕਾਂਗਰਸ ਕਰਨ ਦੇ ਬਾਵਜੂਦ ਪਾਰਟੀ ਵਿਚ ਮਤਭੇਦ ਬਰਕਰਾਰ ਰਹੇ, ਕਿਉਂਕਿ ਲਾਲ ਪਾਰਟੀ ਦੇ ਵਿਅਕਤੀਆਂ ਨੂੰ ਅਹੁਦੇਦਾਰੀਆਂ ਦੇਣ ਵਿਚ ਅਣਡਿੱਠ ਕੀਤਾ ਜਾ ਰਿਹਾ ਸੀ। ਮੁਜ਼ਾਆਰਾ ਕਾਨੂੰਨ ਬਣਨ ਨਾਲ ਵੀ ਸਰਗਰਮੀ ਸੰਖੇਪ ਹੋ ਗਈ। ਕਾਂਗਰਸ ਪਾਰਟੀ ਨਾਲ ਵੀ ਲੁੱਕਣ ਮੀਟੀ ਖੇਡਦੇ ਰਹੇ। ਪ੍ਰਤਾਪ ਸਿੰਘ ਕੈਰੋਂ ਨਾਲ ਟਕਰਾਓ ਕਰਕੇ ਅਖ਼ਬਾਰਾਂ 'ਤੇ ਸੈਂਸਰ ਲਗਾ ਦਿੱਤਾ। ਖ਼ੁਸ਼ਹੈਸੀਅਤ ਮੋਰਚਾ ਅਤੇ ਅੰਨ ਅੰਦੋਲਨ ਵਾਪਸ ਲੈ ਲਏ। 1962 ਦੀਆਂ ਵਿਧਾਨ ਸਭਾ ਚੋਣਾਂ ਵਿਚ ਸੀ.ਪੀ.ਆਈ. ਨੇ 9 ਤੇ ਸ਼ੋਸ਼ਲਿਸਟਾਂ ਨੇ ਚਾਰ ਸੀਟਾਂ ਜਿੱਤੀਆਂ। ਚੌਥੇ ਅਧਿਆਇ 'ਖੱਬੀ-ਲਹਿਰ 'ਚ ਮੁੜ ਦੋਫੇੜ ਅਤੇ ਸੀ.ਪੀ.ਆਈ. (ਐੱਮ) ਦਾ ਗਠਨ' ਵਿਚ ਦੱਸਿਆ ਗਿਆ ਹੈ ਕਿ ਕੇਂਦਰ ਵਿਚ ਪਾਰਟੀ ਦੇ ਦੋਫਾੜ ਹੋਣ ਕਰਕੇ 1 ਅਕਤੂਬਰ ਤੋਂ 4 ਅਕਤੂਬਰ 1964 ਵਿਚ ਲੁਧਿਆਣਾ ਵਿਖੇ ਹੋਈ ਪਹਿਲੀ ਸੂਬਾ ਕਾਨਫ਼ਰੰਸ ਵਿਚ ਪੰਜਾਬ ਇਕਾਈ ਦੇ ਗਠਨ ਨੂੰ ਪ੍ਰਵਾਨਗੀ ਮਿਲ ਗਈ। ਆਪਣਾ 'ਲੋਕ ਜਮਹੂਰੀਅਤ' ਅਖ਼ਬਾਰ ਸ਼ੁਰੂ ਕੀਤਾ, ਜੋ ਬਾਅਦ ਵਿਚ 'ਲੋਕ ਲਹਿਰ' ਬਣ ਗਿਆ। ਭਾਰਤ ਸਰਕਾਰ ਨੇ ਗਰਮ ਖਿਆਲੀਆਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ, ਕਮਿਊਨਿਸਟ ਸੋਵੀਅਤ ਸੰਘ ਅਤੇ ਚੀਨ ਦੇ ਸਮਰਥਕਾਂ ਵਿਚ ਵੰਡੇ ਗਏ। ਪਾਰਟੀਆਂ ਦੇ ਬਾਕੀ ਵਿੰਗ ਵੀ ਦੋਫਾੜ ਹੋ ਗਏ। ਪੰਜਾਬੀ ਸੂਬੇ ਸੰਬੰਧੀ ਸੀ.ਪੀ.ਆਈ. ਦੀ ਨੀਤੀ ਸਪੱਸ਼ਟ ਰਹੀ। ਸੀ.ਪੀ.ਆਈ. ਦੋਫਾੜ ਹੋਣ ਤੋਂ ਬਾਅਦ 1967 ਵਿਚ ਹੋਈਆਂ ਚੋਣਾਂ ਵਿਚ ਸੀ.ਪੀ.ਆਈ. 9 ਅਤੇ ਸੀ.ਪੀ.ਐੱਮ. 8 ਸੀਟਾਂ ਜਿੱਤ ਗਈਆਂ। ਦੋਹਾਂ ਦੇ ਸਮਰਥਨ ਨਾਲ ਸਾਂਝੀ ਸਰਕਾਰ ਬਣ ਗਈ, ਪ੍ਰੰਤੂ ਸਰਕਾਰ ਦੋਹਾਂ ਪਾਰਟੀਆਂ ਦੀਆਂ ਇੱਛਾਵਾਂ 'ਤੇ ਪੂਰੀ ਨਾ ਉਤਰੀ, ਸਿਰਫ 9 ਮਹੀਨੇ ਹੀ ਚੱਲ ਸਕੀ। ਅਧਿਆਇ 5 'ਨਕਸਲੀ ਲਹਿਰ ਦੀ ਸ਼ੁਰੂਆਤ' ਵਿਚ ਦੱਸਿਆ ਗਿਆ ਹੈ ਕਿ ਪੱਛਵੀਂ ਬੰਗਾਲ ਦੀਆਂ ਫਰਵਰੀ 1967 ਦੀਆਂ ਵਿਧਾਨ ਸਭਾ ਚੋਣਾਂ ਨੇ ਖੱਬੀ-ਲਹਿਰ 'ਤੇ ਬਹੁ-ਦਿਸ਼ਾਵੀ ਪ੍ਰਭਾਵ ਪਾਇਆ।

ਸਰਕਾਰ ਵਿਚੋਂ ਇੱਕ ਵਰਗ ਨੇ ਕ੍ਰਾਂਤੀਕਾਰੀ ਟੀਚਿਆਂ ਦੀ ਪ੍ਰਾਪਤੀ ਲਈ ਹਥਿਆਰਬੰਦ ਰਸਤਾ ਅਪਨਾਇਆ। ਜਿਸ ਕਰਕੇ ਨਕਸਲਵਾੜੀ ਪਿੰਡ ਕੋਲ ਕਿਸਾਨ ਸਭਾ ਦਾ ਸੰਮੇਲਨ ਹੋਇਆ, ਜਿਸ ਵਿਚ ਮੁਜ਼ਾਆਰਿਆਂ ਨੂੰ ਜਾਗੀਰਦਾਰਾਂ ਨੂੰ ਫਸਲਾਂ ਦਾ ਅੱਧ ਦੇਣ ਤੋਂ ਰੋਕਿਆ ਗਿਆ। ਫਿਰ ਕਲੇਸ਼ ਸ਼ੁਰੂ ਹੋਇਆ, ਹਲਵਾਹਕਾਂ ਦੇ ਇਸਤਰੀਆਂ ਦੇ ਇਕੱਠ 'ਤੇ ਗੋਲੀਆਂ ਚਲਾਈਆਂ ਤੇ 11 ਮਰਨ ਵਾਲਿਆਂ ਵਿਚ 8 ਔਰਤਾਂ ਦੋ ਬੱਚੇ ਸ਼ਾਮਲ ਸਨ। ਹਥਿਆਰਬੰਦ ਸੰਘਰਸ਼ ਸ਼ੁਰੂ ਹੋ ਗਿਆ। ਛੇਤੀ ਹੀ ਪੰਜਾਬ ਤੱਕ ਪਹੁੰਚ ਗਿਆ। ਸੀ.ਪੀ.ਆਈ. ਐੱਮ. ਇਸਦਾ ਵਿਰੋਧ ਕਰਦੀ ਸੀ। ਸੰਗਰੂਰ, ਰੋਪੜ, ਲੁਧਿਆਣਾ ਅਤੇ ਜਲੰਧਰ ਮੋਹਰੀ ਰਹੇ। 1968 ਵਿਚ ਤਾਲਮੇਲ ਕਮੇਟੀ ਬਣੀ। ਜ਼ਮੀਨਾਂ 'ਤੇ ਕਬਜ਼ੇ ਸ਼ੁਰੂ ਕੀਤੇ। ਸੰਗਰੂਰ ਵਿਚ ਬ੍ਰਿਗੇਡੀਅਰ ਬਲਵੰਤ ਸਿੰਘ ਦੀ ਜ਼ਮੀਨ 'ਤੇ ਕਬਜ਼ੇ ਸਮੇਂ ਗ੍ਰਿਫ਼ਤਾਰੀਆਂ ਹੋਈਆਂ। ਸੀ.ਪੀ.ਆਈ. ਐੱਮ.ਐੱਲ. ਬਣ ਗਈ। ਚਮਕੌਰ ਸਾਹਿਬ ਥਾਣੇ 'ਤੇ ਹਮਲਾ ਕੀਤਾ, ਕਈ ਜ਼ਖ਼ਮੀ ਹੋਏ। ਆਪਸੀ ਫੁੱਟ ਜੱਗ ਜ਼ਾਹਰ ਹੋਈ। ਚੀਨ ਦੀ ਸਪੋਰਟ ਸੀ। ਦਇਆ ਸਿੰਘ, ਬਾਬਾ ਹਰੀ ਸਿੰਘ ਮਰਗਿੰਦ ਅਤੇ ਬਾਬਾ ਬੂਝਾ ਸਿੰਘ ਦੀ ਮੌਤ ਨਾਲ ਮੁਹਿੰਮ ਨੂੰ ਝਟਕਾ ਲੱਗਾ। ਸੀ.ਪੀ.ਆਈ. ਐੱਮ.ਐੱਲ. ਦੀ ਪਹਿਲੀ ਕਾਂਗਰਸ ਅਪ੍ਰੈਲ 1970 ਵਿਚ ਹੋਈ। ਖੱਬੀਆਂ ਪਾਰਟੀਆਂ ਵਿਚ ਵਿਚਾਰਧਾਰਕ ਵਿਰੋਧ ਸਨ। ਪੁਲਿਸ ਭਾਰੂ ਪੈਣ ਲੱਗ ਪਈ। ਗ੍ਰਿਫ਼ਤਾਰੀਆਂ ਅਤੇ ਨਕਸਲਵਾੜੀਆਂ ਨਾਲ ਮੁਕਾਬਲਿਆਂ ਦਾ ਦੌਰ ਵੱਧ ਗਿਆ। ਕਤਲੇਆਮ ਹੋਣ ਲੱਗ ਪਏ। ਕੰਗਣੀਵਾਲ ਨੇ ਇਸ ਸਮੇਂ ਦੌਰਾਨ ਪੁਲਿਸ ਅਤੇ ਨਕਸਲਵਾੜੀਆਂ ਦੀ ਹਰ ਕਾਰਵਾਈ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਹੈ। ਸੀ.ਪੀ.ਆਈ. ਵਿਚ ਅੰਤਰ ਵਿਰੋਧ ਰਿਹਾ। ਨਕਸਲਵਾੜੀ ਲਹਿਰ ਦਾ ਸੀ.ਪੀ.ਆਈ. ਤੇ ਸੀ.ਪੀ.ਐੱਮ. ਦੀ ਕਾਰਗੁਜ਼ਾਰੀ 'ਤੇ ਮਾੜਾ ਅਸਰ ਪਿਆ, ਕਿਉਂਕਿ ਇਨ੍ਹਾਂ ਪਾਰਟੀਆਂ ਵਿਚੋਂ ਹੀ ਲੋਕ ਲਹਿਰ ਨਾਲ ਜੁੜੇ ਸਨ। ਪੰਜ ਸਾਲ ਇਹ ਪਾਰਟੀਆਂ ਚੰਗੇ ਨਤੀਜੇ ਨਹੀਂ ਵਿਖਾ ਸਕੀਆਂ। ਅਧਿਆਇ 6 'ਅੱਠਵੇਂ ਦਹਾਕੇ ਦਾ ਨਵਾਂ ਦੌਰ' ਵਿਚ ਦੱਸਿਆ ਕਿ ਇਹ ਸਮਾਂ ਸੌਖਾ ਨਹੀਂ ਸੀ। ਮੋਗਾ ਵਿਖੇ ਵਿਦਿਆਰਥੀਆਂ ਦੀ ਹੜਤਾਲ ਸਮੇਂ ਪੂਰੇ ਪੰਜਾਬ ਵਿਚ ਖੱਬੇ-ਪੱਖੀਆਂ ਨੂੰ ਸਰਗਰਮ ਹੋਣ ਦਾ ਮੌਕਾ ਮਿਲ ਗਿਆ, ਉਹ ਵਿਦਿਆਰਥੀ ਸੰਘਰਸ਼ ਵਿਚ ਕੁੱਦ ਪਏ। ਵਿਦਿਆਰਥੀਆਂ ਨਾਲ ਸਰਕਾਰ ਦਾ ਸਮਝੌਤਾ ਹੋ ਗਿਆ। ਖੱਬੇ-ਪੱਖੀ ਸਰਗਰਮ ਰਹੇ। ਐਮਰਜੈਂਸੀ ਵਿਚ ਜੇਲ੍ਹਾਂ ਅੰਦਰ ਡੱਕ ਦਿੱਤੇ ਗਏ। ਐਮਰਜੈਂਸੀ ਤੋਂ ਬਾਅਦ 1977 ਵਿਚ ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਸੀ.ਪੀ.ਆਈ. ਐੱਮ., ਸੀ.ਪੀ.ਆਈ. ਅਤੇ ਨਕਸਲਵਾੜੀਆਂ ਨੇ ਚੋਣਾਂ ਲੜੀਆਂ। 1980 'ਚ ਵੀ ਇਨ੍ਹਾਂ ਪਾਰਟੀਆਂ ਦੀ ਕਾਰਗੁਜ਼ਾਰੀ ਚੰਗੀ ਰਹੀ। ਵੋਟਾਂ ਦੀ ਫ਼ੀਸਦੀ ਵੀ ਵੱਧ ਗਈ। ਅਧਿਆਇ 7 'ਖ਼ਾਲਿਸਤਾਨੀ ਲਹਿਰ ਦੌਰਾਨ ਖੱਬੀਆਂ ਧਿਰਾਂ ਦੀ ਭੂਮਿਕਾ' ਵਿਚ ਦੱਸਿਆ ਗਿਆ ਹੈ ਕਿ 13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਨਿਰੰਕਾਰੀਆਂ ਅਤੇ ਸਿੱਖਾਂ ਵਿਚ ਟਕਰਾਅ ਨਾਲ 13 ਸਿੱਖ ਮਾਰੇ ਜਾਣ ਤੋਂ ਬਾਅਦ ਖਾਲਿਸਤਾਨ ਦੀ ਮੁਹਿੰਮ ਨੂੰ ਬਲ ਮਿਲਿਆ। ਆਨੰਦਪੁਰ ਸਾਹਿਬ ਦਾ ਮਤਾ ਬਲਦੀ 'ਤੇ ਤੇਲ ਬਣਿਆਂ। ਖੱਬੀਆਂ ਪਾਰਟੀਆਂ ਖ਼ਾਲਿਸਤਾਨ ਦੇ ਵਿਰੁੱਧ ਡੱਟਕੇ ਲੜੀਆਂ। ਸਤਲੁਜ ਯਮਨਾ ਲਿੰਕ ਨਹਿਰ ਦਾ ਮੋਰਚਾ ਅਕਾਲੀ ਦਲ ਨਾਲ ਰਲਕੇ ਸੀ.ਪੀ.ਆਈ ਐੱਮ. ਨੇ ਸ਼ੁਰੂ ਕਰ ਦਿੱਤਾ। ਦੋਹਾਂ ਪਾਰਟੀਆਂ ਦੇ ਲੋਕਾਂ ਨੂੰ ਕੁਰਬਾਨੀਆਂ ਦੇਣੀਆਂ ਪਈਆਂ। ਜਦੋਂ ਅਕਾਲੀ ਦਲ ਨੇ ਧਰਮ ਯੁੱਧ ਮੋਰਚਾ ਸ਼ੁਰੂ ਕਰ ਦਿੱਤਾ, ਸੀ.ਪੀ.ਆਈ.ਐੱਮ ਨੇ ਅਕਾਲੀ ਦਲ ਦਾ ਸਾਥ ਛੱਡ ਦਿੱਤਾ। 1982, 83 ਵਿਚ ਫ਼ਿਰਕਾਪ੍ਰਸਤੀ ਦਾ ਦੌਰ ਸ਼ੁਰੂ ਹੋਇਆ, ਖੱਬੇ-ਪੱਖੀ ਇਸ ਦਾ ਵਿਰੋਧ ਕਰਦੇ ਰਹੇ। ਰਾਸ਼ਟਰਪਤੀ ਰਾਜ ਹੋ ਗਿਆ। ਕਤਲੇਆਮ ਵੱਧ ਗਿਆ, ਜਿਸਦਾ ਅਸਰ ਖੱਬੇ-ਪੱਖੀ ਪਾਰਟੀਆਂ 'ਤੇ ਵਧੇਰੇ ਪਿਆ। ਬਲਿਊ ਸਟਾਰ ਅਪ੍ਰੇਸ਼ਨ, ਇੰਦਰਾ ਗਾਂਧੀ ਤੇ ਫਿਰ ਸੰਤ ਲੌਂਗੋਵਾਲ ਦੀ ਹੱਤਿਆ ਹੋ ਗਈ। ਨਕਸਲੀਆਂ ਅਤੇ ਦੋਹਾਂ ਪਾਰਟੀਆਂ ਦੀ ਨਵੀਂ ਕਤਾਰਬੰਦੀ ਹੁੰਦੀ ਰਹੀ। 1987, 88 ਅਤੇ 89 ਵਿਚ ਖੱਬੀ ਪਾਰਟੀ ਦੇ ਨੇਤਾਵਾਂ ਦਾ ਕਤਲੇਆਮ ਵੱਡੀ ਪੱਧਰ 'ਤੇ ਹੋਇਆ, ਪ੍ਰੰਤੂ ਉਹ ਪਿੱਛੇ ਨਹੀਂ ਹਟੇ। ਨਕਸਲਵਾੜੀ ਧੜਿਆਂ ਵਿਚ ਉਥਲ-ਪੁਥਲ ਹੋਈ ਤੇ ਵੰਡੇ ਵੀ ਗਏ। ਮੰਡਲ ਕਮਿਸ਼ਨ ਦੀ ਰਿਪੋਰਟ ਸੰਬੰਧੀ ਰਾਖਵੇਂ ਕਰਨ ਦੇ ਹੱਕ ਵਿਚ ਉਤਰੇ। ਜਦੋਂ ਸਾੜ-ਫੂਕ ਹੋ ਗਈ, ਤਾਂ ਫ਼ੈਸਲਾ ਬਦਲਣਾ ਪਿਆ। ਦਸ ਸਾਲ ਖਾਲਿਸਤਾਨੀ ਲਹਿਰ ਸਮੇਂ ਖੱਬੇ-ਪੱਖੀਆਂ ਨੇ ਡੱਟ ਕੇ ਮੁਕਾਬਲਾ ਕੀਤਾ, ਪ੍ਰੰਤੂ ਅੱਤਵਾਦ ਨੇ ਖੱਬੇ-ਪੱਖੀਆਂ ਨੂੰ ਢਾਹ ਲਾਈ। ਉਹ ਪਿੱਛੇ ਨਹੀਂ ਹਟੇ। ਅਧਿਆਇ 8 'ਖੱਬੀਆਂ ਧਿਰਾਂ ਅਤੇ ਸੰਸਦੀ ਪ੍ਰਣਾਲੀ' ਕੰਗਣੀਵਾਲ ਨੇ ਦੱਸਿਆ ਹੈ ਕਿ 1952 ਦੀਆਂ ਚੋਣਾਂ ਵਿਚ ਭਾਰਤੀ ਕਮਿਊਨਿਸਟ ਪਾਰਟੀ ਤੇ ਲਾਲ ਕਮਿਊਨਿਸਟ ਪਾਰਟੀ ਨੇ ਹਿੱਸਾ ਲਿਆ, ਪ੍ਰੰਤੂ ਨਕਸਲਵਾੜੀ ਧੜਿਆਂ ਨੇ 1991 ਤੱਕ ਪਹੁੰਚਦਿਆਂ ਚੋਣਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਪਹਿਲੀਆਂ ਲੋਕ ਸਭਾ ਚੋਣਾਂ ਵਿਚ ਕਮਿਊਨਿਸਟ ਇੱਕ ਵੀ ਸੀਟ ਨਾ ਜਿੱਤ ਸਕੇ। 1952 ਦੀਆਂ ਵਿਧਾਨ ਸਭਾ ਚੋਣਾਂ ਵਿਚ ਤਿੰਨ ਮੁਜ਼ਾਆਰਾ ਆਗੂ ਚੋਣ ਜਿੱਤ ਗਏ। 1954 ਦੀਆਂ ਮੱਧਕਾਲੀ ਚੋਣਾਂ ਵਿਚ ਦਸ ਸੀਟਾਂ 'ਤੇ ਚੋਣ ਲੜੀ ਤੇ ਚਾਰ ਜਿੱਤ ਲਈਆਂ। 1957 ਵਿਚ ਸੀ.ਪੀ.ਆਈ. ਨੇ 6 ਸੀਟਾਂ ਜਿੱਤ ਲਈਆਂ। ਐੱਸ.ਜੀ.ਪੀ.ਸੀ. ਦੀਆਂ ਚੋਣਾਂ ਪਹਿਲਾਂ ਅਕਾਲੀ ਦਲ ਤੇ ਫਿਰ ਕਾਂਗਰਸ ਨਾਲ ਮਿਲਕੇ ਚੋਣਾਂ ਲੜਦੇ ਰਹੇ। 1962 ਦੀ ਲੋਕ ਸਭਾ ਚੋਣਾਂ ਵਿਚ ਪੰਜ 'ਤੇ ਚੋਣ ਲੜੀ ਤੇ ਇੱਕ ਸੀਟ ਜਿੱਤੀ। 1967 ਵਿਚ ਇੱਕ ਵੀ ਸੀਟ ਨਾ ਜਿੱਤ ਸਕੇ। 1969 ਵਿਧਾਨ ਸਭਾ ਦੀਆਂ ਚਾਰ ਸੀਟਾਂ ਸੀ.ਪੀ.ਆਈ. ਅਤੇ ਸੀ.ਪੀ.ਆਈ. ਐੱਮ. ਨੂੰ ਦੋ ਮਿਲੀਆਂ। 1977 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਖੱਬੀਆਂ ਪਾਰਟੀਆਂ ਨੇ 15 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਸੰਸਦੀ ਪ੍ਰਣਾਲੀ ਵਿਚ ਹਿੱਸਾ ਲੈਣ ਤੋਂ ਬਾਅਦ ਪਾਰਟੀ ਦੀ ਕਾਰਜਸ਼ੈਲੀ ਵਿਚ ਵੱਡਾ ਪਰਿਵਰਤਨ ਆਇਆ। ਇਸ ਅਧਿਆਇ ਵਿਚ ਕੰਗਣੀਵਾਲ ਨੇ ਹਰ ਇੱਕ ਚੋਣ ਵਿਚ ਹਿੱਸਾ ਲੈਣ ਵਾਲੇ ਨੇਤਾਵਾਂ ਦੇ ਹਲਕਿਆਂ ਤੇ ਵੋਟਾਂ ਦੀ ਗਿਣਤੀ ਬਾਰੇ ਵੀ ਬਾਰੀਕੀ ਨਾਲ ਜਾਣਕਾਰੀ ਦਿੱਤੀ ਹੈ। ਅਧਿਆਇ 9 'ਸੰਸਾਰ ਕਮਿਊਨਿਸਟ ਲਹਿਰ ਨੂੰ ਪਛਾੜ ਤੇ ਪੰਜਾਬ ਦੀ ਖੱਬੀ-ਲਹਿਰ' ਵਿਚ ਸੋਵੀਅਤ ਸੰਘ ਦੇ ਢਹਿ ਢੇਰੀ ਹੋ ਜਾਣ ਦੀ ਹਰ ਘਟਨਾ ਦੇ ਸਾਰੇ ਕਾਰਨਾ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਹੈ, ਜਿਸ ਵਿਚ ਗੋਰਬਾਚੋਵ ਦੇ ਸੁਧਾਰ, ਪੋਲੈਂਡ ਦੀ ਤਬਦੀਲੀ, ਬਾਲਟਿਕ ਗਣਰਾਜਾਂ ਦੀ ਕਰਵਟ, ਯੇਲਸਤਾਨ ਦੀਆਂ ਸਰਗਰਮੀਆਂ, ਸੋਵੀਅਤ ਯੂਨੀਅਨ ਦੀ ਲੀਡਰਸ਼ਿਪ ਵਿਚ ਮਤਭੇਦ, ਸੀ.ਪੀ.ਆਈ. ਐੱਮ. ਦੇ 13ਵੀਂ ਸੂਬਾਈ ਕਾਨਫਰੰਸ, ਸੋਵੀਅਤ ਸੰਘ ਨੂੰ ਬਚਾਉਣ ਦੇ ਆਖਰੀ ਯਤਨ ਅਤੇ ਭਾਰਤੀ ਖੱਬੇ ਪੱਖੀਆਂ ਦੀ ਪ੍ਰਤੀਕ੍ਰਿਆ ਆਦਿ। ਭਾਰਤੀ ਕਮਿਊਨਿਸਟ ਪਾਰਟੀ ਨੇ ਸੋਵੀਅਤ ਸੰਘ ਦੇ ਢਹਿ-ਢੇਰੀ ਹੋ ਜਾਣ ਤੋਂ ਬਾਅਦ ਇਸਦਾ ਅਧਿਐਨ ਕੀਤਾ, ਜਿਸਦੇ ਨਤੀਜਿਆਂ ਵਿਚ ਫਿਰਕਾਪ੍ਰਤੀ ਦੀ ਚੁਣੌਤੀ ਤੇ ਅਨੇਕਾਂ ਯੋਧਿਆਂ ਦੀਆਂ ਕੁਰਬਾਨੀਆਂ, ਸੀ.ਪੀ.ਆਈ. ਵਿਚ ਦੁਫੇੜ, ਨਕਸਲੀ ਲਹਿਰ ਦੀ ਅੰਦਰੂਨੀ ਜਮਹੂਰੀਅਤ ਦੀ ਅਣਹੋਂਦ, ਹਰੀ ਕ੍ਰਾਂਤੀ ਦੇ ਵਿਪਰੀਤ ਅਸਰ, ਜਾਤੀਵਾਦ ਦਾ ਨੁਕਸਾਨ, ਝੂਠੇ ਪੁਲਿਸ ਮੁਕਾਬਲੇ, ਪੰਜਾਬ ਦੀਆਂ ਸਰਕਾਰਾਂ ਉੱਚ ਵਰਗਾਂ ਨੂੰ ਉਭਾਰਦੀਆਂ ਰਹੀਆਂ ਅਤੇ ਮਜ਼ਦੂਰਾਂ ਵਿਚ ਬੇਚੈਨੀ ਆਦਿ ਨੁਕਤੇ ਸਾਹਮਣੇ ਆਏ। ਇਸ ਕਰਕੇ ਇਹ ਲਹਿਰ ਮੁੜਕੇ ਪੈਰਾਂ 'ਤੇ ਖੜ੍ਹੀ ਨਹੀਂ ਹੋ ਸਕੀ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਕੰਗਣੀਵਾਲ ਨੇ ਬੜੀ ਬਾਰੀਕੀ ਨਾਲ ਅਧਿਐਨ ਕਰਕੇ ਲਿਖਿਆ ਹੈ, ਜੋ ਇਤਿਹਾਸ ਦਾ ਹਿੱਸਾ ਬਣੇਗਾ।







705 ਪੰਨਿਆਂ, 995 ਰੁਪਏ ਕੀਮਤ ਵਾਲੀ ਇਹ ਵੱਡ ਆਕਾਰੀ ਪੁਸਤਕ ਲੋਕ ਗੀਤ ਪ੍ਰਕਾਸ਼ਨ ਮੋਹਾਲੀ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ। ਸੰਪਰਕ ਸਰਬਜੀਤ ਕੰਗਣੀਵਾਲ : 9780036118

# ਟੀਮ, ਸਮਾਂ ਅਤੇ ਤਕਨਾਲੋਜੀ ਦਾ ਸੁਮੇਲ

ਜੀਵਨ ਦੇ ਟੀਚੇ ਨਿਰਧਾਰਤ ਕਰਨਾ ਅਤੇ ਪ੍ਰਾਪਤ ਕਰਨਾ ਆਸਾਨ ਹੈ, ਬਸ਼ਰਤੇ ਕਿ ਕੋਈ ਇਸ ਮਿਸ਼ਨ ਦੇ ਉਲਟ ਇੱਛਾਵਾਂ ਨੂੰ ਛੱਡ ਦੇਵੇ। ਉਦਾਹਰਣ ਵਜੋਂ, ਸਮਾਂ ਪ੍ਰਬੰਧਨ ਛੋਟੀਆਂ ਚੀਜ਼ਾਂ ’ਤੇ ਧਿਆਨ ਕੇਂਦਰਿਤ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਲਈ ਟੀਮ, ਸਮੇਂ ਅਤੇ ਤਕਨਾਲੋਜੀ ਨਾਲ ਟੀਚਿਆਂ ਦੀ ਸੂਚੀ ਦਾ ਤਾਲਮੇਲ ਕਰਨ ਦੀ ਲੋੜ ਹੁੰਦੀ ਹੈ।

“ਹਰ ਕੋਈ ਕਹਿੰਦਾ ਹੈ ਕਿ ਵੱਡੇ ਸੁਪਨੇ ਦੇਖੋ, ਵੱਡਾ ਸੋਚੋ, ਅਤੇ ਉੱਚੇ ਟੀਚੇ ਰੱਖੋ। ਤਦ ਹੀ ਤੁਸੀਂ ਇੱਕ ਮਹਾਨ ਆਦਮੀ ਬਣੋਗੇ। ਪਰ ਮੈਂ ਇਹ ਸਭ ਕੁਝ ਅਜ਼ਮਾ ਲਿਆ ਹੈ। ਮੈਂ ਰੋਜ਼ਾਨਾ ਇੱਕ ਸੂਚੀ ਬਣਾਉਂਦਾ ਹਾਂ, ਸਵੇਰ ਤੋਂ ਰਾਤ ਤੱਕ ਕੰਮ ਕਰਦਾ ਹਾਂ, ਅਤੇ ਇੰਨੀ ਮਿਹਨਤ ਕਰਦਾ ਹਾਂ ਕਿ ਮੈਂ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਵੀ ਸਮਾਂ ਨਹੀਂ ਦੇ ਸਕਦਾ। ਪਰ ਨਤੀਜਾ ਉਹੀ ਹੈ।”

ਇੱਕ ਵਿਅਕਤੀ ਨਾ ਸਿਰਫ਼ ਆਪਣੇ ਜੀਵਨ ਦੇ ਟੀਚਿਆਂ ਨੂੰ ਆਸਾਨੀ ਨਾਲ ਚੁਣ ਸਕਦਾ ਹੈ, ਸਗੋਂ ਉਨ੍ਹਾਂ ਨੂੰ ਪ੍ਰਾਪਤ ਵੀ ਕਰ ਸਕਦਾ ਹੈ, ਬਸ਼ਰਤੇ ਉਹ ਉਨ੍ਹਾਂ ਇੱਛਾਵਾਂ ਨੂੰ ਛੱਡ ਦੇਵੇ, ਜੋ ਉਨ੍ਹਾਂ ਦੇ ਮਿਸ਼ਨ ਦੇ ਉਲਟ ਹਨ। ਕੁਝ ਛੋਟੀਆਂ ਚੀਜ਼ਾਂ ਵੱਲ ਧਿਆਨ ਦੇ ਕੇ, ਤੁਸੀਂ ਆਪਣੇ ਸਮੇਂ ਦਾ ਪ੍ਰਬੰਧਨ ਕਰ ਸਕਦੇ ਹੋ ਅਤੇ ਆਸਾਨੀ ਨਾਲ ਆਪਣੇ ਟੀਚਿਆਂ ਨੂੰ ਪ੍ਰਾਪਤ ਕਰ ਸਕਦੇ ਹੋ।



## ਸਹਾਇਤਾ ਲੈਣ ਦੀ ਆਦਤ ਪਾਓ

ਪਹਿਲਾਂ, ਤੁਹਾਨੂੰ ਆਪਣੀਆਂ ਜ਼ਿੰਮੇਵਾਰੀਆਂ ਦੀ ਸਮੀਖਿਆ ਕਰਨ ਦੀ ਲੋੜ ਹੈ। ਅਜਿਹਾ ਕਰਨ ਲਈ, ਤੁਹਾਨੂੰ ਇਹ ਫੈਸਲਾ ਕਰਨ ਦੀ ਲੋੜ ਹੈ ਕਿ ਤੁਹਾਨੂੰ ਕਿਹੜੇ ਕੰਮ ਖੁਦ ਕਰਨੇ ਚਾਹੀਦੇ ਹਨ ਅਤੇ ਕਿਹੜੇ ਕੰਮ ਤੁਸੀਂ ਆਪਣੀ ਟੀਮ ਨੂੰ ਸੌਂਪ ਸਕਦੇ ਹੋ ਤਾਂ ਜੋ ਤੁਸੀਂ ਹੋਰ ਕੰਮ ਬਿਹਤਰ ਢੰਗ ਨਾਲ ਕਰ ਸਕੋ। ਇਸ ਲਈ, ਇਹ ਪਛਾਣਨਾ ਮਹੱਤਵਪੂਰਨ ਹੈ ਕਿ ਤੁਸੀਂ ਕਿਹੜੇ ਕੰਮ ਦੂਜਿਆਂ ਨੂੰ ਸੌਂਪ ਸਕਦੇ ਹੋ ਅਤੇ ਕਿਹੜੇ ਤੁਹਾਨੂੰ ਖੁਦ ਪੂਰੇ ਕਰਨੇ ਚਾਹੀਦੇ ਹਨ।

## ਬੇਲੋੜਾ ਰੁੱਝੇ ਨਾ ਰਹੋ।

ਦੂਜੇ ਲੋਕਾਂ ਦੇ ਕੰਮ ਵਿਚ ਸ਼ਾਮਲ ਨਾ ਹੋਵੋ। ਆਪਣੇ ਸਮੇਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ, ਬੇਲੋੜੀਆਂ ਗੱਲਬਾਤਾਂ ਤੋਂ ਬਚੋ। ਬੇਲੋੜੀਆਂ ਮੀਟਿੰਗਾਂ ਤੋਂ ਦੂਰ ਰਹੋ। ਸਿਰਫ਼ ਇਸ ਲਈ ਮੀਟਿੰਗਾਂ ਵਿਚ ਸ਼ਾਮਲ ਨਾ ਹੋਵੋ। ਜੇਕਰ ਕਿਸੇ ਮੀਟਿੰਗ ਵਿਚ ਤੁਹਾਡਾ ਯੋਗਦਾਨ ਜ਼ਰੂਰੀ ਨਹੀਂ ਹੈ, ਤਾਂ ਆਪਣੇ ਆਪ ਨੂੰ ਇਸ ਤੋਂ ਦੂਰ ਕਰੋ। ਅਜਿਹਾ ਕਰਨ ਨਾਲ ਤੁਹਾਡਾ ਬੋਝ ਹਲਕਾ ਹੋ ਜਾਵੇਗਾ ਅਤੇ ਤੁਸੀਂ ਆਪਣੇ ਮੁੱਖ ਕੰਮ ’ਤੇ ਵਧੇਰੇ ਧਿਆਨ ਕੇਂਦਰਿਤ ਕਰ ਸਕੋਗੇ।

**ਤਕਨਾਲੋਜੀ ਦੀ ਵਰਤੋਂ**

ਸਮਾਰਟਫੋਨ ਅਤੇ ਇੰਟਰਨੈੱਟ ਨੇ ਦੂਰੀਆਂ ਘਟਾ ਦਿੱਤੀਆਂ ਹਨ। ਉਨ੍ਹਾਂ ਨੇ ਸਮਾਂ ਦੁੱਗਣਾ ਕਰ ਦਿੱਤਾ ਹੈ ਅਤੇ ਇੱਕ ਤਕਨੀਕੀ-ਸਮਝਦਾਰ ਵਿਅਕਤੀ ਦੀ ਕਾਰਜਸ਼ੀਲਤਾ ਵਧਾ ਦਿੱਤੀ ਹੈ। ਪਹਿਲਾਂ, ਤੁਹਾਨੂੰ ਹਰ ਚੀਜ਼ ’ਤੇ ਚਰਚਾ ਕਰਨ ਲਈ ਕਿਸੇ ਨੂੰ ਮਿਲਣਾ ਪੈਂਦਾ ਸੀ, ਮੀਟਿੰਗਾਂ ਵਿਚ ਜਾਣ ਲਈ ਸਮਾਂ ਬਿਤਾਉਣਾ ਪੈਂਦਾ ਸੀ, ਭੁਗਤਾਨ ਲਈ ਬੈਂਕ ਜਾਣਾ ਪੈਂਦਾ ਸੀ। ਹੁਣ, ਆਪਣੇ ਡੈਸਕ ’ਤੇ ਬੈਠ ਕੇ, ਤੁਸੀਂ **NEFT, RTGS**, ਗੂਗਲ ਪੇਅ ਰਾਹੀਂ ਭੁਗਤਾਨ ਕਰ ਸਕਦੇ ਹੋ, ਵੀਡੀਓ ਕਾਲਾਂ ਜਾਂ ਜ਼ੂਮ ਮੀਟਿੰਗਾਂ ਰਾਹੀਂ ਇੱਕੋ ਸਮੇਂ ਕਈ ਲੋਕਾਂ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰ ਸਕਦੇ ਹੋ, ਅਤੇ ਤੁਸੀਂ ਈਮੇਲ ਅਤੇ ਵਟਸਅਪ ਰਾਹੀਂ ਦਸਤਾਵੇਜ਼, ਫੋਟੋਆਂ, ਨਮੂਨੇ ਭੇਜ ਸਕਦੇ ਹੋ। ਜਿੱਥੇ ਭੌਤਿਕ ਨਮੂਨੇ ਭੇਜਣੇ ਪੈਂਦੇ ਹਨ, ਤੁਸੀਂ ਉਨ੍ਹਾਂ ਨੂੰ **Swiggy** ਜਾਂ **Genie** ਰਾਹੀਂ ਭੇਜ ਸਕਦੇ ਹੋ। ਇਸ ਲਈ, ਤਕਨੀਕੀ-ਸਮਾਰਟ ਬਣੋ।


ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA




## ਆਪਣੇ ਆਪ ਨੂੰ ਸਮਾਂ ਦਿਓ

ਆਰਾਮ ਕਰਨ ਅਤੇ ਆਪਣੀ ਊਰਜਾ ਨੂੰ ਬਹਾਲ ਕਰਨ ਲਈ ਸਮਾਂ ਕੱਢੋ। ਕੰਮ ਤੋਂ ਬ੍ਰੇਕ ਲੈਣਾ, ਪਰਿਵਾਰ ਅਤੇ ਦੋਸਤਾਂ ਨਾਲ ਸਮਾਂ ਬਿਤਾਉਣਾ, ਜਾਂ ਸ਼ੌਕ ਪੂਰੇ ਕਰਨਾ ਜ਼ਰੂਰੀ ਹੈ। ਇਹ ਤੁਹਾਨੂੰ ਵਧੇਰੇ ਸਪੱਸ਼ਟ ਤੌਰ ’ਤੇ ਸੋਚਣ ਅਤੇ ਭਵਿੱਖ ਲਈ ਬਿਹਤਰ ਫੈਸਲੇ ਲੈਣ ਵਿਚ ਮਦਦ ਕਰੇਗਾ।

## ਇਕਸਾਰਤਾ ਅਤੇ ਸਪੱਸ਼ਟਤਾ ਜ਼ਰੂਰੀ ਹੈ

ਵੱਖ-ਵੱਖ ਟੀਚਿਆਂ ਵਿਚਕਾਰ ਇਕਸਾਰਤਾ ਬਣਾਉਣ ਦਾ ਪਹਿਲਾ ਕਦਮ ਇਹ ਹੈ ਕਿ ਤੁਸੀਂ ਆਪਣੇ ਸਭ ਤੋਂ ਮਹੱਤਵਪੂਰਨ ਟੀਚਿਆਂ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਤੁਹਾਨੂੰ ਕਿਹੜੇ ਕਾਰਜ ਕਰਨ ਦੀ ਲੋੜ ਹੈ, ਉਨ੍ਹਾਂ ਨੂੰ ਸਪੱਸ਼ਟ ਤੌਰ ’ਤੇ ਲਿਖੋ। ਫਿਰ, ਇਹ ਸਮਝਣ ਦੀ ਕੋਸ਼ਿਸ਼ ਕਰੋ ਕਿ ਕਿਹੜੇ ਟੀਚੇ ਆਪਸ ਵਿਚ ਜੁੜੇ ਹੋਏ ਹਨ ਅਤੇ ਇੱਕ ਦੂਜੇ ਦੇ ਪੂਰਕ ਹਨ। ਉਦਾਹਰਣ ਵਜੋਂ, ਜੇਕਰ ਤੁਹਾਡਾ ਟੀਚਾ ਤੰਦਰੁਸਤ ਰਹਿਣਾ ਅਤੇ ਆਪਣੀ ਪੜ੍ਹਾਈ ਵਿਚ ਵਧੀਆ ਪ੍ਰਦਰਸ਼ਨ ਕਰਨਾ ਹੈ, ਤਾਂ ਨਿਯਮਤ ਕਸਰਤ ਦੋਵਾਂ ਨੂੰ ਪ੍ਰਾਪਤ ਕਰਨ ਵਿਚ ਮਦਦ ਕਰੇਗੀ। ਇਹ ਤੁਹਾਡੀ ਸਿਹਤ ਵਿਚ ਸੁਧਾਰ ਕਰੇਗਾ ਅਤੇ ਤੁਹਾਡੀ ਪੜ੍ਹਾਈ ਲਈ ਊਰਜਾ ਪ੍ਰਦਾਨ ਕਰੇਗਾ। ਇਸੇ ਤਰ੍ਹਾਂ, ਜਦੋਂ ਤੁਸੀਂ ਇਕਸਾਰਤਾ ਨੂੰ ਪਛਾਣਦੇ ਹੋ, ਤਾਂ ਛੋਟੇ-ਛੋਟੇ ਯਤਨ ਵੀ ਤੁਹਾਨੂੰ ਇੱਕੋ ਸਮੇਂ ਕਈ ਵੱਡੇ ਟੀਚਿਆਂ ਨੂੰ ਪ੍ਰਾਪਤ ਕਰਨ ਵਿਚ ਮਦਦ ਕਰ ਸਕਦੇ ਹਨ।

## ਸਵੈ - ਨਿਯੰਤਰਨ

ਹਰ ਇੱਛਾ ਇੱਕ ਟੀਚਾ ਨਹੀਂ ਹੁੰਦੀ। ਕਈ ਵਾਰ, ਤੁਹਾਡੇ ਮਨ ਵਿਚ ਉੱਠਣ ਵਾਲੇ ਵਿਚਾਰ ਸਿਰਫ਼ ਪਰਤਾਵੇ ਹੁੰਦੇ ਹਨ, ਜੋ ਤੁਹਾਡੇ ਯਤਨਾਂ ਨੂੰ ਸਾਬੋਤਾਜ ਕਰਦੇ ਹਨ। ਇਸ ਲਈ, ਸੰਜਮ ਬਹੁਤ ਜ਼ਰੂਰੀ ਹੈ। ਅਜਿਹੀਆਂ ਗੈਰ-ਉਤਪਾਦਕ, ਅਰਥਹੀਣ ਇੱਛਾਵਾਂ ਨੂੰ ਜਲਦੀ ਪਛਾਣਨਾ ਅਤੇ ਉਨ੍ਹਾਂ ਤੋਂ ਬਚਣਾ ਬਹੁਤ ਜ਼ਰੂਰੀ ਹੈ।

**ਸੰਭਾਵਨਾਵਾਂ ਦੀ ਭਵਿੱਖਬਾਣੀ**

ਜਦੋਂ ਤੁਸੀਂ ਕੋਈ ਟੀਚਾ ਨਿਰਧਾਰਤ ਕਰਦੇ ਹੋ, ਤਾਂ ਰਸਤੇ ਵਿਚ ਆਉਣ ਵਾਲੀਆਂ ਸੰਭਾਵੀ ਰੁਕਾਵਟਾਂ ਦਾ ਅੰਦਾਜ਼ਾ ਲਗਾਓ। ਇਹ ਤੁਹਾਨੂੰ ਆਪਣੇ ਮੁੱਖ ਉਦੇਸ਼ਾਂ ’ਤੇ ਕੇਂਦ੍ਰਿਤ ਰਹਿਣ ਵਿਚ ਮਦਦ ਕਰੇਗਾ, ਨਾ ਕਿ ਉਨ੍ਹਾਂ ਨੂੰ ਤੁਹਾਡਾ ਧਿਆਨ ਭਟਕਾਉਣ ਦੇਣ। ਸੰਘਰਸ਼ ਤੋਂ ਨਾ ਝਿਜਕੋ, ਕਿਉਂਕਿ ਇਹੀ ਤੁਹਾਨੂੰ ਮਜ਼ਬੂਤ ਬਣਾਉਂਦਾ ਹੈ।

# ਦੂਜਿਆਂ ਦੇ ਕੰਮ ਆਉਣ ਦਾ ਚਾਅ

ਉਹ ਬੰਦੇ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ ਹਨ, ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ ਹਨ। ਆਪਣੇ ਆਪ ਲਈ ਤਾਂ ਹਰ ਇਨਸਾਨ ਜੀਊਂਦਾ ਹੈ, ਪਰ ਮਹਾਨ ਮਨੁੱਖ ਉਹ ਹੁੰਦੇ ਹਨ, ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ ਹਨ। ਉਨ੍ਹਾਂ ਸ਼ਹੀਦਾਂ ਦੀਆਂ ਮੜ੍ਹੀਆਂ ’ਤੇ ਸਦਾ ਹੀ ਮੇਲੇ ਲੱਗਦੇ ਹਨ, ਜਿਹੜੇ ਆਪਣੇ ਧਰਮ ਤੇ ਦੇਸ਼ ਦੀ ਖਾਤਰ ਸ਼ਹੀਦੀਆਂ ਪਾ ਜਾਂਦੇ ਹਨ। ਇਥੇ ਭੇਡਾਂ ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ, ਨਾਂ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ ਹੈ, ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁਝ ਕਰ ਜਾਂਦੇ ਹਨ।

ਪਰ ਦੁੱਖ ਦੀ ਗੱਲ ਇਹ ਹੈ ਕਿ ਕੁਝ ਲੋਕ ਦੂਜਿਆਂ ਦੀ ਖਾਤਰ ਆਪਣਾ ਸਭ ਕੁਝ ਵਾਰ ਜਾਂਦੇ ਹਨ ਤੇ ਕੁਝ ਉਹ ਲੋਕ ਹਨ, ਜਿਹੜੇ ਆਪਣੇ ਆਪ ਲਈ ਦੂਜਿਆਂ ਦਾ ਸਭ ਕੁਝ ਨਸ਼ਟ ਕਰ ਜਾਂਦੇ ਹਨ, ਭਾਵ ਆਪਣੀ ਖੁਦਗਰਜ਼ੀ ਲਈ ਉਹ ਕੁਝ ਵੀ ਕਰ ਸਕਦੇ ਹਨ। ਦੁਨੀਆਂ ਵਿਚ ਜੋ ਕੁਝ ਵੀ ਮਾੜਾ ਜਾਂ ਚੰਗਾ ਹੋਇਆ ਹੈ, ਜੋ ਹੋ ਰਿਹਾ ਹੈ ਅਤੇ ਜਾਂ ਹੋਵੇਗਾ, ਉਹ ਚੰਗੇ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਅੱਜ ਦੁਨੀਆਂ ਵਿਚ ਜੋ ਕੁਝ ਵੀ ਚੰਗਾ ਹੈ, ਉਹ ਚੰਗੇ ਬੰਦਿਆਂ ਕਰਕੇ ਹੀ ਹੋਇਆ ਹੈ ਅਤੇ ਜੋ ਮਾੜਾ ਹੈ ਉਹ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਜਿਵੇਂ ਸਮਾਜ ਵਿਚ ਸੱਚ, ਇਨਸਾਫ, ਆਜ਼ਾਦੀ, ਖੁਸ਼ਹਾਲੀ, ਅਮਨ ਹੈ, ਤਾਂ ਇਹ ਸਭ ਕੁਝ ਚੰਗੇ ਬੰਦਿਆਂ ਕਰਕੇ ਹੀ ਹੈ। ਜਿਨ੍ਹਾਂ ਲੋਕਾਂ ਨੂੰ ਅਸੀਂ ਮਾਨਵਵਾਦੀ ਤੇ ਨੈਤਿਕਤਾਵਾਦੀ, ਭਾਵ ਪਰਉਪਕਾਰੀ ਆਖਦੇ ਹਾਂ। ਇਸਦੇ ਉਲਟ ਜੋ ਕੁਝ ਵੀ ਸਮਾਜ ਵਿਚ ਮਾੜਾ ਵਾਪਰ ਰਿਹਾ ਹੈ, ਉਹ ਮਾੜੇ ਬੰਦਿਆਂ ਕਰਕੇ ਹੀ ਹੈ। ਜਿਵੇਂ ਕਤਲੋਗਾਰਤ, ਲੁੱਟ-ਖਸੁੱਟ, ਬਲਾਤਕਾਰ, ਭ੍ਰਿਸ਼ਟਾਚਾਰ, ਬੇਈਮਾਨੀ, ਬਦਅਮਨੀ। ਇਹ ਸਭ ਕੁਝ ਆਰੰਭ ਤੋਂ ਹੀ ਬਦੀ-ਨੇਕੀ ਦੀ ਲੜਾਈ ਚਲਦੀ ਆ ਰਹੀ ਹੈ। ਜੇਕਰ ਇਸ ਸੰਸਾਰ ਵਿਚ ਮਾੜੇ ਬੰਦੇ ਨਾ ਹੁੰਦੇ ਅਤੇ ਚੰਗੇ ਬੰਦੇ ਹੀ ਹੁੰਦੇ, ਤਾਂ ਅੱਜ ਦੀ ਦੁਨੀਆਂ ਕੁਝ ਹੋਰ ਹੀ ਹੁੰਦੀ, ਭਾਵ ਇਹ ਦੁਨੀਆਂ ਸਵਰਗ ਹੁੰਦੀ, ਜਿਸ ਵਿਚ ਹਰ ਇੱਕ ਨੂੰ ਕੁੱਲੀ, ਗੱਲੀ ਤੇ ਜੁੱਲੀ, ਇਨਸਾਨ ਆਜ਼ਾਦੀ, ਬਰਾਬਰਤਾ, ਸਾਂਝੀਵਾਲਤਾ, ਅਮਨ, ਸ਼ਾਂਤੀ ਤੇ ਖੁਸ਼ਹਾਲੀ ਪ੍ਰਾਪਤ ਹੁੰਦੀ ਪਰ ਅਜਿਹਾ ਹੋਣਾ ਸੌਖੀ ਗੱਲ ਨਹੀਂ ਹੈ, ਭਾਵ ਇੱਕ ਮਨੁੱਖ ਪੂਰਨ ਮਨੁੱਖ ਹੋਣਾ ਬਹੁਤ ਔਖਾ ਹੈ।



ਹਜ਼ਾਰਾਂ ਸਾਲ ਰੋਤੀ ਹੈ ਨਰਗਿਸ ਅਪਨੀ ਬੇਨੂਰੀ ਪੇ

ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਗੁਰਬਾਣੀ ਵਿਚ ਵੀ ਮਨੁੱਖਾਂ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਗਈਆਂ ਹਨ, ਜਿਵੇਂ ਮਨਮੁਖ ਤੇ ਗੁਰਮੁਖਿ, ਭਾਵ ਕਿਰਦਾਰ ਪੱਖੋਂ ਚੰਗੇ ਤੇ ਮਾੜੇ ਮਨੁੱਖ, ਜਿਨ੍ਹਾਂ ਦਾ ਸੰਬੰਧ ਬਦੀ ਤੇ ਨੇਕੀ ਨਾਲ ਹੈ, ਜਿਸ ਨੂੰ ਅਸੀਂ ਅੰਗਰੇਜ਼ੀ ਵਿਚ Evel ਤੇ Good ਆਖਦੇ ਹਾਂ। ਹੁਣ ਜੇਕਰ ਮਾੜਿਆਂ ਬੰਦਿਆਂ ਭਾਵ ਮਨਮੁਖਾਂ ਦੀ ਲਿਸਟ ਬਣਾਈ ਜਾਵੇ, ਤਾਂ ਇਸ ਵਿਚ ਮੁੱਖ ਤੌਰ ’ਤੇ ਇਹ ਹਨ - ਮੂਰਖ, ਅਗਿਆਨੀ, ਖੁਦਗਰਜ਼, ਈਰਖਾਵਾਦੀ, ਅਹੰਕਾਰੀ, ਦੁਸ਼ਟ, ਪਾਪੀ, ਪਾਖੰਡੀ, ਫਰੇਬੀ, ਪੱਖਪਾਤੀ ਅਤੇ ਅਕ੍ਰਿਤਘਣ।

ਇਨ੍ਹਾਂ ਵਿਚੋਂ ਮੂਰਖ ਅਗਿਆਨੀ ਤੇ ਬੇਸਮਝ ਮਨੁੱਖਾਂ ਨੇ ਮਨੁੱਖੀ ਘਾਣ ਇੰਨਾ ਨਹੀਂ ਕੀਤਾ, ਜਿਨ੍ਹਾਂ ਖੁਦਗਰਜ਼ ਭਾਵ ਸਵਾਰਥੀ ਤੇ ਪਾਖੰਡੀਆਂ ਨੇ ਕੀਤਾ ਹੈ। ਮਾੜਾ ਆਦਮੀ ਸਿੱਧਾ ਮਨੁੱਖ ਨੂੰ ਹਾਨੀ ਪਹੁੰਚਾਉਂਦਾ ਹੈ ਅਤੇ ਉਸਦਾ ਪਤਾ ਹੁੰਦਾ ਹੈ ਕਿ ਉਹ ਬੁਰਾ ਹੀ ਹੈ, ਉਸ ਉਪਰ ਆਦਮੀ ਵਿਸ਼ਵਾਸ ਨਹੀਂ ਕਰਦਾ। ਪਾਖੰਡੀ, ਅਖੌਤੀ ਤੇ ਭੇਖੀ ਮਨੁੱਖ ਲੁੱਕ ਕੇ ਸਮਾਜ ਨੂੰ ਹਾਨੀ ਪਹੁੰਚਾਉਂਦਾ ਹੈ। ਉਹ ਸ਼ਕਲ ਮੋਮਨਾ ਤੇ ਕਰਤੂਤਿ ਕਾਫਰਾਂ ਹੁੰਦਾ ਹੈ। ਇਹ ਲੋਕ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਇਹ ਲੋਕ ਮੂੰਹ ਦੇ ਮਿੱਠੇ ਤੇ ਦਿਲ ਦੇ ਮਾੜੇ ਹੁੰਦੇ ਹਨ। ਇਸੇ ਤਰ੍ਹਾਂ ਹੀ ਅਹੰਕਾਰੀ ਤੇ ਈਰਖਾਵਾਦੀ ਲੋਕ ਵੀ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਅਹੰਕਾਰੀ ਮਨੁੱਖ ਸਮਾਜ ਵਿਚ ਘ੍ਰਿਣਾ ਤੇ ਬਦਅਮਨੀ ਉਤਪੰਨ ਕਰਦੇ ਹਨ, ਜਿਸ ਵਿਚੋਂ ਈਰਖਾ ਦਾ ਜਨਮ ਹੁੰਦਾ ਹੈ ਅਤੇ ਕਈ ਵਾਰੀ ਈਰਖਾ ਦੂਜੇ ਦੀ ਚੰਗਿਆਈ ਨੂੰ ਦੇਖਦੇ ਹੀ ਉਤਪੰਨ ਹੁੰਦੀ ਹੈ ਪਰ ਈਰਖਾ ਕਿਸੇ ਪ੍ਰਕਾਰ ਦੀ ਵੀ ਹੋਵੇ, ਬਹੁਤ ਭੈੜੀ ਹੈ। ਈਰਖਾਵਾਦੀ ਮਨੁੱਖ ਦੂਜੇ ਨੂੰ ਮਾੜਾ ਬਣਾਉਣ ਲਈ ਤੇ ਆਪ ਚੰਗਾ ਬਣਨ ਲਈ ਪਤਾ ਨਹੀਂ ਕੀ-ਕੀ ਪਾਪੜ ਵੇਲਦਾ ਹੈ।


ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
ਪੰਜਾਬ ਮੇਲ USA




ਇਸੇ ਤਰ੍ਹਾਂ ਹੀ ਦੁਸ਼ਟ ਤੇ ਪਾਪੀ ਲੋਕਾਂ ਨਾਲ ਵੀ ਇਤਿਹਾਸ ਭਰਿਆ ਪਿਆ ਹੈ, ਜਿਵੇਂ ਦੁਸ਼ਟ ਪਾਪੀ ਔਰੰਗਜ਼ੇਬ, ਚੰਗੇਜ਼ ਤੇ ਹਿਟਲਰ ਆਦਿ। ਵਰਤਮਾਨ ਸਮੇਂ ਵਿਚ ਭਾਰਤ ਦੀ 1947 ਦੀ ਵੰਡ, 1984 ਦਾ ਸਿੱਖਾਂ ਦਾ ਘੱਲੂਘਾਰਾ ਅਤੇ ਗੁਜਰਾਤ ਦਾ ਕਾਂਡ ਆਦਿ ਦੁਸ਼ਟ ਪਾਪੀ ਲੋਕਾਂ ਦੀ ਹੀ ਦੇਣ ਹੈ।

ਮਹਾਰਾਜਾ ਰਣਜੀਤ ਸਿੰਘ ਵਰਗੀ ਵਿਲੱਖਣ ਸ਼ਖਸੀਅਤ ਨੂੰ ਵੀ ਇਨ੍ਹਾਂ ਖੁਦਗਰਜ਼, ਗੱਦਾਰ ਤੇ ਪੱਥਰ ਦਿਲ ਲੋਕਾਂ ਨੇ ਨਹੀਂ ਬਖਸ਼ਿਆ ਅਤੇ ਸਿੱਖ ਰਾਜ ਦੇ ਪਤਨ ਦਾ ਕਾਰਣ ਵੀ ਅਜਿਹੇ ਲੋਕ ਸਿੱਧ ਹੋਏ। ਅਜਿਹੇ ਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਕਰਤੂਤਿ ਪਸੂ ਕੀ ਮਾਨਸ ਜਾਤਿ ਆਖਿਆ ਹੈ। ਖੁਦਗਰਜ਼ ਆਦਮੀਆਂ ਬਾਰੇ ਇੱਕ ਘਟਨਾ ਜਰਮਨੀ ਵਿਚ ਹਿਟਲਰ ਵੇਲੇ ਦੀ ਬੜੀ ਪ੍ਰਸਿੱਧ ਹੈ। ਜਦੋਂ ਹਿਟਲਰ ਲੋਕਾਂ ਤੇ ਅਕਹਿ ਤੇ ਅਸਹਿ ਅੱਤਿਆਚਾਰ ਕਰ ਰਿਹਾ ਸੀ, ਤਾਂ ਇਹ ਘਟਨਾਂ ਇੱਕ ਗਿਰਜਾਘਰ ਪਾਦਰੀ ਦੀ ਹੈ। ਹਿਟਲਰ ਨੇ ਯਹੂਦੀਆਂ ’ਤੇ ਅੱਤਿਆਚਾਰ ਕੀਤੇ। ਪਾਦਰੀ ਕਹਿਣ ਲੱਗਾ ਕਿ ਮੈਂ ਕਿਹੜਾ ਯਹੂਦੀ ਹਾਂ, ਮੈਨੂੰ ਕੀ ਹੈ? ਫਿਰ ਟਰੇਡ ਯੂਨੀਅਨਜ਼ ਨਾਲ ਵੀ ਅਜਿਹਾ ਹੋਇਆ। ਪਾਦਰੀ ਫਿਰ ਵੀ ਚੁੱਪ ਰਿਹਾ। ਫਿਰ ਕਮਿਊਨਿਸਟਾਂ ’ਤੇ ਅੱਤਿਆਚਾਰ ਹੋਏ ਅਤੇ ਪਾਦਰੀ ਦਾ ਕਹਿਣਾ ਸੀ ਕਿ ਮੈਂ ਕਿਹੜਾ ਕਮਿਊਨਿਸਟ ਹਾਂ, ਮੈਨੂੰ ਕੀ? ਸੋ ਮੈਨੂੰ ਕੀ ਗੱਲ ਬਹੁਤ ਭੈੜੀ ਹੈ। ਇਹ ਆਮ ਜ਼ਿੰਦਗੀ ਵਿਚ ਵੀ ਸੁਣਨ ਨੂੰ ਆਉਂਦੀ ਹੈ ਕਿ ਸਾਨੂੰ ਕੀ? ਇਹ ਇਸ ਤਰ੍ਹਾਂ ਦੀ ਜਿਵੇਂ ਘਰ ਲੱਗੇ ਤਾਂ ਅੱਗ, ਬਾਹਰ ਲੱਗੇ ਤਾਂ ਬਸੰਤਰ। ਇਹ ਲੋਕ ਜਦੋਂ ਜ਼ੁਲਮ ਹੁੰਦਾ ਹੈ, ਤਾਂ ਸ਼ੁਗਲ ਸਮਝਦੇ ਹਨ, ਪਰ ਜਦੋਂ ਆਪਣੀ ਵਾਰੀ ਆਉਂਦੀ ਹੈ, ਤਾਂ ਫਿਰ ਪਤਾ ਲੱਗਦਾ ਹੈ। ਇਸੇ ਤਰ੍ਹਾਂ ਇਸ ਪਾਦਰੀ ਨਾਲ ਹੋਈ। ਜਦੋਂ ਉਸ ਦੀ ਵਾਰੀ ਆਈ, ਤਾਂ ਉਸਦਾ ਕੋਈ ਵੀ ਨਹੀਂ ਰਿਹਾ ਸੀ, ਉਸ ਨੂੰ ਬਚਾਉਣ ਲਈ।

ਇਸ ਲਈ ਮਨੁੱਖ ਨੂੰ ਸੁਆਰਥੀ ਨਹੀਂ ਹੋਣਾ ਚਾਹੀਦਾ, ਸਗੋਂ ਹਮਦਰਦ, ਦਿਆਲੂ, ਕ੍ਰਿਪਾਲੂ, ਪਰਉਪਕਾਰੀ ਭਾਵ ਮਾਨਵਵਾਦੀ ਤੇ ਨੈਤਿਕਤਾਵਾਦੀ ਹੋਣਾ ਚਾਹੀਦਾ ਹੈ। Be humanitarian, ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾ ਚਾਹੀਦਾ ਹੈ। ਜਿੰਨੀ ਵੀ ਅਸੀਂ ਦੂਜਿਆਂ ਦੀ ਸਹਾਇਤਾ ਕਰ ਸਕਦੇ ਹਾਂ, ਕਰੀਏ। ਆਪਣੇ ਲਈ ਘੱਟ, ਦੂਜਿਆਂ ਲਈ ਜ਼ਿਆਦਾ ਜਿਊਣਾ ਸਿੱਖੋ। ਕੋਈ ਮਨੁੱਖ ਕਿਵੇਂ ਮਰਿਆ, ਪ੍ਰਸ਼ਨ ਇਹ ਨਹੀਂ, ਪ੍ਰਸ਼ਨ ਇਹ ਹੈ ਕਿ ਕੋਈ ਮਨੁੱਖ ਜੀਵਿਆ ਕਿਵੇਂ ਹੈ? ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

“ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ ॥”

ਗਲਤ ਕੰਮ ਨਾ ਕਰੋ, ਕਿਸੇ ਦਾ ਬੁਰਾ ਨਾ ਕਰੋ, ਕਿਸੇ ਦਾ ਦਿਲ ਨਾ ਦੁਖਾਓ, ਕਿਸੇ ਨਾਲ ਧੋਖਾ ਨਾ ਕਰੋ, ਭੈੜੀ ਸੰਗਤ ਨਾ ਕਰੋ, ਅਹੰਕਾਰ ਤੇ ਈਰਖਾ ਦਾ ਤਿਆਗ ਕਰੋ। ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ ਦੇ ਧਾਰਨੀ ਬਣੋ। ਕਿਸੇ ਦੀ ਇੱਛਾ ਅਤੇ ਸ਼ਾਨ ਦੇ ਵਿਰੁੱਧ ਕੋਈ ਗੱਲ ਨਾ ਕਰੋ।

“ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥”

“ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥”

“ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥”

“ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥”

ਮਨੁੱਖ ਨੂੰ ਬੁਰੇ ਕੰਮਾਂ ਤੋਂ ਬਚਣ ਲਈ ਰੱਬ ਦਾ ਡਰ, ਸਮਾਜ ਦੀ ਸ਼ਰਮ, ਇੱਜ਼ਤ ਤੇ ਅਣਖ ਦਾ ਖਿਆਲ ਰੱਖਣਾ ਚਾਹੀਦਾ ਹੈ।

# ਸੰਪਾਦਕੀ ਡਾਕ

ਸਰਬਜੀਤ ਸਿੰਘ
ਸੈਕਰਾਮੈਂਟੋ
ਪੰਜਾਬ ਮੇਲ USA



## ਦਮਦਮੀ ਟਕਸਾਲ ਦਾ ਕੈਲੰਡਰ



ਗੁਰਪੁਰਬ ਪੁਰਾਤਨ ਰਵਾਇਤ ਅਨੁਸਾਰ

| ਗੁਰੂ ਸਾਹਿਬਾਨ | ਪ੍ਰਕਾਸ਼ ਪੁਰਬ | ਗੁਰਿਆਈ | ਜੋਤੀ ਜੋਤ |
|---|---|---|---|
| ਸ੍ਰੀ ਗੁਰੂ ਨਾਨਕ ਦੇਵ ਜੀ | 24 ਨਵੰਬਰ | ਪ੍ਰਕਾਸ਼ ਤੋਂ | 5 ਅਕਤੂਬਰ |
| ਸ੍ਰੀ ਗੁਰੂ ਅੰਗਦ ਦੇਵ ਜੀ | 18 ਅਪ੍ਰੈਲ | 1 ਅਕਤੂਬਰ | 22 ਮਾਰਚ |
| ਸ੍ਰੀ ਗੁਰੂ ਅਮਰਦਾਸ ਜੀ | 30 ਅਪ੍ਰੈਲ | 19 ਮਾਰਚ | 26 ਸਤੰਬਰ |
| ਸ੍ਰੀ ਗੁਰੂ ਰਾਮਦਾਸ ਜੀ | 27 ਅਕਤੂ. | 24 ਸਤੰਬਰ | 14 ਸਤੰਬਰ |
| ਸ੍ਰੀ ਗੁਰੂ ਅਰਜਨ ਦੇਵ ਜੀ | 9 ਅਪ੍ਰੈਲ | 13 ਸਤੰਬਰ | 18 ਜੂਨ |
| ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 30 ਜੂਨ | 10 ਮਈ | 23 ਮਾਰਚ |
| ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ | 31 ਜਨਵਰੀ | 17 ਮਾਰਚ | 3 ਨਵੰਬਰ |
| ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 7 ਅਗਸਤ | 3 ਨਵੰਬਰ | 1 ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 7 ਅਪ੍ਰੈਲ | 31 ਮਾਰਚ | 14 ਦਸੰਬਰ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ | --- | 12 ਦਸੰਬਰ | 14 ਨਵੰਬਰ |

ਮੀਰੀ ਪੀਰੀ ਦਿਵਸ (ਪਾ: 6) 24 ਜੁਲਾਈ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ 12 ਸਤੰਬਰ

ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਨੰਦੇੜ) 11 ਨਵੰਬਰ

**ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ,**
**ਮੁੱਖ ਸੇਵਾਦਾਰ ਸ੍ਰੀ ਅਕਾਲ ਤਖਤ ਸਾਹਿਬ।**
**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।**

**ਵਿਸ਼ਾ:**- ਨਵੇਂ ਸਾਲ ਦਾ ਕੈਲੰਡਰ

ਸਤਿਕਾਰ ਯੋਗ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਜੀ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਸੰਮਤ 558 ਨਾਨਕਸ਼ਾਹੀ ਦੇ ਕੈਲੰਡਰ ਸਬੰਧੀ ਬੇਨਤੀ ਇਹ ਹੈ ਕਿ ਇਹ ਕੈਲੰਡਰ 'ਨਾਨਕਸ਼ਾਹੀ ਕੈਲੰਡਰ' ਕਿਵੇਂ ਹੈ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 6 ਮਾਰਚ ਨੂੰ, ਆਪ ਜੀ ਦੀ ਅਗਵਾਈ ਵਿਚ ਜਾਰੀ ਕੀਤੇ ਗਏ ਕੈਲੰਡਰ ਨੂੰ ਵਾਚਣ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਕੈਲੰਡਰ, ਚੰਦਰ-ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ, ਚਿਤ੍ਰਾਂਦੀ, ਪੂਰਨਮੰਤਾ) ਕੈਲੰਡਰ ਹੈ। ਅਕਾਲ ਤਖਤ ਸਾਹਿਬ ਵੱਲੋਂ ਇਸ ਨੂੰ 'ਨਾਨਕਸ਼ਾਹੀ ਕੈਲੰਡਰ' ਕਹਿਣਾ ਕੋਰਾ ਝੂਠ ਹੈ, ਅਤੇ ਇਹ ਝੂਠ ਆਪ ਜੀ ਵੱਲੋ ਬੋਲਿਆ ਗਿਆ ਹੈ।

"ਜਥੇਦਾਰ ਨੇ ਕਿਹਾ ਕਿ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣਾ ਹਰ ਸਿੱਖ ਦਾ ਫ਼ਰਜ਼ ਹੈ। ਉਨ੍ਹਾਂ ਸਿੱਖ ਜਗਤ ਨੂੰ ਨਾਨਕਸ਼ਾਹੀ ਕੈਲੰਡਰ ਹਰ ਗੁਰੂ-ਘਰ ਅਤੇ ਆਪੋ-ਆਪਣੇ ਘਰਾਂ ਵਿਚ ਲਗਾਉਣ ਦੀ ਅਪੀਲ ਵੀ ਕੀਤੀ"।

ਸਤਿਕਾਰਯੋਗ ਸਿੰਘ ਸਾਹਿਬ ਜੀ, 'ਨਾਨਕਸ਼ਾਹੀ ਕੈਲੰਡਰ' ਸੂਰਜੀ ਕੈਲੰਡਰ (ਰੁੱਤੀ ਸਾਲ) ਹੈ। ਇਸ ਦੇ ਸਾਲ ਦੀ ਲੰਬਾਈ, ਗੁਰਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥" (ਪੰਨਾ 1108) ਉੱਪਰ ਆਧਾਰਿਤ ਹੈ। ਅੱਜ ਦੇ ਵਿਗਿਆਨਿਕ ਯੁੱਗ ਮੁਤਾਬਕ ਸਾਲ ਦੀ ਇਹ ਲੰਬਾਈ 365.2422 ਦਿਨ ਬਣਦੀ ਹੈ। ਇਸ ਦੇ ਮਹੀਨਿਆਂ ਦੀ ਤਰਤੀਬ ਉਹੀ ਹੈ, ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਪਾਵਣ ਬਾਣੀ; ਬਾਰਾਮਾਹ; ਵਿਚ ਦਰਜ ਹੈ। ਇਸ ਦੇ ਪਹਿਲੇ 5 ਮਹੀਨਿਆਂ ਦੇ 31-31 ਦਿਨ ਅਤੇ ਮਗਰਲੇ 7 ਮਹੀਨਿਆਂ ਦੇ 30-30 ਦਿਨ ਹਨ। ਹਰ ਮਹੀਨੇ ਦਾ ਆਰੰਭ ਅਤੇ ਦਿਨਾਂ ਦੀ ਗਿਣਤੀ ਸਦਾ ਵਾਸਤੇ ਪੱਕੀ ਕਰ ਦਿੱਤੀ ਗਈ ਹੈ। ਇਸ ਦੇ ਦਿਨ ਦਾ ਆਰੰਭ ਰਾਤ 12 ਵਜੇ ਤੋਂ ਹੁੰਦਾ ਹੈ।

ਸਿੰਘ ਸਾਹਿਬ ਜੀ, ਜਿਹੜਾ ਕੈਲੰਡਰ (ਚੰਦਰ-ਸੂਰਜੀ ਬਿਕ੍ਰਮੀ, ਦ੍ਰਿਕਗਿਣਤ ਸਿਧਾਂਤ) ਆਪ ਜੀ ਵੱਲੋਂ 6 ਮਾਰਚ ਨੂੰ ਜਾਰੀ ਕੀਤਾ ਗਿਆ ਹੈ, ਉਸ ਦੇ ਸਾਲ ਦੀ ਲੰਬਾਈ 365.2563 ਦਿਨ ਹੈ। ਇਹ ਲੰਬਾਈ, ਨਵੰਬਰ 1964 ਈ: ਹਿੰਦੂ ਵਿਦਵਾਨਾਂ ਨੇ ਨਿਰਧਾਰਿਤ ਕੀਤੀ ਸੀ। ਇਸ ਤੋਂ ਪਹਿਲਾ (ਗੁਰੂ ਕਾਲ ਵੇਲੇ) ਇਸ ਕੈਲੰਡਰ ਦੇ ਸਾਲ ਦੀ 365.2587 ਦਿਨ ਸੀ। ਇਸ ਨੂੰ ਸੂਰਜੀ ਸਿਧਾਂਤ ਕਹਿੰਦੇ ਸਨ। ਇਸ ਦੇ ਮਹੀਨੇ ਦਾ ਆਰੰਭ ਸੂਰਜ ਦੇ ਰਾਸ਼ੀ ਬਦਲੀ ਕਰਨ ਵੇਲੇ ਤੋਂ ਗਿਣਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਇਸ ਦੇ ਮਹੀਨੇ ਦਾ ਆਰੰਭ ਅਤੇ ਮਹੀਨੇ ਦੇ ਦਿਨਾਂ ਦੀ ਗਿਣਤੀ, ਹਰ ਸਾਲ ਬਦਲਦੀ ਰਹਿੰਦੀ ਹੈ। ਇਸ ਦੇ ਦਿਨ ਦਾ ਆਰੰਭ ਸੂਰਜ ਚੜ੍ਹਨ ਵੇਲੇ ਤੋਂ ਮੰਨਿਆ ਜਾਂਦਾ ਹੈ। ਆਪਣੇ ਦੇਸ਼ ਵਿਚ ਪੂਰਬ ਤੋਂ ਪੱਛਮ ਦਿਸ਼ਾ ਵਿਚ ਸੂਰਜ ਚੜ੍ਹਨ ਦੇ ਸਮੇਂ ਵਿਚ ਲਗਭਗ ਡੇਢ ਘੰਟੇ ਦਾ ਅੰਤਰ ਹੈ।

ਸਿੰਘ ਸਾਹਿਬ ਜੀ, ਬਾਣੀ ਦੀ ਪਾਵਨ ਪੰਗਤੀ, "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥" (ਪੰਨਾ 1108) ਮੁਤਾਬਕ ਸੂਰਜ ਦਾ ਰੱਥ (**June Solstice**) ਗੁਰੂ ਨਾਨਕ ਸਾਹਿਬ ਜੀ ਦੇ ਸਮੇਂ 16 ਹਾੜ ਸੰਮਤ 1526 ਬਿਕ੍ਰਮੀ, 12 ਜੂਨ 1469 ਈ: (ਜੂਲੀਅਨ) ਮੁਤਾਬਕ 21 ਜੂਨ (ਗਰੈਗੋਰੀਅਨ) ਨੂੰ ਫਿਰਿਆ ਸੀ। ਇਸ ਸਾਲ ਸੂਰਜ ਦਾ ਰੱਥ 21 ਜੂਨ 2026 ਈ: ਮੁਤਾਬਕ 7 ਹਾੜ ਨੂੰ ਫਿਰੇਗਾ। ਇਸ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਨਾਨਕ ਜੀ ਦੇ ਸਮੇਂ ਤੋਂ ਅੱਜ ਤਾਈਂ, ਸਾਲ ਦੀ ਲੰਬਾਈ ਵਿਚ ਅੰਤਰ ਹੋਣ ਕਾਰਨ 9 ਦਿਨਾਂ ਦਾ ਫ਼ਰਕ ਪੈ ਚੁੱਕਾ ਹੈ। ਜੇ ਸਾਲ ਦੀ ਲੰਬਾਈ ਨੂੰ ਨਾ ਸੋਧਿਆ ਗਿਆ, ਤਾਂ ਇਹ ਫ਼ਰਕ ਵੱਧਦਾ ਹੀ ਜਾਵੇਗਾ ਅਤੇ ਗੁਰਬਾਣੀ ਵਿਚ ਦਰਜ ਰੁੱਤਾਂ ਦਾ ਸਬੰਧ ਮਹੀਨਿਆਂ ਨਾਲੋਂ ਟੁੱਟ ਜਾਵੇਗਾ। ਸਤਿਕਾਰਯੋਗ ਸਿੰਘ ਸਾਹਿਬ ਜੀ, ਜਦੋਂ ਸਾਨੂੰ ਪਤਾ ਹੈ ਕਿ ਸਾਡੇ ਕੈਲੰਡਰੀ ਸਾਲ ਦੀ ਲੰਬਾਈ, 20 ਮਿੰਟ 24 ਸਕਿੰਟ ਵੱਧ ਹੈ, ਤਾਂ ਉਸ ਨੂੰ ਸਹੀ ਕਰਨ ਨਾਲ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੋਵੇਗੀ?

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿਚ ਚੰਦ ਦਾ ਮਹੀਨਾ ਅਤੇ ਸੂਰਜੀ ਮਹੀਨਾ ਇਕੱਠੇ ਚਲਦੇ ਹਨ। ਮਹੀਨਾ ਚੰਦ ਦਾ ਹੁੰਦਾ ਹੈ ਅਤੇ ਸਾਲ ਸੂਰਜੀ। ਚੰਦ ਦੇ ਨਵੇਂ ਸਾਲ ਦਾ ਆਰੰਭ ਚੇਤ ਸੁਦੀ ਏਕਮ ਤੋਂ (19 ਮਾਰਚ) ਤੋਂ ਹੋਵੇਗਾ। ਚੰਦ ਦੇ ਇਕ ਮਹੀਨੇ ਦੀ ਲੰਬਾਈ 29.53 ਦਿਨ ਅਤੇ ਸਾਲ ਦੀ ਲੰਬਾਈ 354.37 ਦਿਨ ਮੰਨੀ ਗਈ ਹੈ। ਭਾਵ ਚੰਦ ਦਾ ਸਾਲ ਸੂਰਜੀ ਸਾਲ ਤੋਂ 11 ਦਿਨ ਛੋਟਾ ਹੁੰਦਾ ਹੈ। ਜਦੋਂ ਇਕ ਸਾਲ ਵਿਚ 11 ਦਿਨ, ਦੂਜੇ ਸਾਲ 22 ਦਿਨ ਅਤੇ ਤੀਜੇ ਸਾਲ 33 ਦਿਨ, ਸੂਰਜੀ ਸਾਲ ਤੋਂ ਪਿੱਛੇ ਰਹਿ ਜਾਂਦਾ ਹੈ, ਤਾਂ ਚੰਦ ਦੇ ਸਾਲ ਨੂੰ, ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ, ਇਕ ਵਾਧੂ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਨੂੰ ਮਲ-ਮਾਸ ਕਹਿੰਦੇ ਹਨ। ਇਸ ਮਹੀਨੇ ਵਿਚ ਕੋਈ ਵੀ ਸ਼ੁੱਭ ਕੰਮ ਨਹੀਂ ਕੀਤਾ ਜਾਂਦਾ। ਇਸ ਸਾਲ ਵਿਚ, ਸਾਲ ਦੇ 13 ਮਹੀਨੇ ਅਤੇ 384/385 ਦਿਨ ਹੋ ਜਾਂਦੇ ਹਨ।

ਗਿਆਨੀ ਗੜਗੱਜ ਜੀ, ਜਿਹੜਾ ਕੈਲੰਡਰ ਆਪ ਜੀ ਨੇ ਜਾਰੀ ਕੀਤਾ ਹੈ, ਉਸ ਨੂੰ ਧਿਆਨ ਨਾਲ ਵੇਖੋ। ਇਸ ਵਿਚ ਜੇਠ ਦਾ ਮਹੀਨਾ ਦੋ ਵਾਰ ਦਰਜ ਹੈ। ਜੇਠ ਦਾ ਆਰੰਭ 2 ਮਈ 2026 ਈ: ਤੋਂ ਹੋਵੇਗਾ ਅਤੇ ਅੰਤ 29 ਜੂਨ ਨੂੰ ਹੋਵੇਗਾ। ਇਸ ਸਮੇਂ ਵਿਚੋਂ 17 ਮਈ ਤੋਂ 15 ਜੂਨ ਤਾਂਈ ਮਲ ਮਾਸ ਹੋਵੇਗਾ। ਇਨ੍ਹਾਂ ਦਿਨਾਂ ਵਿਚ ਕੋਈ ਸ਼ੁੱਭ ਦਿਹਾੜਾ ਨਹੀਂ ਮਨਾਇਆ ਜਾਂਦਾ। ਪਹਿਲੇ ਜੇਠ ਦੇ ਸੁਦੀ ਪੱਖ ਵਿਚ ਆਉਣ ਵਾਲੇ ਦਿਹਾੜੇ, ਦੂਜੇ ਜੇਠ ਦੇ ਸੁਦੀ ਪੱਖ ਵਿਚ ਮਨਾਏ ਜਾਣਗੇ। ਇਹੀ ਕਾਰਨ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਜੇਠ ਸੁਦੀ 4 (20 ਮਈ) ਨੂੰ ਨਹੀਂ ਮਨਾਇਆ ਜਾਵੇਗਾ। ਕਿਉਂਕਿ ਇਹ ਪਹਿਲੇ ਜੇਠ ਦਾ ਸੁਦੀ ਪੱਖ ਹੋਣ ਕਾਰਨ ਅਸ਼ੁੱਭ ਹੈ। ਦੂਜੀ ਜੇਠ ਸੁਦੀ 4, 18 ਜੂਨ ਨੂੰ ਆਵੇਗੀ। ਇਹ ਦੂਜੇ ਜੇਠ ਦਾ ਸ਼ੁੱਭ ਪੱਖ ਹੋਣ ਕਾਰਨ, ਗੁਰੂ ਜੀ ਦਾ ਸ਼ਹੀਦੀ ਦਿਹਾੜਾ 18 ਜੂਨ ਨੂੰ ਮਨਾਇਆ ਜਾਵੇਗਾ। ਇਸ ਕਾਰਨ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਵਸ ਅਤੇ ਗੁਰੂ ਅਰਜਨ ਪਾਤਸ਼ਾਹ ਜੀ ਦਾ ਸ਼ਹੀਦੀ ਦਿਹਾੜੇ ਦਾ ਅੰਤਰ ਜੋ 10 ਦਿਨ ਹੈ। ਇਸ ਸਾਲ ਇਹ 39 ਦਿਨ ਹੋ ਜਾਵੇਗਾ।

ਗਿਆਨੀ ਕੁਲਦੀਪ ਸਿੰਘ ਜੀ, ਇਸ ਨੂੰ ਇਤਿਹਾਸ ਵਿਗਾੜਨ ਦਾ ਕੋਝਾਂ ਯਤਨ ਕਿਉਂ ਨਾ ਮੰਨਿਆ ਜਾਵੇ? ਕੀ ਗੁਰਬਾਣੀ ਅਜਿਹੇ ਭਰਮ ਨੂੰ ਮੰਨਦੀ ਹੈ ਕਿ ਪੂਰਾ ਮਹੀਨਾ ਹੀ ਅਸ਼ੁੱਭ ਹੈ? ਕੀ ਇਹ ਗੁਰਮਤਿ ਹੈ ਜਾਂ ਬਿਪਰਵਾਦ? ਸਿੰਘ ਸਾਹਿਬ ਜੀ, ਸ਼੍ਰੋਮਣੀ ਕਮੇਟੀ ਵੱਲੋ ਛਾਪੇ ਗਏ ਅਤੇ ਆਪ ਜੀ ਵੱਲੋ ਜਾਰੀ ਕੀਤੇ ਗਏ ਨਵੇਂ ਸਾਲ ਦੇ ਕੈਲੰਡਰ ਨੂੰ ਧਿਆਨ ਨਾਲ ਵੇਖਣ 'ਤੇ ਵੀ 'ਹੋਲਾ-ਮਹੱਲਾ' ਦੀ ਤਾਰੀਖ ਨਹੀਂ ਮਿਲੀ। ਇਸ ਦਾ ਕੀ ਕਾਰਨ ਹੈ ਜੀ? ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ, ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਰੰਭ ਕੀਤਾ ਗਿਆ ਹੋਲਾ ਮਹੱਲਾ ਮਨਾਉਣਾ ਬੰਦ ਕਰ ਦਿੱਤਾ ਹੈ? ਇਹ ਕਿਸ ਸਾਜ਼ਿਸ਼ ਅਧੀਨ ਕੀਤਾ ਗਿਆ ਹੈ?

ਗਿਆਨੀ ਕੁਲਦੀਪ ਸਿੰਘ ਜੀ, ਜੇ ਥੋੜਾ ਹੋਰ ਬਰੀਕੀ ਨਾਲ ਵੇਖਿਆ ਜਾਵੇ, ਤਾਂ ਆਪ ਜੀ ਵੱਲੋਂ 6 ਮਾਰਚ ਨੂੰ ਜਾਰੀ ਕੀਤੇ ਗਏ ਕੈਲੰਡਰ ਨੂੰ 'ਚੰਦਰ-ਸੂਰਜੀ ਬਿਕ੍ਰਮੀ' ਕੈਲੰਡਰ ਕਹਿਣਾ ਵੀ ਸਹੀ ਨਹੀਂ ਹੈ। ਕਿਉਂਕਿ ਉਸ ਵਿਚ ਸੂਰਜੀ ਮਹੀਨਾ ਵੈਸਾਖ, ਪਹਿਲਾ ਮਹੀਨਾ ਹੁੰਦਾ ਹੈ ਅਤੇ ਚੇਤ ਬਾਰ੍ਹਵਾਂ। ਸ਼੍ਰੋਮਣੀ ਕਮੇਟੀ ਨੇ ਆਪਣੀ ਮਰਜ਼ੀ ਨਾਲ ਹੀ ਚੇਤ ਨੂੰ ਪਹਿਲਾ ਮਹੀਨਾ ਕਰ ਦਿੱਤਾ ਹੈ। ਇਸ ਸਾਲ ਦੇ ਕੈਲੰਡਰ ਵਿਚ ਬਹੁਤ ਵੱਡੀ ਗਲਤੀ ਇਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਵਸ ਜੇਠ ਵਦੀ 8/25 ਜੇਠ (8 ਜੂਨ) ਦਾ ਦਰਜ ਕਰ ਦਿੱਤਾ ਹੈ। ਸਿੰਘ ਸਾਹਿਬ ਜੀ, ਇਹ ਜੇਠ (ਅਸ਼ੁੱਭ) ਵਦੀ 8 (8 ਜੂਨ) ਮਲ ਮਾਸ ਦੀ ਹੈ। ਤੁਸੀਂ ਆਪਣੀ ਮਰਜ਼ੀ ਨਾਲ ਕਿਸੇ ਦਿਹਾੜੇ ਦੀ ਤਿੱਥ ਕਿਵੇਂ ਬਦਲ ਸਕਦੇ ਹੋ? ਦਮਦਮੀ ਟਕਸਾਲ ਦਾ ਕੈਲੰਡਰ, ਬਾਲਾ ਪ੍ਰੀਤਮ ਜੰਤਰੀ (ਤਖਤ ਪਟਨਾ ਸਾਹਿਬ), ਦੁਸ਼ਟ ਦਮਨ ਜੰਤਰੀ (ਤਖਤ ਹਜ਼ੂਰ ਸਾਹਿਬ) ਇਨ੍ਹਾਂ ਜੰਤਰੀਆਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਵਸ ਜੇਠ (ਸ਼ੁੱਭ) ਵਦੀ 8/27 ਵੈਸਾਖ (10 ਮਈ) ਦਾ ਦਰਜ ਹੈ। ਕੀ ਹੁਣ ਪੰਜਾਬ ਤੋਂ ਬਾਹਰਲੇ ਦੋਵੇ ਤਖਤ ਅਤੇ ਦਮਦਮੀ ਟਕਸਾਲ, ਇਹ ਦਿਹਾੜਾ 27 ਵੈਸਾਖ (10 ਮਈ) ਨੂੰ ਮਨਾਉਣਗੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਤਿੰਨ ਤਖਤ ਜੇਠ (ਅਸ਼ੁੱਭ) ਵਦੀ 8 /25 ਜੇਠ (8 ਜੂਨ) ਨੂੰ ਮਨਾਉਣਗੇ? ਦੋ-ਦੋ ਗੁਰਪੁਰਬ ਤਾਂ ਤੁਹਾਡੇ ਕੈਲੰਡਰ ਨੇ ਵੀ ਕਰ ਦਿੱਤੇ ਹਨ। ਇਸ ਕੈਲੰਡਰ ਵਿਚ, ਇਕ ਦਿਨ ਵਿਚ ਦੋ ਤਿੱਥਾਂ 20 ਅਪ੍ਰੈਲ (ਵੈਸਾਖ ਵਦੀ ਤੀਜ ਅਤੇ ਚੌਥ) ਦੋ ਦਿਨਾਂ ਵਿਚ ਇਕ ਤਿੱਥ ਜੇਠ ਸੁਦੀ 4 (ਮਈ 5 ਅਤੇ 6) ਅਕਸਰ ਆ ਜਾਦੀਆਂ ਹਨ, ਇਹ ਹੀ ਕਾਰਨ ਹੈ ਕਿ ਇਸ ਕੈਲੰਡਰ ਨੂੰ, ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ (ਧੁੰਮਾ ਅਤੇ ਮੱਕੜ) ਦੇ ਨਾਮ ਨਾਲ 'ਧੁਮੱਕੜਸ਼ਾਹੀ ਕੈਲੰਡਰ' ਕਿਹਾ ਜਾਂਦਾ ਹੈ।

ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ, ਕੀ 'ਧੁਮੱਕੜਸ਼ਾਹੀ ਕੈਲੰਡਰ' ਨੂੰ, 'ਨਾਨਕਸ਼ਾਹੀ ਕੈਲੰਡਰ' ਦੱਸਕੇ ਰਿਲੀਜ਼ ਕਰਨਾ, ਆਪ ਜੀ ਨੂੰ ਸ਼ੋਭਾ ਦਿੰਦਾ ਹੈ?

ਉਸਾਰੂ ਸੇਧਾਂ ਦੀ ਉਡੀਕ ਵਿਚ

**ਸਰਬਜੀਤ ਸਿੰਘ ਸੈਕਰਾਮੈਂਟੋ**
**1 ਚੇਤ ਸੰਮਤ 558 ਨ:ਸ:**
**(14 ਮਾਰਚ 2026)**

# ਸਮਾਜ 'ਚ ਇਕੱਲੀ ਔਰਤ

ਵੀਰਪਾਲ ਕੌਰ ਭੱਠਲ
ਪੰਜਾਬ ਮੇਲ USA





ਸਮਾਜ 'ਚ ਇਕੱਲੀ ਔਰਤ ਦੀ ਜ਼ਿੰਦਗੀ ਆਸਾਨ ਨਹੀਂ ਹੁੰਦੀ। ਬਹੁਤ ਵਾਰੀ ਉਹ ਉਸ ਖ਼ਜ਼ਾਨੇ ਵਰਗੀ ਲੱਗਦੀ ਹੈ, ਜਿਸਦਾ ਕੋਈ ਰਾਖਾ ਨਹੀਂ। ਜਿਵੇਂ ਹੀ ਲੋਕਾਂ ਨੂੰ ਲੱਗਦਾ ਹੈ ਕਿ ਇਸ ਦੇ ਸਿਰ 'ਤੇ ਕੋਈ ਮਾਲਕ ਨਹੀਂ, ਕਈ ਲਾਲਚੀ ਨਜ਼ਰਾਂ ਉਸ ਵੱਲ ਉੱਠਣ ਲੱਗਦੀਆਂ ਹਨ। ਅਫ਼ਸੋਸ ਦੀ ਗੱਲ ਇਹ ਹੈ ਕਿ ਇਹ ਨਜ਼ਰਾਂ ਹਮੇਸ਼ਾਂ ਗਲੀਆਂ ਦੇ ਮਾੜੇ ਲੋਕਾਂ ਦੀਆਂ ਹੀ ਨਹੀਂ ਹੁੰਦੀਆਂ, ਕਈ ਵਾਰੀ ਉਨ੍ਹਾਂ ਲੋਕਾਂ ਦੀਆਂ ਵੀ ਹੁੰਦੀਆਂ ਹਨ, ਜੋ ਬਾਹਰੋਂ ਬਹੁਤ ਇੱਜ਼ਤਦਾਰ ਦਿੱਸਦੇ ਹਨ।

ਇਹੀ ਕਾਰਨ ਹੈ ਕਿ ਕਈ ਵਿਆਹੀਆਂ ਔਰਤਾਂ ਇਕੱਲੀਆਂ ਔਰਤਾਂ ਨਾਲ ਘੁਲਣ-ਮਿਲਣ ਤੋਂ ਵੀ ਹਿਚਕਿਚਾਉਂਦੀਆਂ ਹਨ। ਇਹ ਗੱਲ ਸ਼ਾਇਦ ਬਾਹਰੋਂ ਅਜੀਬ ਲੱਗੇ, ਪਰ ਇਸ ਦੇ ਪਿੱਛੇ ਉਨ੍ਹਾਂ ਦੀ ਆਪਣੀ ਮਜਬੂਰੀ ਅਤੇ ਡਰ ਹੁੰਦਾ ਹੈ। ਉਨ੍ਹਾਂ ਨੂੰ ਆਪਣੇ ਘਰ ਦੇ ਮਰਦਾਂ ਦੀ ਫ਼ਿਤਰਤ ਦਾ ਚੰਗਾ ਅੰਦਾਜ਼ ਹੁੰਦਾ ਹੈ। ਵਿਆਹ ਹੋ ਜਾਣ ਨਾਲ ਵੀ ਹਰ ਔਰਤ ਆਪਣੇ ਆਪ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਸਮਝਦੀ। ਮਨ ਦੇ ਕਿਸੇ ਕੋਨੇ ਵਿਚ ਹਮੇਸ਼ਾਂ ਇਹ ਡਰ ਰਹਿੰਦਾ ਹੈ ਕਿ ਕਦੋਂ ਕਿਸੇ ਦਾ ਮਨ ਬਦਲ ਜਾਵੇ।

ਇੱਕ ਵਾਰ ਮੇਰੀ ਇੱਕ ਸਹੇਲੀ ਨੇ ਮੈਨੂੰ ਆਪਣੇ ਵਿਆਹ ਦੀ ਸਾਲਗਿਰਾਹ 'ਤੇ ਸੱਦਾ ਦਿੱਤਾ। ਪਹਿਲਾਂ ਤਾਂ ਮੇਰਾ ਜਾਣ ਦਾ ਮਨ ਨਹੀਂ ਸੀ, ਪਰ ਉਸ ਦੀ ਵਾਰ-ਵਾਰ ਕੀਤੀ ਗਈ ਬੇਨਤੀ ਕਰਕੇ ਮੈਨੂੰ ਜਾਣਾ ਪਿਆ। ਉਸ ਦੇ ਵਿਆਹ ਨੂੰ ਦਸ ਸਾਲ ਹੋ ਚੁੱਕੇ ਸਨ ਅਤੇ ਉਹ ਆਪਣੇ ਜੀਵਨ ਤੋਂ ਬਹੁਤ ਖੁਸ਼ ਦਿਸ ਰਹੀ ਸੀ।

ਬੈਠਦੇ ਹੀ ਉਸ ਨੇ ਆਪਣੇ ਪਤੀ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਣੇ ਸ਼ੁਰੂ ਕਰ ਦਿੱਤੇ। ਉਹ ਕਹਿੰਦੀ ਸੀ ਕਿ ਉਸਨੂੰ ਰੱਬ ਵਰਗਾ ਪਤੀ ਮਿਲਿਆ ਹੈ। ਉਹ ਵਾਰ-ਵਾਰ ਮੈਨੂੰ ਵੀ ਸਮਝਾਉਂਦੀ ਰਹੀ ਕਿ ਮੈਂ ਵੀ ਵਿਆਹ ਕਰ ਲਵਾਂ। ਉਸ ਨੇ ਤਾਂ ਆਪਣੇ ਦਿਓਰ ਦਾ ਨਾਂ ਵੀ ਲੈ ਲਿਆ ਅਤੇ ਕਹਿੰਦੀ ਸੀ ਕਿ ਉਹ ਵੀ ਆਪਣੇ ਪਤੀ ਵਰਗਾ ਹੀ ਚੰਗਾ ਇਨਸਾਨ ਹੈ।

ਉਸ ਦਿਨ ਉਹ ਵਰਤ ਰੱਖੀ ਬੈਠੀ ਸੀ। ਸਵੇਰੇ ਤੋਂ ਰਸੋਈ ਵਿਚ ਖਾਣਾ ਤਿਆਰ ਕਰ ਰਹੀ ਸੀ। ਉਹ ਕਹਿ ਰਹੀ ਸੀ ਕਿ ਰਾਤ ਨੂੰ ਚੰਨ ਦੇ ਦਰਸ਼ਨ ਕਰਕੇ ਅਤੇ ਆਪਣੇ ਪਤੀ ਦਾ ਚਿਹਰਾ ਵੇਖ ਕੇ ਹੀ ਕੁਝ ਖਾਵੇਗੀ। ਉਸ ਤੋਂ ਬਾਅਦ ਸਾਰੇ ਮਿਲ ਕੇ ਖੁਸ਼ੀ ਮਨਾਵਾਂਗੇ।

ਮੈਂ ਉਸ ਦੇ ਬੱਚਿਆਂ ਨਾਲ ਡਰਾਇੰਗ ਰੂਮ ਵਿਚ ਬੈਠੀ ਟੀ.ਵੀ. ਦੇਖ ਰਹੀ ਸੀ। ਥੋੜ੍ਹੀ ਦੇਰ ਬਾਅਦ ਉਸ ਦਾ ਪਤੀ ਅੰਦਰ ਆਇਆ। ਉਸ ਨੇ ਮੈਨੂੰ ਵੇਖਿਆ ਅਤੇ ਹੌਲੀ ਜਿਹੀ ਅੱਖ ਮਾਰ ਦਿੱਤੀ। ਪਹਿਲਾਂ ਮੈਂ ਇਸਨੂੰ ਸਿਰਫ਼ ਇਕ ਇਤਫ਼ਾਕ ਸਮਝਿਆ। ਪਰ ਜਦੋਂ ਇਹ ਗੱਲ ਦੋ-ਤਿੰਨ ਵਾਰੀ ਹੋਈ, ਤਾਂ ਮੈਨੂੰ ਸਮਝ ਆ ਗਿਆ ਕਿ ਗੱਲ ਕੁਝ ਹੋਰ ਹੈ।

ਥੋੜ੍ਹੀ ਦੇਰ ਬਾਅਦ ਉਹ ਆਪਣੀ ਜੇਬ ਵਿਚੋਂ ਤਿੰਨ ਨਵੇਂ ਨੋਟ ਕੱਢ ਕੇ ਲਿਆਇਆ। ਦੋ ਉਸ ਨੇ ਆਪਣੇ ਬੱਚਿਆਂ ਨੂੰ ਦੇ ਦਿੱਤੇ ਅਤੇ ਇੱਕ ਮੇਰੇ ਵੱਲ ਵਧਾ ਦਿੱਤਾ। ਇਸ ਤੋਂ ਬਾਅਦ ਉਹ ਵਾਰ-ਵਾਰ ਕਮਰੇ ਵਿਚ ਆਉਂਦਾ, ਹੌਲੀ ਜਿਹੀ ਮੁਸਕਰਾਹਟ ਕਰਦਾ ਅਤੇ ਅੱਖ ਮਾਰ ਕੇ ਵਾਪਸ ਚਲਾ ਜਾਂਦਾ।

ਮੈਂ ਚੁੱਪ ਰਹਿਣਾ ਹੀ ਠੀਕ ਸਮਝਿਆ। ਮੈਂ ਨਹੀਂ ਚਾਹੁੰਦੀ ਸੀ ਕਿ ਆਪਣੀ ਸਹੇਲੀ ਦੀਆਂ ਅੱਖਾਂ ਵਿਚ ਬਣੀ ਉਸ ਦੇ ਪਤੀ ਦੀ ਮੂਰਤੀ ਮੇਰੇ ਕਾਰਨ ਟੁੱਟ ਜਾਵੇ।

ਸ਼ਾਮ ਹੋਈ ਤਾਂ ਮੇਰੀ ਸਹੇਲੀ ਲਾਲ ਸਾੜੀ ਪਾ ਕੇ ਅਤੇ ਗਹਿਣਿਆਂ ਨਾਲ ਸੱਜ ਕੇ ਤਿਆਰ ਹੋ ਰਹੀ ਸੀ। ਉਸ ਦੇ ਚਿਹਰੇ 'ਤੇ ਪਤੀ ਲਈ ਪਿਆਰ ਅਤੇ ਆਦਰ ਸਾਫ਼ ਦਿਖਾਈ ਦੇ ਰਿਹਾ ਸੀ। ਉਧਰ ਉਹ ਬੰਦਾ ਫਿਰ ਮੇਰੇ ਕੋਲ ਆਇਆ ਅਤੇ ਇਸ਼ਾਰੇ ਨਾਲ ਕਹਿੰਦਾ ਕਿ ਰਾਤ ਨੂੰ ਗਿਆਰਾਂ ਵਜੇ ਉੱਪਰ ਆ ਜਾਵੀਂ।

ਉਸ ਵੇਲੇ ਮੈਨੂੰ ਆਪਣੀ ਸਹੇਲੀ ਦੀ ਸਾਦਗੀ ਉੱਤੇ ਬਹੁਤ ਤਰਸ ਆਇਆ। ਉਹ ਸਵੇਰੇ ਤੋਂ ਭੁੱਖੀ ਪਿਆਸੀ ਉਸੇ ਆਦਮੀ ਲਈ ਵਰਤ ਰੱਖੀ ਬੈਠੀ ਸੀ, ਜੋ ਉਸ ਦੀ ਗੈਰਹਾਜ਼ਰੀ ਵਿਚ ਉਸ ਦੀ ਸਹੇਲੀ ਨਾਲ ਹੀ ਗਲਤ ਇਸ਼ਾਰੇ ਕਰ ਰਿਹਾ ਸੀ।

ਅਗਲੇ ਦਿਨ ਜਦੋਂ ਮੈਂ ਵਾਪਸ ਜਾਣ ਲਈ ਤਿਆਰ ਹੋਈ, ਤਾਂ ਮੇਰੀ ਸਹੇਲੀ ਨੇ ਕਿਹਾ,

"ਜੀਜਾ ਜੀ ਨੂੰ ਮਿਲ ਕੇ ਜਾ।"

ਮੈਂ ਅੰਦਰ ਗਈ। ਉਹ ਅਖ਼ਬਾਰ ਪੜ੍ਹਦਾ ਬੈਠਾ ਸੀ। ਮੈਂ ਨੋਟ ਉਸਦੇ ਸਾਹਮਣੇ ਸੁੱਟਦਿਆਂ ਕਿਹਾ,

"ਆਹ ਲੈ ਆਪਣੇ ਪੈਸੇ... 'ਤੇ ਜਾ ਕੇ ਅੱਖਾਂ ਦੀ ਦਵਾਈ ਲੈ ਲੈ। ਕੱਲ੍ਹ ਤੋਂ ਬੜੀਆਂ ਫੜਕਦੀਆਂ ਫਿਰਦੀਆਂ ਨੇ।"

ਮੈਂ ਬਾਹਰ ਆ ਗਈ।

ਰਸਤੇ ਭਰ ਮੇਰੀ ਸਹੇਲੀ ਮੈਨੂੰ ਵਿਆਹਸ਼ੁਦਾ ਜੀਵਨ ਦੇ ਸੁੱਖਾਂ ਬਾਰੇ ਸਮਝਾਉਂਦੀ ਰਹੀ ਅਤੇ ਮੈਂ ਚੁੱਪਚਾਪ ਸੋਚਦੀ ਰਹੀ ਕਿ ਕਈ ਵਾਰੀ ਜਿਨ੍ਹਾਂ ਨੂੰ ਅਸੀਂ ਆਪਣਾ ਰੱਖਵਾਲਾ ਸਮਝਦੇ ਹਾਂ, ਉਹੀ ਸਾਡੇ ਭਰੋਸੇ ਨੂੰ ਸਭ ਤੋਂ ਵੱਧ ਠੇਸ ਪਹੁੰਚਾਉਂਦੇ ਹਨ।

ਅਤੇ ਸ਼ਾਇਦ ਇਸੇ ਲਈ ਕਈ ਇਕੱਲੀਆਂ ਔਰਤਾਂ ਜ਼ਿੰਦਗੀ ਦੇ ਫੈਸਲੇ ਲੈਣ ਤੋਂ ਪਹਿਲਾਂ ਹਜ਼ਾਰ ਵਾਰ ਸੋਚਦੀਆਂ ਹਨ। ਕਿਉਂਕਿ ਕੁਝ ਤਜ਼ਰਬੇ ਦਿਲ ਦੀ ਮਾਸੂਮ ਮਿਠਾਸ ਨੂੰ ਹਮੇਸ਼ਾਂ ਲਈ ਬਦਲ ਦੇਂਦੇ ਹਨ।

ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1-647-567-9128
209-600-2897
ਪੰਜਾਬ ਮੇਲ USA



# 'ਅੰਤਰਰਾਸ਼ਟਰੀ ਬੋਸਟਨ ਮੈਰਾਥਨ' ਤੇ ਕਈ ਹੋਰ ਮੈਰਾਥਨਾਂ ਦਾ ਦਸਤਾਰਧਾਰੀ ਦੌੜਾਕ - ਧਿਆਨ ਸਿੰਘ ਸੋਹਲ











'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀ.ਪੀ.ਏ.ਆਰ. ਕਲੱਬ) ਦਾ ਰਸਮੀ ਗਠਨ ਬੇਸ਼ੱਕ 2017 'ਚ ਜਾ ਕੇ ਹੋਇਆ ਪਰ ਇਸਦੇ ਕਈ ਮੈਂਬਰ ਆਪਣੇ ਆਪ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਰਿਸ਼ਟ-ਪੁਸ਼ਟ ਰੱਖਣ ਲਈ ਇਸ ਤੋਂ ਪਹਿਲਾਂ ਵੀ ਨਿੱਜੀ ਤੌਰ 'ਤੇ ਯਤਨਸ਼ੀਲ ਸਨ। 2014 ਦੀਆਂ ਗਰਮੀਆਂ ਵਿਚ ਇਸ ਕਲੱਬ ਦੇ ਮੁੱਢਲੇ ਮੈਂਬਰ ਸੰਧੂਰਾ ਸਿੰਘ ਬਰਾੜ ਅਤੇ ਹਰਭਜਨ ਸਿੰਘ ਗਿੱਲ ਜੋ ਬਾਅਦ ਵਿਚ ਕ੍ਰਮਵਾਰ ਇਸਦੇ ਚੇਅਰਪਰਸਨ ਤੇ ਪ੍ਰਧਾਨ ਬਣੇ, ਸਵੇਰੇ ਸੱਤ ਕੁ ਵਜੇ ਟੌਰਬਰੈਮ ਰੋਡ ਦੇ 'ਵਾਕ-ਵੇਅ' 'ਤੇ ਦੌੜਨ ਲਈ ਨਿਕਲ ਪੈਂਦੇ ਸਨ। ਇਨ੍ਹਾਂ ਦਿਨਾਂ 'ਚ ਹੀ ਟੌਰਬਰਮ ਰੋਡ ਦੇ 'ਵਾਕ-ਵੇਅ' 'ਤੇ ਦੌੜਦਿਆਂ ਉਹ ਅਕਸਰ ਦਸਤਾਰ ਸਜਾਈ ਅਤੇ ਸਲੀਕੇ ਨਾਲ ਕੱਟੀ ਹੋਈ ਫੱਬਵੀਂ ਦਾੜ੍ਹੀ ਵਾਲੇ ਇੱਕ ਅੱਧਖੜ ਸ਼ਖ਼ਸ ਨੂੰ ਸਾਹਮਣਿਓਂ ਆਉਂਦਾ ਵੇਖਦੇ। ਉਹ ਆਪਣੀ ਮਸਤ ਚਾਲੇ ਦੌੜਦਾ ਹੋਇਆ ਆਉਂਦਾ ਤੇ ਚੁੱਪ-ਚਾਪ ਉਨ੍ਹਾਂ ਦੇ ਕੋਲੋਂ ਲੰਘ ਜਾਂਦਾ।

ਉਸ ਨੂੰ ਆਉਂਦਿਆਂ ਵੇਖ ਕੇ ਇੱਕ ਦਿਨ ਸੰਧੂਰਾ ਸਿੰਘ ਬਰਾੜ ਨੇ ਰੁਕਣ ਦਾ ਇਸ਼ਾਰਾ ਕੀਤਾ, ਪਰ ਉਹ ਉਸਦੇ ਇਸ ਇਸ਼ਾਰੇ ਨੂੰ ਪੂਰੀ ਤਰ੍ਹਾਂ ਅਣਗੌਲ਼ਦਾ ਹੋਇਆ ਉਨ੍ਹਾਂ ਦੇ ਲਾਗੋਂ ਦੀ ਲੰਘ ਗਿਆ। ਉਹ ਦੋਵੇਂ ਉਸਦੇ ਇਸ ਅਜੀਬ ਵਿਹਾਰ 'ਤੇ ਬੜੇ ਹੈਰਾਨ ਹੋਏ। ਅਗਲੇ ਦੋ-ਤਿੰਨ ਦਿਨ ਉਨ੍ਹਾਂ ਦੇ ਨਾਲ ਫਿਰ ਇੰਜ ਹੀ ਹੋਇਆ। ਹਰ ਵਾਰ ਉਹ ਉਨ੍ਹਾਂ ਦੇ ਕੋਲੋਂ ਪਾਸਾ ਵੱਟ ਕੇ ਲੰਘ ਜਾਂਦਾ ਰਿਹਾ। ਪਰ ਸੰਧੂਰਾ ਬਰਾੜ ਵੀ ਅੱਗੋਂ ਪੂਰਾ ਸਿਰੜੀ ਤੇ ਜ਼ਿੱਦੀ ਸੀ। ਉਸਨੇ ਹਿੰਮਤ ਨਹੀਂ ਹਾਰੀ ਅਤੇ ਇਕ ਦਿਨ ਉਸਦਾ ਰਾਹ ਰੋਕ ਕੇ ਪੁੱਛਣ ਲੱਗਾ, ਸਰਦਾਰ ਜੀ, ਕੀ ਗੱਲ ਕੋਈ ਨਾਰਾਜ਼ਗੀ ਆ, ਸਾਡੇ ਨਾਲ? ਅਸੀਂ ਰੋਜ਼ ਤੁਹਾਨੂੰ ਇਕੱਲਿਆਂ ਹੀ ਦੌੜਦੇ ਵੇਖਦੇ ਹਾਂ ਤੇ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਡੇ ਨਾਲ਼ ਦੌੜਿਆ ਕਰੋ।" ਪਹਿਲਾਂ ਤਾਂ ਉਸਨੇ ਇਸ ਦੇ ਲਈ ਨਾਂਹ-ਨੁੱਕਰ ਕੀਤੀ ਪਰ ਫਿਰ ਬਰਾੜ ਨੇ ਅਖ਼ੀਰ ਉਸਨੂੰ ਆਪਣੇ ਨਾਲ ਦੌੜਨ ਲਈ ਮਨਾ ਹੀ ਲਿਆ।

ਦਰਅਸਲ, ਸਰੀਰ ਨੂੰ ਰਿਸ਼ਟ-ਪੁਸ਼ਟ ਤੇ ਸਹੀ ਰੱਖਣ ਲਈ ਹਰੇਕ ਨੂੰ ਥੋੜ੍ਹੀ ਬਹੁਤੀ ਕਸਰਤ ਦੀ ਜ਼ਰੂਰਤ ਤਾਂ ਪੈਂਦੀ ਹੀ ਹੈ ਅਤੇ ਖੇਡਾਂ ਇਸ ਕਸਰਤ ਦੇ ਲਈ ਮੁੱਖ ਸਾਧਨ ਹਨ। ਸੰਸਾਰ-ਭਰ 'ਚ ਪ੍ਰਚੱਲਤ ਖੇਡਾਂ ਵਿਚੋਂ ਦੌੜਨਾ ਸਭ ਤੋਂ ਸਰਲ ਅਤੇ ਆਸਾਨ ਹੈ। ਇਸਦੇ ਲਈ ਕਿਸੇ ਟੀਮ, ਖ਼ਾਸ 'ਡਰੈੱਸ ਕੋਡ' ਜਾਂ ਵਿਸ਼ੇਸ਼ ਕਿਸਮ ਦੇ ਖੇਡ-ਸਮਾਨ ਦੀ ਲੋੜ ਨਹੀਂ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦੇ ਨਿਯਮਾਂ ਦਾ ਕੋਈ ਵਿਸ਼ੇਸ਼ ਬੰਧੇਜ ਹੈ। ਹਾਕੀ, ਕ੍ਰਿਕਟ, ਫੁੱਟਬਾਲ, ਵਾਲੀਬਾਲ, ਬਾਸਕਟਬਾਲ, ਬੇਸਬਾਲ ਵਰਗੀਆਂ ਖੇਡਾਂ ਵਿਚ ਭਾਗ ਲੈਣ ਲਈ ਖਿਡਾਰੀ ਨੂੰ ਇਨ੍ਹਾਂ ਦੇ ਲਈ ਲੋੜੀਂਦੇ ਖੇਡ-ਸਮਾਨ ਦੀ ਲੋੜ ਪੈਂਦੀ ਹੈ ਅਤੇ ਇਨ੍ਹਾਂ ਗੇਮਾਂ ਲਈ ਬਣਾਏ ਗਏ ਨਿਯਮਾਂ ਦੀ ਪਾਲਣਾ ਵੀ ਸਖ਼ਤੀ ਨਾਲ ਕਰਨੀ ਪੈਂਦੀ ਹੈ। ਪਰ ਦੌੜਨ ਦੇ ਲਈ ਅਜਿਹੇ ਵਿਸ਼ੇਸ਼ 'ਸਾਜ਼ੋ-ਸਮਾਨ' ਜਾਂ ਖ਼ਾਸ ਨਿਯਮਾਂ ਦੀ ਬੰਦਿਸ਼ ਦੀ ਲੋੜ ਨਹੀਂ ਹੈ। ਕੋਈ ਵੀ ਮਨੁੱਖ ਇਕੱਲਾ ਵੀ ਦੌੜ ਸਕਦਾ ਹੈ ਅਤੇ ਉਹ ਆਪਣੇ ਸਾਥੀਆਂ ਦੇ ਨਾਲ ਮਿਲ਼ ਕੇ ਦੌੜਨ ਦਾ ਵੀ ਅਨੰਦ ਲੈ ਸਕਦਾ ਹੈ।

... ਤੇ ਟੌਰਬਰਮ ਰੋਡ ਦੇ ਵਾੱਕ-ਵੇਅ 'ਤੇ ਦੌੜਨ ਵਾਲਾ ਉਹ 'ਅੱਧਖੜ ਸ਼ਖ਼ਸ' ਵੀ ਤਾਂ ਆਪਣੀ ਮੌਜ ਵਿਚ ਰੋਜ਼ ਇਕੱਲਾ ਹੀ ਦੌੜਦਾ ਸੀ। ਇਹ ਕੋਈ ਹੋਰ ਨਹੀਂ ਸੀ, ਇਹ ਧਿਆਨ ਸਿੰਘ ਸੋਹਲ ਸੀ, ਜੋ ਬੇਹੱਦ ਸੰਗਾਊ ਸੁਭਾਅ ਦਾ ਮਾਲਕ ਸੀ ਤੇ ਉਹ ਹੁਣ ਵੀ ਉਵੇਂ ਹੀ ਹੈ। ਦੌੜਨ ਦਾ ਅਭਿਆਸ ਤਾਂ ਉਸਦਾ ਪਹਿਲਾਂ ਹੀ ਬਥੇਰਾ ਸੀ। ਇਨ੍ਹਾਂ ਦੋਹਾਂ ਸੱਜਣਾਂ ਦੀ ਪ੍ਰੇਰਨਾ ਨਾਲ ਉਸ ਨੂੰ ਦੌੜਨ ਲਈ ਹੋਰ ਉਤਸ਼ਾਹ ਤੇ ਹੌਂਸਲਾ ਮਿਲਿਆ ਅਤੇ ਉਨ੍ਹਾਂ ਨਾਲ਼ ਮਿਲ਼ ਕੇ ਉਸਨੇ ਪਹਿਲੀ ਵਾਰ ਅਕਤੂਬਰ 2014 ਵਿਚ 'ਟੋਰਾਂਟੋ ਸਕੋਸ਼ੀਆ ਬੈਂਕ ਵਾਟਰਫ਼ਰੰਟ ਮੈਰਾਥਨ' ਈਵੈਂਟ ਵਿਚ 21 ਕਿਲੋਮੀਟਰ 'ਹਾਫ਼-ਮੈਰਾਥਨ' ਲਗਾਈ। ਫਿਰ 22 ਮਈ 2015 ਨੂੰ ਉਸਨੇ 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਵੱਲੋਂ ਕਰਵਾਈ ਗਈ 'ਇੰਸਪੀਰੇਸ਼ਨਲ ਸਟੈੱਪਸ-2015' ਵਿਚ ਭਾਗ ਲਿਆ ਅਤੇ ਅਕਤੂਬਰ 2015 ਵਿਚ 'ਟੋਰਾਂਟੋ ਸਕੋਸ਼ੀਆਬੈਂਕ ਵਾਟਰਫ਼ਰੰਟ ਫੁੱਲ ਮੈਰਾਥਨ' ਲਗਾਈ। ਇਸ ਤਰ੍ਹਾਂ ਉਸਦਾ ਲੰਮੀਆਂ ਦੌੜਾਂ ਵਿਚ ਭਾਗ ਲੈਣ ਦਾ ਸਿਲਸਿਲਾ ਆਰੰਭ ਹੋ ਗਿਆ ਅਤੇ ਫਿਰ ਉਸਨੇ ਪਿੱਛੇ ਭੌਂਅ ਕੇ ਨਹੀਂ ਵੇਖਿਆ। ਉਸ ਤੋਂ ਬਾਅਦ ਉਹ ਹਰ ਸਾਲ ਕਰਵਾਏ ਜਾਂਦੇ ਈਵੈਂਟਾਂ 'ਇੰਸਪੀਰੇਸ਼ਨਲ ਸਟੈੱਪਸ', 'ਬਰੈਂਪਟਨ ਹਾਫ਼-ਮੈਰਾਥਨ, 'ਜੌਰਜਿਨਾ ਮੈਰਾਥਨ', 'ਚਿੱਲੀ ਹਾਫ਼-ਮੈਰਾਥਨ', 'ਪੀਟਰਬੋਰੋ ਬਟਰਫ਼ਲਾਈ ਰਨ', 'ਬਿੰਬੋ ਗਲੋਬਲ ਰਨ', ਪੀਲ ਪੋਲੀਸ ਦੀ 'ਰੇਸ ਅਗੇਨਸਟ ਰੇਸਿਜ਼ਮ' ਆਦਿ ਵਿਚ ਲਗਾਤਾਰ ਭਾਗ ਲੈ ਰਿਹਾ ਹੈ।

ਇਸ ਦੌਰਾਨ 2017 ਵਿਚ ਟੀ.ਪੀ.ਏ.ਆਰ. ਕਲੱਬ ਬਰੈਂਪਟਨ ਬਾਕਾਇਦਾ ਹੋਂਦ ਵਿਚ ਆ ਗਈ ਅਤੇ ਇਸਦੇ ਚੇਅਰਪਰਸਨ ਸੰਧੂਰਾ ਬਰਾੜ ਨੇ ਧਿਆਨ ਸੋਹਲ ਨੂੰ ਕਲੱਬ ਦੇ ਸਰਗਰਮ ਮੈਂਬਰ ਕਰਮਜੀਤ ਖੰਗੂੜਾ ਕੋਚ, ਜੋ ਖ਼ੁਦ ਸਫ਼ਲ ਮੈਰਾਥਨ ਰੱਨਰ ਵਜੋਂ ਉਸ ਸਮੇਂ 100 ਤੋਂ ਵਧੇਰੇ ਮੈਰਾਥਨਾਂ ਵਿਚ ਭਾਗ ਲੈ ਚੁੱਕਾ ਸੀ, ਦੇ ਨਾਲ ਮਿਲਾਇਆ। ਉਸ ਨੇ ਦੌੜਾਂ ਦੇ ਇਸ 'ਹੀਰੇ' ਨੂੰ ਖ਼ੂਬ ਤਰਾਸ਼ਿਆ ਅਤੇ ਕਲੱਬ ਦੇ ਬੇਸ਼-ਕੀਮਤੀ 'ਨਗੀਨੇ' ਦੇ ਰੂਪ ਵਿਚ ਪੇਸ਼ ਕੀਤਾ। ਉਸਨੂੰ ਲੰਮੀ ਦੌੜ ਦੌੜਨ ਦੀਆਂ ਅਜੋਕੀਆਂ ਵਿਗਿਆਨਕ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਅਤੇ ਖ਼ੁਦ ਉਸਦੇ ਨਾਲ਼-ਨਾਲ਼ ਦੌੜ ਕੇ ਇਸਦੇ 'ਵਿਹਾਰਕ' (ਪ੍ਰੈਕਟੀਕਲ) ਪੱਖਾਂ ਬਾਰੇ ਚਾਨਣਾ ਪਾਇਆ। ਇਸ ਦੌਰਾਨ ਧਿਆਨ ਸਿੰਘ ਸੋਹਲ ਨੇ ਦਾਹੜੀ ਰੱਖ ਲਈ ਅਤੇ ਉਹ ਖ਼ੂਬਸੂਰਤ ਦਸਤਾਰ ਸਜਾ ਕੇ ਪ੍ਰਕਾਸ਼ ਹੋਈ ਲੰਮੀ ਦਾਹੜੀ ਨਾਲ ਪੂਰਨ ਸਿੱਖੀ ਸਰੂਪ ਵਿਚ ਦੌੜਨ ਲੱਗਾ।

ਇਸ ਤੋਂ ਪਹਿਲਾਂ ਧਿਆਨ ਸਿੰਘ ਸੋਹਲ ਆਪਣੀ ਹਿੱਕ ਦੇ ਜ਼ੋਰ ਨਾਲ ਹੀ ਦੌੜਦਾ ਸੀ ਪਰ ਕਰਮਜੀਤ ਕੋਚ ਦੀ ਯੋਗ ਸਿਖਲਾਈ ਅਤੇ ਅਗਵਾਈ ਵਿਚ 2017 ਵਿਚ ਉਸਨੇ ਹੈਮਿਲਟਨ ਦੀ 30 ਕਿਲੋਮੀਟਰ 'ਅਰਾਊਂਡ ਦ ਬੇਅ ਦੌੜ' ਵਿਚ ਹਿੱਸਾ ਲੈ ਕੇ ਇਹ 2 ਘੰਟੇ 47 ਮਿੰਟ 'ਚ ਸਫ਼ਲਤਾਪੂਰਵਕ ਸੰਪੰਨ ਕੀਤੀ ਅਤੇ ਇਸੇ ਸਾਲ ਟੋਰਾਂਟੋ ਵਿਚ ਹੋਈ 'ਗੁੱਡਲਾਈਫ਼ ਫ਼ਿਟਨੈੱਸ ਟੋਰਾਂਟੋ ਫੁੱਲ ਮੈਰਾਥਨ' 3 ਘੰਟੇ 51 ਮਿੰਟ 'ਚ ਪੂਰੀ ਕਰਕੇ ਅੰਤਰਰਾਸ਼ਟਰੀ ਬੋਸਟਨ ਮੈਰਾਥਨ ਦੌੜਨ ਲਈ ਕੁਆਲੀਫ਼ਾਈ ਕੀਤਾ। ਪਰ ਉਸ ਸਾਲ ਬੋਸਟਨ ਦੀ ਇਸ ਮੈਰਾਥਨ ਵਿਚ ਉਸਦੇ ਨਾਲੋਂ ਘੱਟ ਸਮਾਂ ਲੈਣ ਵਾਲੇ ਮੈਰਾਥਨ ਦੌੜਾਕਾਂ ਦੀ ਗਿਣਤੀ ਪੂਰੀ ਹੋ ਜਾਣ ਕਰਕੇ ਉਹ ਇਸ ਅੰਤਰਰਾਸ਼ਟਰੀ ਮੈਰਾਥਨ ਵਿਚ ਭਾਗ ਨਾ ਲੈ ਸਕਿਆ ਅਤੇ ਉਸ ਤੋਂ ਅਗਲੇਰੇ ਸਾਲ 2019 ਦੀ 'ਟੋਰਾਂਟੋ ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਉਸ ਤੋਂ ਵੀ ਘੱਟ ਸਮਾਂ ਲੈਂਦਿਆਂ ਹੋਇਆਂ ਦੋਬਾਰਾ ਫਿਰ ਕੁਆਲੀਫ਼ਾਈ ਕੀਤਾ। 2020 ਵਿਚ ਸਾਰੀ ਦੁਨੀਆਂ ਵਿਚ 'ਕਰੋਨਾ ਮਹਾਂਮਾਰੀ' ਫ਼ੈਲ ਜਾਣ ਕਰਕੇ ਖੇਡਾਂ ਦਾ ਕੋਈ ਵੀ ਈਵੈਂਟ ਆਯੋਜਿਤ ਨਾ ਹੋ ਸਕਿਆ ਅਤੇ ਧਿਆਨ ਸਿੰਘ ਸੋਹਲ ਨੇ ਉਸ ਤੋਂ ਅਗਲੇ ਸਾਲ 11 ਅਕਤੂਬਰ 2021 ਨੂੰ '125ਵੀਂ ਅੰਤਰਰਾਸ਼ਟਰੀ ਬੋਸਟਨ ਮੈਰਾਥਨ' ਵਿਚ ਸਫ਼ਲਤਾਪੂਰਵਕ ਹਿੱਸਾ ਲਿਆ। ਇਸ ਮੈਰਾਥਨ ਦੌੜ ਨੂੰ ਪੂਰੀ ਕਰਨ ਲਈ ਭਾਵੇਂ ਉਸਨੂੰ ਬੇਸ਼ੱਕ ਚਾਰ ਘੰਟੇ ਤੋਂ ਵੀ ਵਧੀਕ ਸਮਾਂ ਲੱਗ ਗਿਆ ਪਰ ਇਹ ਉਸਦੇ ਲਈ ਬੜੇ ਮਾਣ ਵਾਲੀ ਗੱਲ ਸੀ, ਕਿਉਂਕਿ ਇਨ੍ਹਾਂ ਅੰਤਰਰਾਸ਼ਟਰੀ 'ਵੱਕਾਰੀ ਦੌੜਾਂ' ਨੂੰ ਸਫ਼ਲਤਾਪੂਰਵਕ ਪੂਰੀਆਂ ਕਰਨਾ ਹੀ ਬੜੀ ਵੱਡੀ ਪ੍ਰਾਪਤੀ ਮੰਨੀ ਜਾਂਦੀ ਹੈ। ਦਸਤਾਰ ਅਤੇ ਖੁੱਲ੍ਹੀ ਦਾਹੜੀ ਨਾਲ ਇਸ ਵੱਕਾਰੀ ਮੈਰਾਥਨ ਵਿਚ ਦੌੜਦਿਆਂ ਉਹ ਬਜ਼ੁਰਗ ਮੈਰਾਥਨ ਦੌੜਾਕ ਬਾਬਾ ਫ਼ੌਜਾ ਸਿੰਘ ਦਾ 'ਦੂਸਰਾ ਰੂਪ' ਹੀ ਲੱਗ ਰਿਹਾ ਸੀ।

ਧਿਆਨ ਸਿੰਘ ਸੋਹਲ ਦੇ ਪਿਛੋਕੜ ਵੱਲ ਨਜ਼ਰ ਮਾਰੀਏ, ਤਾਂ ਇਹ ਦੁਆਬੇ ਦੇ ਜ਼ਿਲ੍ਹੇ ਨਵਾਂ ਸ਼ਹਿਰ ਦਾ ਹੈ, ਜਿਸ ਦੇ ਪਿੰਡ ਸਹੂੰਗੜਾ ਵਿਚ ਉਸਦਾ ਜਨਮ 19 ਮਈ 1956 ਨੂੰ ਪਿਤਾ ਸ. ਤਰਸੇਮ ਸਿੰਘ ਤੇ ਮਾਤਾ ਅਮਰ ਕੌਰ ਦੇ ਘਰ ਹੋਇਆ। ਪੰਜਵੀਂ ਤੱਕ ਉਹ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਹੀ ਪੜ੍ਹਿਆ ਅਤੇ ਫਿਰ ਅੱਗੋਂ ਸਰਕਾਰੀ ਹਾਈ ਸਕੂਲ ਵਿਚ ਛੇਵੀਂ 'ਚ ਦਾਖ਼ਲਾ ਲੈ ਲਿਆ। ਇੱਥੇ ਉਹ ਸੱਤਵੀਂ ਜਮਾਤ ਤੱਕ ਹੀ ਪੜ੍ਹ ਸਕਿਆ ਅਤੇ ਫਿਰ ਆਪਣੇ ਪਿਤਾ ਜੀ ਨਾਲ ਖੇਤੀਬਾੜੀ ਦਾ 'ਪਿਤਾ-ਪੁਰਖ਼ੀ' ਕੰਮ ਸੰਭਾਲਣ ਵਿਚ ਮਦਦ ਕਰਨ ਲੱਗ ਪਿਆ। ਚੜ੍ਹਦੀ ਜਵਾਨੀ 'ਚ 1978 ਵਿਚ ਉਸਦਾ ਵਿਆਹ ਦੁਆਬੇ ਦੇ ਪਿੰਡ 'ਰੋਡ ਮਜਾਰਾ' ਦੀ ਬੀਬੀ ਗੁਰਦੇਵ ਕੌਰ ਨਾਲ ਹੋ ਗਿਆ। ਅੱਗੋਂ ਉਨ੍ਹਾਂ ਦੇ ਘਰ ਦੋ ਬੇਟਿਆਂ ਮਨਜਿੰਦਰ ਸਿੰਘ ਤੇ ਕੁਲਦੀਪ ਸਿੰਘ ਨੇ ਜਨਮ ਲਿਆ।

ਕਈ ਹੋਰ ਪੰਜਾਬੀਆਂ ਵਾਂਗ ਚੰਗੇਰੇ ਭਵਿੱਖ ਦੀ ਆਸ ਵਿਚ ਉਹ ਪਿਛਲੀ ਸਦੀ ਦੇ ਅੱਠਵੇਂ ਦਹਾਕੇ ਵਿਚ ਚੰਗੇ ਕੰਮ-ਕਾਜ ਦੀ ਤਲਾਸ਼ ਵਿਚ ਅਰਬ ਦੇਸ਼ਾਂ ਵੱਲ ਚੱਲ ਪਿਆ। ਪਹਿਲਾਂ ਲਿਬਨਾਨ ਜਾ ਕੇ ਇੱਕ ਭੱਠੇ ਉੱਪਰ ਇੱਟਾਂ ਪੱਥਣ ਤੇ ਪਕਾਉਣ ਦਾ ਕੰਮ ਕੀਤਾ ਅਤੇ ਫਿਰ ਉਸ ਤੋਂ ਬਾਅਦ ਲਿਬੀਆ, ਸੀਰੀਆ, ਤੁਰਕੀ, ਗਰੀਸ, ਇਟਲੀ, ਬ੍ਰਾਜ਼ੀਲ ਅਤੇ ਇੰਗਲੈਂਡ ਜਾ ਕੇ ਖੇਤੀਬਾੜੀ ਤੇ ਫ਼ੈਕਟਰੀਆਂ ਵਿਚ ਕਈ ਹੌਲ਼ੇ-ਭਾਰੇ ਕੰਮ ਕਰਕੇ ਕਿਸਮਤ ਅਜ਼ਮਾਈ। ਪਰ ਇਹ ਸਿਲਸਿਲਾ ਉਸਨੂੰ ਬਹੁਤਾ ਰਾਸ ਨਾ ਆਇਆ ਅਤੇ ਅਖ਼ੀਰ 1997 ਵਿਚ ਉਸਨੇ ਕੈਨੇਡਾ ਵੱਲ ਨੂੰ ਰੁਖ਼ ਕਰ ਲਿਆ। ਇੱਥੇ ਉਹ ਪਹਿਲਾਂ ਕਿਊਬਿਕ ਸੂਬੇ ਦੇ ਸ਼ਹਿਰ ਮਾਂਟਰੀਆਲ ਵਿਚ 'ਰਫ਼ਿਊਜੀ' ਵਜੋਂ ਪਹੁੰਚਿਆ ਅਤੇ ਤਿੰਨ ਕੁ ਸਾਲ ਉੱਥੇ ਏ.ਸੀ. ਬਨਾਉਣ ਵਾਲੀ ਇੱਕ ਫ਼ੈਕਟਰੀ ਵਿਚ ਕੰਮ ਕੀਤਾ। ਉੱਥੇ ਫ਼ਰੈਂਚ ਭਾਸ਼ਾ ਸਮਝਣ ਤੇ ਬੋਲਣ ਦੀ ਦਿੱਕਤ ਹੋਣ ਕਰਕੇ 2000 ਵਿਚ ਉਹ 'ਪੰਜਾਬੀਆਂ ਦੇ ਗੜ੍ਹ' ਬਰੈਂਪਟਨ ਵਿਚ ਆ ਗਿਆ।

ਇੱਥੇ ਆਪਣੇ ਪੰਜਾਬੀ ਭਾਈਚਾਰੇ ਵਿਚ ਆ ਕੇ ਉਸਦਾ ਮਨ ਵਧੀਆ ਲੱਗ ਗਿਆ। ਨੌਕਰੀ ਵੀ ਇੱਕ ਫ਼ੈਕਟਰੀ ਵਿਚ ਚੰਗੀ ਮਿਲ਼ ਗਈ। ਜਲਦੀ ਹੀ 'ਫੋਰਕ-ਲਿਫ਼ਟ' ਚਲਾਉਣ ਦਾ ਲਾਇਸੈਂਸ ਲੈ ਲਿਆ ਅਤੇ ਆਮ ਲੇਬਰ ਤੋਂ 'ਫੋਰਕ-ਲਿਫ਼ਟ ਡਰਾਈਵਰ' ਬਣ ਗਿਆ, ਜਿਸ ਨਾਲ ਉਸਦੀ ਤਨਖ਼ਾਹ ਵਿਚ ਵੀ ਕੁਝ ਵਾਧਾ ਹੋ ਗਿਆ। ਇੱਥੇ ਉਸਨੇ ਪੰਜਾਬ ਤੋਂ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਵੀ ਬੁਲਾ ਲਿਆ। ਫ਼ੈਕਟਰੀ ਦੇ ਮਾਲਕਾਂ ਨੂੰ ਉਸਦਾ ਪੂਰੀ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਕੀਤਾ ਗਿਆ ਕੰਮ ਬਹੁਤ ਪਸੰਦ ਆਇਆ ਅਤੇ ਉਸਨੂੰ ਉਤਸ਼ਾਹਿਤ ਕਰਨ ਲਈ ਉਹ ਉਸਦੀ ਤਨਖ਼ਾਹ ਵਿਚ ਸਮੇਂ-ਸਮੇਂ ਵਾਧਾ ਕਰਦੇ ਗਏ। ਹੈਰਾਨੀ ਵਾਲੀ ਗੱਲ ਹੈ ਕਿ ਢਾਈ-ਦਹਾਕਿਆਂ ਤੋਂ ਬਾਅਦ ਵੀ ਧਿਆਨ ਸਿੰਘ ਸੋਹਲ 70 ਸਾਲ ਦੀ ਉਮਰ ਵਿਚ ਵੀ ਉਹ ਓਸੇ ਹੀ ਫ਼ੈਕਟਰੀ ਵਿਚ ਕੰਮ ਕਰ ਰਿਹਾ ਹੈ ਅਤੇ ਨਾਲ ਹੀ ਦੌੜਨ ਦੀਆਂ ਆਪਣੀਆਂ ਸਰਗਰਮੀਆਂ ਵੀ ਬਰਾਬਰ ਜਾਰੀ ਰੱਖ ਰਿਹਾ ਹੈ। ਅਲਬੱਤਾ! ਹੁਣ ਕਦੇ-ਕਦੇ ਉਸਦੇ ਮਨ 'ਚ ਕੰਮ ਤੋਂ 'ਸੇਵਾ-ਮੁਕਤੀ' ਲੈਣ ਦਾ ਖ਼ਿਆਲ ਆਉਂਦਾ ਹੈ, ਪਰ ਫ਼ੈਕਟਰੀ ਦੇ ਮਾਲਕ ਅਜੇ ਵੀ ਇਸ ਦੇ ਲਈ ਹਾਮੀ ਨਹੀਂ ਭਰ ਰਹੇ।

ਇਮਾਨਦਾਰੀ ਤੇ ਦਿਆਨਤਦਾਰੀ ਬਾਰੇ ਗੱਲ ਕਰਦਿਆਂ ਉਸ ਨੇ ਦੱਸਿਆ ਕਿ ਅਰਬ ਦੇਸ਼ਾਂ ਵੱਲੋਂ ਕੈਨੇਡਾ ਵੱਲ ਆਉਣ ਦਾ ਸਬੱਬ ਉਸਦਾ ਅਚਾਨਕ ਹੀ ਬਣਿਆਂ। ਉਸ ਸਮੇਂ ਉਸਦੇ ਕਈ ਫ਼ੈਕਟਰੀ ਮਾਲਕਾਂ ਵੱਲੋਂ ਅਜੇ ਪੈਸੇ ਆਉਣੇ ਰਹਿੰਦੇ ਸਨ ਅਤੇ ਉਨ੍ਹਾਂ ਨੇ ਉਹ ਪੈਸੇ ਬਾਅਦ ਵਿਚ ਉਸਦੇ ਜਾਣਕਾਰ ਦੋਸਤਾਂ-ਮਿੱਤਰਾਂ ਦੇ ਹੱਥ ਮਾਂਟਰੀਆਲ ਭਿਜਵਾਏ। ਧਿਆਨ ਸਿੰਘ ਸੋਹਲ ਦਾ ਕਹਿਣਾ ਹੈ ਕਿ ਸਖ਼ਤ ਮਿਹਨਤ, ਇਮਾਨਦਾਰੀ ਤੇ ਦਿਆਨਤਦਾਰੀ ਬੜੇ ਚੰਗੇ ਗੁਣ ਹਨ ਪਰ ਇਹ ਇਮਾਨਦਾਰੀ ਦੋਵੇਂ ਪਾਸਿਆਂ ਤੋਂ ਹੋਣੀ ਚਾਹੀਦੀ ਹੈ।

ਖਾਣ-ਪੀਣ ਦੀਆਂ ਆਦਤਾਂ ਬਾਰੇ ਪੁੱਛਣ 'ਤੇ ਉਸਨੇ ਦੱਸਿਆ ਕਿ ਕੈਨੇਡਾ ਆਉਣ ਤੋਂ ਪਹਿਲਾਂ ਤਾਂ ਉਹ ਸਭ ਕੁਝ ਖਾ-ਪੀ ਲੈਂਦਾ ਸੀ ਪਰ ਇੱਥੇ ਆ ਕੇ ਉਸ ਨੇ ਮਾਸਾਹਾਰੀ ਖਾਣੇ ਅਤੇ ਸ਼ਰਾਬ ਪੀਣ ਤੋਂ ਤੌਬਾ ਕਰ ਲਈ। ਹੁਣ ਇਸ ਸਮੇਂ ਉਸਦਾ ਭੋਜਨ ਬਿਲਕੁਲ 'ਸ਼ਾਕਾਹਾਰੀ' ਹੈ। ਉਸਨੇ ਦੱਸਿਆ ਕਿ ਉਹ ਤੜਕੇ ਚਾਰ ਵਜੇ ਉੱਠਦਾ ਹੈ ਅਤੇ ਨਿਤਾ-ਪ੍ਰਤੀ ਕ੍ਰਿਆਵਾਂ ਤੇ ਇਸ਼ਨਾਨ-ਪਾਣੀ ਤੋਂ ਬਾਦ ਪਾਠ-ਪੂਜਾ ਵਿਚ ਕੁਝ ਸਮਾਂ 'ਧਿਆਨ' ਲਗਾਉਣ ਉਪਰੰਤ ਸੈਰ ਜਾਂ ਥੋੜ੍ਹਾ ਜਿਹਾ ਦੌੜਨ ਲਈ ਚੱਲ ਪੈਂਦਾ ਹੈ। ਉਸ ਤੋਂ ਬਾਅਦ ਫਿਰ ਉਸਨੇ ਹਫ਼ਤੇ ਵਿਚ ਪੰਜ ਦਿਨ ਕੰਮ 'ਤੇ ਵੀ ਜਾਣਾ ਹੁੰਦਾ ਹੈ। ਲੰਮੀ ਦੌੜ ਦਾ ਅਭਿਆਸ ਉਹ 'ਵੀਕ-ਐਂਡਜ਼' 'ਤੇ ਹੀ ਕਰਦਾ ਹੈ।

ਧਿਆਨ ਸਿੰਘ ਸੋਹਲ ਨੇ ਕਲੱਬ ਦੇ ਆਪਣੇ ਸਾਥੀਆਂ ਦੇ ਨਾਲ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ 2017 ਵਿਚ ਚੜ੍ਹੀਆਂ। ਪੌੜੀਆਂ ਚੜ੍ਹਨ ਦੇ ਇਸ ਈਵੈਂਟ ਅਤੇ ਵੱਖ-ਵੱਖ ਦੌੜਾਂ ਵਿਚ ਹਿੱਸਾ ਲੈਣ ਲਈ ਉਸਨੂੰ ਆਪਣੀ ਪਤਨੀ ਅਤੇ ਪੁੱਤਰਾਂ ਮਨਜਿੰਦਰ ਸਿੰਘ ਤੇ ਕੁਲਦੀਪ ਸਿੰਘ ਕੋਲੋਂ ਹਮੇਸ਼ਾ ਭਰਪੂਰ ਸਹਿਯੋਗ ਮਿਲਿਆ ਹੈ ਅਤੇ ਇਹ ਹੁਣ ਵੀ ਨਿਰੰਤਰ ਮਿਲ਼ ਰਿਹਾ ਹੈ। ਜੀਵਨ ਵਿਚ ਆਪਣੀਆਂ ਸਮੁੱਚੀਆਂ ਪ੍ਰਾਪਤੀਆਂ ਦਾ ਸਿਹਰਾ ਉਹ ਟੀ.ਪੀ. ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਕੋਚ ਕਰਮਜੀਤ ਖੰਗੂੜਾ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਦੇ ਸਿਰ ਬੰਨ੍ਹਦਾ ਹੈ।

ਇਹ ਪੁੱਛਣ 'ਤੇ ਕਿ ਉਹ ਆਪਣੇ ਇਸ ਅਜੋਕੇ ਜੀਵਨ ਅਤੇ ਅਰਬ ਦੇਸ਼ਾਂ, ਇਟਲੀ ਤੇ ਇੰਗਲੈਂਡ ਆਦਿ ਦੇਸ਼ਾਂ ਵਿਚ ਬਿਤਾਏ ਹੋਏ ਸਮੇਂ ਨੂੰ ਕਿਵੇਂ ਵੇਖਦਾ ਹੈ, ਬਾਰੇ ਉਸਨੇ ਦੱਸਿਆ ਕਿ ਇਹ ਅਜੋਕਾ ਸਮਾਂ ਉਸਦੇ ਲਈ 'ਸਵਰਗ' ਦੀ ਨਿਆਈਂ ਹੈ ਅਤੇ ਉਹ ਇਸਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਖ਼ੂਬ ਮਾਣ ਰਿਹਾ ਹੈ। ਉਨ੍ਹਾਂ ਦੇਸ਼ਾਂ ਵਿਚ ਤਾਂ 'ਜੀਵਨ-ਗੱਡੀ' ਨੂੰ 'ਧੱਕਾ ਦੇਣ' ਵਾਲੀ ਗੱਲ ਹੀ ਸੀ। ਇੱਕ ਹੋਰ ਸੁਆਲ ਕਿ ਅਜੋਕੀ ਪੀੜ੍ਹੀ ਦੇ ਨੌਜੁਆਨਾਂ ਅਤੇ ਨਵੇਂ ਆਏ ਇਮੀਗਰੈਂਟਾਂ ਲਈ ਉਸਦਾ ਕੀ ਸੁਨੇਹਾ ਹੈ, ਬਾਰੇ ਉਸਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਨੇਕ-ਨੀਅਤੀ ਅਤੇ ਇਮਾਨਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਆਪਣੇ ਆਚਰਣ ਨੂੰ ਉੱਚਾ, ਸੁੱਚਾ ਤੇ ਸਹੀ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਉਮਰ ਦੇ 70ਵੇਂ ਵਰ੍ਹੇ ਵਿਚ ਵਿਚਰਦਿਆਂ ਧਿਆਨ ਸਿੰਘ ਸੋਹਲ ਰਿਸ਼ਟ-ਪੁਸ਼ਟ, ਊਰਜਾ, ਉਤਸ਼ਾਹ ਅਤੇ ਦਮ-ਖ਼ਮ ਨਾਲ ਭਰਪੂਰ ਹੈ। ਦੌੜਨ ਲੱਗਿਆਂ ਉਹ ਰਵਾਂ-ਰਵੀਂ ਇਕਸਾਰ ਦੌੜਦਾ ਹੈ ਅਤੇ ਆਪਣੀ ਮੰਜ਼ਲ ਵੱਲ ਵੱਧਦਾ ਚੱਲਿਆ ਜਾਂਦਾ ਹੈ। ਪ੍ਰਮਾਤਮਾ ਉਸਨੂੰ ਜੀਵਨ ਵਿਚ ਤੰਦਰੁਸਤੀ ਅਤੇ ਹੋਰ ਕਾਮਯਾਬੀਆਂ ਬਖ਼ਸ਼ੇ!

## ਰਾਖਸ਼

ਛੋਟੇ ਹੁੰਦਿਆਂ
ਬਾਬੇ ਦਾਦੀਆਂ
ਨਾਨੇ ਨਾਨੀਆਂ
ਤੇ
ਹੋਰ ਵਡੇਰਿਆਂ ਤੋਂ ਸੁਣਦੇ
ਆਦਮਖ਼ੋਰ ਤੇ ਬੰਦੇ ਖਾਣੀਆਂ
ਰਾਖਸ਼, ਰਾਖਸ਼ਣੀਆਂ ਦੀਆਂ ਕਹਾਣੀਆਂ
ਅਚੇਤ ਮਨਾਂ ’ਤੇ ਛਪ ਜਾਣੀਆਂ
ਪਰ
ਉਮਰਾਂ ਦੇ ਪੈਂਡੇ ਗਾਹੁੰਦਿਆਂ
ਸਿਰ ਜ਼ੁੰਮੇਵਾਰੀ ਭੁਗਤਾਉਂਦਿਆਂ
ਸੋਚਾਂ ਵਿਚ ਕੱਲ-ਮ-ਕੱਲੇ
ਦੱਬ ਗਈਆਂ ਬੋਝ ਥੱਲੇ
ਅੱਜਕੱਲ੍ਹ
ਅਮਰੀਕਾ ਤੋਂ ਏਪਸਟਾਈਨ ਫਾਈਲਾਂ
ਅਖਬਾਰਾਂ ਨੇ ਮੁੱਖ ਸੁਰਖ਼ੀਆਂ ਬਣਾਈਆਂ
ਦਰਦਨਾਕ ਤੇ ਸ਼ਰਮਨਾਕ
ਕਿੱਸਿਆਂ ’ਤੇ ਝਾਤ ਪੁਆਉਂਦੀਆਂ
ਦੁਨੀਆਂ ਤੋਂ ਬੇਖ਼ਬਰ ਬੇਰਹਿਮ ਹੋ ਕੇ
ਇਨਸਾਨੀਅਤ ਤੋਂ ਗਿਰੇ ਹੋਏ ਜਲਾਦ
ਰਾਜਸੀ ਤਾਕਤ ਵਿਚ ਅੰਨ੍ਹੇ
ਪੈਸੇ ਦੇ ਨਸ਼ੇ ਵਿਚ ਮਦਹੋਸ਼
ਕਹਿਰ ਮਨਾਉਂਦੇ
ਹਮਾਮ ਵਿਚ ਸਭ ਨੰਗੇ
ਦੁਨੀਆਂ ਭਰ ਦੇ ਸ਼ਹਿਜ਼ਾਦੇ
ਵੱਡੇ ਰਾਜਨੀਤਿਕ ਤੇ ਅਮੀਰਜ਼ਾਦੇ
ਕਲੀਆਂ ਨੂੰ ਮਸਲਦੇ
ਉਨ੍ਹਾਂ ਦੀ ਨਸ ਨਸ ਨੋਚਦੇ
ਜਿਸਮ ਦੀ ਭੁੱਖ ਤੋਂ ਕਿਤੇ ਅੱਗੇ
ਹਵਸ ਦੇ ਹੜਬੜਾਏ
ਮਾਸੂਮਾਂ ਨੂੰ ਹਮਲ ਠਹਿਰਾਉਂਦੇ
ਉਨ੍ਹਾਂ ਦੇ ਲਹੂ ਦੇ ਪਿਆਸੇ
ਮੌਤ ਦੇ ਕਗਾਰ ’ਤੇ ਲਿਆਉਂਦੇ
ਨਿਚੋੜਕੇ ਸੀਰਮੇ ਪੀਂਦੇ
ਮੀਟ ਭੁੰਨ ਕੇ ਖਾ ਜਾਂਦੇ
ਜੱਲਾਦ ਕਿਸਮ ਦੇ ਹੈਵਾਨ
ਫਿਰ ਵੀ ਰਾਖਸ਼ ਨਹੀਂ ਕਹਾਉਂਦੇ
ਬੇਸ਼ਰਮੀ ਦੀ ਅੱਤ ਕਰਦੇ
ਡੁੱਬਕੇ ਖੂਹ ਵਿਚ ਨਹੀਂ ਮਰਦੇ
ਸਗੋਂ
ਹਿੱਕਾਂ ਚੌੜੀਆਂ ਕਰਕੇ
ਦੁਨੀਆਂ ਦੇ ਚੌਧਰੀ
ਬਿਚਾਰੀ ਜਨਤਾ ਨੂੰ ਗੁਲਾਮ ਬਣਾ ਕੇ
ਰਾਜ ਕਰੀ ਜਾ ਰਹੇ ਨੇ।



-ਸੇਵਾ ਸਿੰਘ “ਨੂਰਪੁਰੀ”

ਪੰਜਾਬ ਮੇਲ USA

## ਕਿਤਾਬ ਦਾ ਤੋਹਫ਼ਾ

ਮੇਰੇ ਪਾਪਾ ਲੈ ਕੇ ਆਏ
ਸੋਹਣੀ ਇੱਕ ਕਿਤਾਬ।
ਮੇਰੇ ਲਈ ਇਹ ਕੀਮਤੀ ਤੋਹਫ਼ਾ
ਗੁਣ ਇਹਦੇ ਨੇ ਲਾਜਵਾਬ।
ਰੰਗਦਾਰ ਤਸਵੀਰਾਂ ਵਾਲੀ
ਮੇਰੀਆਂ ਅੱਖਾਂ ਨੂੰ ਇਹ ਭਾਵੇ।
ਕਾਗਜ਼ ਇਸ ਦਾ ਬੜਾ ਹੀ ਸੋਹਣਾ
ਮੈਲਾ ਨਾ ਹੋ ਜਾਵੇ।
ਚੰਗੀ ਸਿੱਖਿਆ ਦੇਵੇ ਮੈਨੂੰ
ਚੰਗੇ ਰਸਤੇ ਪਾਵੇ।
ਪੜ੍ਹਨ ਵਿਚ ਵੀ ਬੜੀ ਸੁਆਦੀ
ਮਨ ਨੂੰ ਨਾ ਉਕਤਾਵੇ।
ਸਾਂਭ-ਸਾਂਭ ਮੈਂ ਰੱਖਾਂ ਇਸ ਨੂੰ
ਰੀਝ ਨਾਲ ਹਾਂ ਪੜ੍ਹਦਾ।
ਮੇਰੇ ਉੱਤੇ ਇਹਦੇ ਗੁਣਾਂ ਦਾ
ਜਾਂਦਾ ਹੈ ਰੰਗ ਚੜ੍ਹਦਾ।



-ਸੁਖਦੇਵ ਸਿੰਘ ਸ਼ਾਂਤ, ਸ਼ਰਲਟ
ਫੋਨ ਨੰਬਰ : 001-317-406-0002

ਪੰਜਾਬ ਮੇਲ USA

## ਬਬਲੂ-ਰੁਪਿੰਦਰ

ਸੁੱਖਣ ਵਾਲੇ ਵਿਚ ਕੀ ਕੁੱਝ ਹੋਇਆ ਕੁਲ ਦੁਨੀਆਂ ਤਾਂ ਜਾਣੇ
ਬਾਕੀ ਨਾ ਰੁਪਿੰਦਰ ਉਹਦਾ ਵੀ ਜਿਹੜੀ ਮੌਜ ਤੇ ਮਸਤੀ ਮਾਣੇ
ਹੁਣ ਜੇਲ੍ਹ ’ਚ ਬੈਠੀ ਉਹ ਵੀ ਸੁੱਕੀਆਂ ਖਾ ਕੇ ਕਰੇ ਗੁਜ਼ਾਰਾ
ਕਿਹੜੇ ਚੰਦਰੇ ਵਕਤ ਵਿਆਹੀ ਤੂੰ ਵੀ ਕਰ ਦਿੱਤਾ ਕਾਰਾ

ਇੱਕ ਹੋਰ ਰੁਪਿੰਦਰ ਪਿੰਡ ਗਿੱਲਾਂ ਦੀ ਜੀਹਦੀ ਘਰ ਘਰ ਚੱਲੀ ਕਹਾਣੀ
ਉਹਨੇ ਰੋਲੀ ਇੱਜ਼ਤ ਮਾਪਿਆਂ ਦੀ ਪੂਰੀ ਬਣ ਗਈ ਬੰਦੇ ਖਾਣੀ
ਮਰਵਾ ਦਿੱਤਾ ਸਰਪੰਚ ਪੱਤੋ ਦਾ ਤਾਂ ਹੀ ਜੱਗ ਜਾਣਦਾ ਸਾਰਾ
ਕਿਹੜੇ ਚੰਦਰੇ ਵਕਤ ਵਿਆਹੀ ਤੂੰ ਵੀ ਕਰ .... ....

ਉਹਨੇ ਕੀ-ਕੀ ਕਰੇ ਚਰਿਤਰ ਮਿਲਦੀ ਸੀ ਪੱਕੀ ਪਕਾਈ ਰੋਟੀ
ਇੱਕ ਬਬਲੂ ਪੁੱਤ ਬਰਾੜਾਂ ਦਾ ਜੀਹਦੀ ਕਿਸਮਤ ਸੀ ਫਿਰ ਖੋਟੀ
ਕਾਹਦੀ ਲਵ ਮੈਰਿਜ ਕਰਵਾਈ ਉਹਨੇ ਰੋਗ ਲਾ ਲਿਆ ਭਾਰਾ
ਕਿਹੜੇ ਚੰਦਰੇ ਵਕਤ ਵਿਆਹੀ ਤੂੰ ਵੀ ਕਰ .... ....

ਪਿੰਡ ਜੈਮਲਵਾਲਾ ਰੋਂਦਾ ਤੇ ਸਾਰਾ ਫਿੱਟ ਲਾਹਨਤਾਂ ਪਾਉਂਦਾ
ਕਿਵੇਂ ਕੰਮ ਧੰਦੇ ਤੇਰੇ ਲੱਛਣ ਮਾੜੇ ਸਾਰਾ ਪਿੰਡ ਪਛਤਾਉਂਦਾ
ਤੈਨੂੰ ਕੀ ਕੁੱਝ ਲੈ ਕੇ ਸਹੁਰਿਆਂ ਦਿੱਤਾ, ਨਾ ਕੋਈ ਲਾਇਆ ਲਾਰਾ
ਕਿਹੜੇ ਚੰਦਰੇ ਵਕਤ ਵਿਆਹੀ ਤੂੰ ਵੀ ਕਰ .... ....

ਕਿਵੇਂ ਧੀਆਂ ਜੰਮਣ ਤੋਂ ਡਰਦੇ ਲੋਕੀਂ ਤੇਰੀ ਵਰਗੀ ਨਾ ਜੰਮੇ ਕਲਹਿਣੀ
ਰੋਲ ਦਿੱਤੀ ਪੱਗ ਮਾਪਿਆਂ ਦੀ ਨਾ ਸਹੁਰਿਆਂ ਦੀ ਇੱਜ਼ਤ ਰਹਿਣੀ
ਤਾਂ ਹੀ ‘ਦੇਵ ਘੋਲੀਆ’ ਦੇਵੇ ਦੁਹਾਈਆਂ ਤੇਰਾ ਔਖਾ ਹੋਊ ਛੁਟਕਾਰਾ
ਕਿਹੜੇ ਚੰਦਰੇ ਵਕਤ ਵਿਆਹੀ ਤੂੰ ਵੀ ਕਰ ਦਿੱਤਾ ਕਾਰਾ



ਗੀਤਕਾਰ, ਦੇਵ ਘੋਲੀਆ ਖੁਰਦ
559-232-7764

ਪੰਜਾਬ ਮੇਲ USA

## ਅਰਦਾਸ

ਮਿਹਨਤ ਮੇਰੀ ਰਹਿਮਤ ਤੇਰੀ
ਦਾਤਾ ਕਾਰਜ ਰਾਸ ਕਰੀਂ

ਸਭ ਦਰ ਛੱਡ ਦਰ ਆਇਆ ਤੇਰੇ
ਪੂਰੀ ਮਨ ਦੀ ਆਸ ਕਰੀਂ

ਨਿੱਤਨੇਮ ਦੀਆਂ ਬਖ਼ਸ਼ੀਂ ਦਾਤਾਂ
ਹਿਰਦੇ ਦੇ ਵਿੱਚ ਵਾਸ ਕਰੀਂ

ਵਾਹਿਗੁਰੂ ਵਾਹਿਗੁਰੂ ਰਸਨਾ ਬੋਲੇ
ਸਫ਼ਲ ਮੇਰਾ ਹਰ ਸਾਸ ਕਰੀਂ

ਜ਼ਿੰਦਗੀ ਵਿਚ ਜੇ ਫੇਲ ਮੈਂ ਹੋਵਾਂ
ਕਿਰਪਾ ਕਰਕੇ ਪਾਸ ਕਰੀਂ

ਦੁੱਖ ਭੰਜਨ ਸਭ ਕਹਿੰਦੇ ਤੈਨੂੰ
ਸਭ ਦੁੱਖਾਂ ਦਾ ਨਾਸ਼ ਕਰੀਂ

ਅਵਗੁਣ ਭਰੇ ਏਕ ਗੁਣ ਨਾਹੀ
ਭੁੱਲ ਚੁੱਕ ਮੇਰੀ ਮੁਆਫ਼ ਕਰੀਂ

ਤੰਦਰੁਸਤੀ ਤੇ ਸੇਵਾ ਸਿਮਰਨ
ਆਮ ਤੋਂ ਮੈਨੂੰ ਖ਼ਾਸ ਕਰੀਂ

ਲੋਕ ਅਤੇ ਪ੍ਰਲੋਕ ਦੇ ਅੰਦਰ
ਚਰਨਾਂ ਵਿਚ ਨਿਵਾਸ ਕਰੀਂ

ਗਿੱਲ ਮਲਕੀਤ ਕਰੇ ਅਰਜ਼ੋਈਆਂ
ਪੂਰੀ ਹਰ ਅਰਦਾਸ ਕਰੀਂ



-ਮਲਕੀਤ ਸਿੰਘ ਗਿੱਲ ਭੱਠਲਾਂ
ਸੰਪਰਕ : 94174-90943

ਪੰਜਾਬ ਮੇਲ USA

## ਅੰਬਰ

ਜੀ ਕਰਦਾ ਅੰਬਰ ਨਾਲ ਸਾਂਝ ਪਾਵਾਂ।
ਇਸ ਧਰਤ ’ਤੇ ਹੁੰਦੇ ਕਾਂਢ ਗਿਣਾਵਾਂ।

ਚਿੱਟਾ ਲਹੂ ਇਥੇ ਹੁੰਦਾ ਜਾਂਦਾ।
ਪੈ ਗਏ ਪਾੜ ਹੁਣ ਵਿਚ ਭਰਾਵਾਂ।

ਚੌਧਰ ਵਿਚ ਗਏ ਵੰਡੇ ਸਾਰੇ।
ਦਸ ਕਿਸ ਨਾਲ ਮੈਂ ਦੁੱਖ ਵੰਡਾਵਾਂ।

ਰਾਜਨੀਤੀ ਹੈ ਹਰ ਪਾਸੇ ਭਾਰੂ।
ਦੱਸ ਮੈਂ ਕਿਹੜੇ ਪਾਸੇ ਜਾਵਾਂ।

ਖਿਲਰ ਪਏ ਨੇ ਟੱਬਰ ਬਹੁਤੇ।
ਨਰਮਾ ਨਹੀਂ ਕਿਸੇ ਕੋਲੋਂ ਚੁਗਾਵਾਂ।

ਕਰ ਕ੍ਰਿਪਾ ਜੇ ਹੋ ਸਕਦੀ ਹੈ।
ਦਿਨ-ਰਾਤ ਮੈਂ ਤੇਰਾ ਨਾਮ ਜਪਾਵਾਂ।

ਦੇਖ ਕੇ ਉਤੋਂ ਕਿਉਂ ਦੜ ਵਟਦਾ ਏਂ।
ਗਲਵਕੜੀ ਵਿਚ ਪੈ ਜਾਣ ਭਰਾਵਾਂ।

ਓ ਅੰਬਰਾ ਕਰ ਧਿਆਨ ਇਧਰ।
‘ਗੁਰਜਤਿੰਦਰ’ ਚਾਹੇ ਤੈਨੂੰ ਦੁੱਖ ਸੁਣਾਵਾਂ।

ਜੀ ਕਰਦਾ ਅੰਬਰ ਨਾਲ ਸਾਂਝ ਪਾਵਾਂ।
ਇਸ ਧਰਤ ’ਤੇ ਹੁੰਦੇ ਕਾਂਢ ਸੁਣਾਵਾਂ।



-ਗੁਰਜਤਿੰਦਰ ਸਿੰਘ ਰੰਧਾਵਾ, ਸੈਕਰਾਮੈਂਟੋ
916-320-9444
(Punjab Mail USA)

# PUNJAB MAIL USA

TV Channel, Newspaper, Radio

24 Hours 7 Days




## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**



## FOR SALE & PURCHASE OF ANY KIND OF PROPERTY



RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**